ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 53 | 08 January 2020 to 14 January 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਨਿਰਭਿਆ ਕੇਸ: ਦੋਸ਼ੀਆਂ ਦੇ ਮੌਤ ਦੇ ਵਾਰੰਟ ਜਾਰੀ

### 22 ਜਨਵਰੀ ਨੂੰ ਫਾਂਸੀ ਹੋਵੇਗੀ



**ਨਵੀਂ ਦਿੱਲੀ/ ਏ.ਟੀ. ਨਿਊਜ਼:** ਨਿਰਭਿਆ ਬਲਾਤਕਾਰ ਮਾਮਲੇ ਦੇ ਚਾਰ ਦੋਸ਼ੀਆਂ ਖਿਲਾਫ ਦਿੱਲੀ ਅਦਾਲਤ ਨੇ ਫਾਂਸੀ ਦੇ ਵਰੰਟ ਜਾਰੀ ਕਰ ਦਿੱਤੇ ਹਨ। ਇਹਨਾਂ ਨੂੰ 22 ਜਨਵਰੀ ਸਵੇਰੇ 7 ਵਜੇ ਤਿਹਾੜ ਜੇਲ ਵਿੱਚ ਫਾਂਸੀ ਦਿੱਤੀ ਜਾਵੇਗੀ। ਵਧੀਕ ਸੈਸ਼ਨ ਜੱਜ ਸਤੀਸ਼ ਕੁਮਾਰ ਅਰੋੜਾ ਨੇ ਵਰੰਟ ਜਾਰੀ ਕਰਦਿਆਂ ਕਿਹਾ ਕਿ ਦੋਸ਼ੀਆਂ ਕੋਲ ਹੋਰ ਕਾਨੂੰਨੀ ਚਾਰਾਜ਼ੋਈ ਲਈ 14 ਦਿਨਾਂ ਦਾ ਸਮਾਂ ਹੈ।

ਫਾਂਸੀ ਦੇ ਵਰੰਟ ਜਾਰੀ ਹੋਣ 'ਤੇ ਪੀੜਤ ਨਿਰਭਿਆ ਦੀ ਮਾਂ ਨੇ ਕਿਹਾ ਕਿ ਉਨਾਂ ਦੀ ਕੁੜੀ ਨੂੰ ਹੁਣ ਇਨਸਾਫ ਮਿਲਿਆ ਹੈ।

ਜ਼ਿਕਰਯੋਗ ਹੈ ਕਿ ਇਹਨਾਂ ਦੋਸ਼ੀਆਂ ਵੱਲੋਂ ਸੁਪਰੀਮ ਕੋਰਟ ਵਿੱਚ ਫਾਂਸੀ ਦੇ ਫੈਂਸਲੇ ਖਿਲਾਫ ਪਾਈ ਗਈ ਅਪੀਲ ਰੱਦ ਕਰ ਦਿੱਤੀ ਗਈ ਸੀ। ਇਹਨਾਂ ਕੋਲ ਹੁਣ ਸੁਪਰੀਮ ਕੋਰਟ ਵਿੱਚ ਇਸ ਫੈਂਸਲੇ ਖਿਲਾਫ ਕਿਊਰੇਟਿਵ ਪਟੀਸ਼ਨ ਪਾਉਣ ਦਾ ਰਾਹ ਬਚਿਆ ਹੈ। ਇਹਨਾਂ ਦੇ ਵਕੀਲਾਂ ਵੱਲੋਂ ਇਹ ਅਪੀਲ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਨਨਕਾਣਾ ਸਾਹਿਬ ਘਟਨਾ: ਪ੍ਰਤੀਕਰਮ ਤੇ ਪੜਚੋਲ

**-ਸੁਖਵਿੰਦਰ ਸਿੰਘ**

ਬੀਤੇ ਸ਼ੁਕਰਵਾਰ ਸ਼ਾਮ ਨੂੰ ਨਨਕਾਣਾ ਸਾਹਿਬ ਸਥਿਤ ਗੁਰਦੁਆਰਾ ਜਨਮ ਅਸਥਾਨ ਸਾਹਿਬ ਦੇ ਬਾਹਰ ਇਮਰਾਨ ਚਿਸ਼ਤੀ ਨਾਮੀਂ ਇੱਕ ਸਿਰਫਿਰੇ ਵਿਅਕਤੀ ਨੇ ਆਪਣੇ ਪਰਿਵਾਰ ਦੇ ਜੀਆਂ ਨੂੰ ਨਾਲ ਲੈ ਕੇ ਫਸਾਦ ਮਚਾਇਆ ਤੇ ਸਿੱਖ ਭਾਈਚਾਰੇ ਖਿਲਾਫ ਭੱਦੀ ਸ਼ਬਦਾਵਲੀ ਵਰਤੀ। ਮੋਬਾਈਲ ਕੈਮਰਿਆਂ 'ਚ ਰਿਕਾਰਡ ਹੋਈ ਇਹ ਘਟਨਾ ਮਿੰਟਾਂ 'ਚ ਜੰਗਲ ਦੀ ਅੱਗ ਵਾਂਗ ਸਾਰੀ ਦੁਨੀਆ ਤੱਕ ਪਹੁੰਚ ਗਈ। ਸਿੱਖਾਂ ਨੂੰ ਖਤਮ ਕਰਨ ਦੀਆਂ ਧਮਕੀਆਂ ਦੇ ਰਹੀ ਇਸ ਭੀੜ 'ਤੇ ਸਿੱਖਾਂ ਦਾ ਰੋਹ ਜਾਗਣਾ ਸੁਭਾਵਿਕ ਸੀ। ਪਾਕਿਸਤਾਨ ਸਰਕਾਰ ਨੇ ਸਿੱਖਾਂ ਭਾਵਨਾਵਾਂ ਨੂੰ ਸੱਟ ਮਾਰਨ ਦੇ ਦੋਸ਼ ਹੇਠ ਅਤੇ ਮਾਹੌਲ ਵਿਗਾੜਨ ਦੇ ਦੋਸ਼ ਹੇਠ ਉਕਤ ਦੋਸ਼ੀ ਇਮਰਾਨ ਚਿਸ਼ਤੀ ਨੂੰ ਗ੍ਰਿਫਤਾਰ ਕਰਕੇ ਕੈਦਖਾਨੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਹੈ। ਉਸ ਖਿਲਾਫ ਪਾਕਿਸਤਾਨ ਪੈਨਲ ਕੋਡ ਦੀਆਂ ਧਾਰਾਵਾਂ 295ਏ (ਧਾਰਮਿਕ ਭਾਵਨਾਵਾਂ ਨੂੰ ਭੜਕਾਉਣ), 290, 291, 341, 506, 148, 149 ਅਤੇ ਅੱਤਵਾਦ ਵਿਰੋਧੀ ਕਾਨੂੰਨ ਦੀ ਧਾਰਾ 7 ਅਧੀਨ ਮਾਮਲਾ ਦਰਜ ਕਰ ਦਿੱਤਾ ਗਿਆ ਹੈ। ਦੱਸ ਦਈਏ ਕਿ ਅੱਤਵਾਦ ਵਿਰੋਧੀ ਕਾਨੂੰਨ ਦੀ ਧਾਰਾ ਲੱਗਣ ਨਾਲ ਹੁਣ ਦੋਸ਼ੀ ਇਮਰਾਨ ਚਿਸ਼ਤੀ ਨੂੰ ਜ਼ਮਾਨਤ ਵੀ ਨਹੀਂ ਮਿਲ ਸਕਦੀ।

ਆਮ ਤੌਰ 'ਤੇ ਸਿੱਖਾਂ ਨਾਲ ਜੁੜੀਆਂ ਵੱਡੀਆਂ ਘਟਨਾਵਾਂ ਅਤੇ ਭਾਰਤ ਵਿੱਚ ਸਿੱਖਾਂ ਨੂੰ ਜ਼ਲੀਲ ਕਰਨ ਦਿਨ ਨਿੱਤ ਵਾਪਰਦੀਆਂ ਘਟਨਾਵਾਂ ਬਾਰੇ ਅੱਖਾਂ ਬੰਦ ਕਰਕੇ ਰੱਖਦਾ ਭਾਰਤੀ ਮੀਡੀਆ ਵੀ ਇਸ ਘਟਨਾ ਨੂੰ ਪ੍ਰਮੁੱਖਤਾ ਨਾਲ ਚਲਾਉਣ ਲੱਗਿਆ। ਭਾਰਤੀ ਮੀਡੀਆ ਦਾ ਰਵੱਈਆ ਕੁੱਝ ਅਜਿਹਾ ਸੀ ਜਿਵੇਂ ਦੋ ਭਰਾਵਾਂ ਦੀ ਲੜਾਈ ਦਾ ਸ਼ਰੀਕਾਂ ਨੂੰ



ਚਾਅ ਚੜ ਜਾਵੇ ਤੇ ਉਹ ਬਲਦੀ 'ਚ ਤੇਲ ਪਾਉਣ ਦਾ ਹਰ ਜ਼ਰੂਰੀ ਪ੍ਰਬੰਧ ਕਰਦੇ ਫਿਰਨ। ਕੁੱਝ ਪਲਾਂ ਲਈ ਸਿੱਖਾਂ ਦੇ ਫਿਕਰਮੰਦ ਬਣੇ ਇਹਨਾਂ ਚੈਨਲਾਂ 'ਤੇ ਭਾਰਤੀ ਮੁੱਖਧਾਰਾ 'ਚ ਸਿੱਖਾਂ ਦੇ ਅਲੰਬਰਦਾਰ ਬਣੇ ਬਾਦਲ ਦਲ ਨਾਲ ਸਬੰਧਿਤ ਆਗੂਆਂ ਦੇ ਬਿਆਨ ਚੱਲਣੇ ਸ਼ੁਰੂ ਹੋਏ। ਇਹਨਾਂ ਬਿਆਨਾਂ ਦਾ ਸਾਰਾ ਨਿਸ਼ਾਨਾ ਪਾਕਿਸਤਾਨ ਸਰਕਾਰ ਨੂੰ ਬਣਾਇਆ ਜਾ ਰਿਹਾ ਸੀ। ਹਲਾਂਕਿ ਹਰ ਨਿਆਣੇ-ਸਿਆਣੇ ਨੂੰ ਦਿਖ ਰਿਹਾ ਸੀ ਕਿ ਸਥਾਨਕ ਪ੍ਰਸ਼ਾਸਨ ਸਿੱਖਾਂ ਦੇ ਨਾਲ ਖੜਾ ਸੀ ਤੇ ਇਸ ਘਟਨਾ ਦਾ ਦੋਸ਼ੀ ਇੱਕ ਸਿਰਫਿਰਿਆ ਸਖਸ਼ ਸੀ। ਸਾਫ ਪ੍ਰਤੀਤ ਹੋ ਰਿਹਾ ਸੀ ਕਿ ਇਹ ਆਗੂ ਸਿੱਖਾਂ ਦੇ ਨੁਮਾਂਇੰਦੇ ਨਹੀਂ ਬਲਕਿ ਭਾਰਤ-ਪਾਕਿ ਕੂਟਨੀਤੀ ਵਿੱਚ ਭਾਰਤ ਦੇ ਬੁਲਾਰੇ ਹਨ।

ਜਦੋਂ ਇੱਕ ਪਾਸੇ ਭਾਰਤ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਫਿਰਕੂ ਹੋਣ ਅਤੇ ਮੁਸਲਿਮ ਗੱਟਗਿਣਤੀ ਵਿਰੁੱਧ ਹੋਣ ਬਾਰੇ ਪ੍ਰਦਰਸ਼ਨ ਚੱਲ ਰਹੇ ਹਨ ਤਾਂ ਪਾਕਿਸਤਾਨ ਵਿੱਚ ਵਾਪਰੀ ਇਸ ਘਟਨਾ ਨੂੰ ਭਾਜਪਾ ਸਰਕਾਰ ਨੇ ਆਪਣੇ ਕਾਨੂੰਨ ਲਈ ਢਾਲ ਵਜੋਂ ਵਰਤਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਬੜਾ ਅਹਿਮ ਹੈ। ਉਹਨਾਂ ਕਿਹਾ ਕਿ ਕਿ ਸਿੱਖ ਭਾਰਤ ਅਤੇ ਪਾਕਿਸਤਾਨ, ਦੋਵੇਂ ਥਾਵਾਂ 'ਤੇ ਹੀ ਸੁਰੱਖਿਅਤ ਨਹੀਂ ਹਨ। ਉਹਨਾਂ ਭਾਰਤ ਦੇ ਮੱਧ ਪ੍ਰਦੇਸ਼ ਵਿੱਚ ਸਿੱਖਾਂ ਪ੍ਰਤੀ ਨਫਰਤ ਭਰੇ ਨਾਅਰਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਵਿੱਚ ਵੀ ਸਿੱਖਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ ਅਤੇ ਪਪਾਕਿਸਤਾਨ ਵਿੱਚ ਵੀ। ਉਹਨਾਂ ਕਿਹਾ ਕਿ ਸਿੱਖਾਂ ਨੂੰ ਇਨਸਾਫ ਲੈਣ ਲਈ ਖੁਦ ਇਕਜੁੱਟ ਹੋਣਾ ਪਵੇਗਾ।

ਉਂਝ ਸਿੱਖਾਂ ਦੇ ਮਸਲਿਆਂ ਬਾਰੇ ਚੁੱਪੀ ਵਟਣ ਵਾਲੀ ਭਾਰਤ ਸਰਕਾਰ ਦੇ ਵਿਦੇਸ਼ ਮਹਿਕਮੇ ਵੱਲੋਂ ਵੀ ਘਟਨਾ ਦੇ ਮਿੰਟਾਂ ਵਿੱਚ ਬਿਆਨ ਜਾਰੀ ਕਰਕੇ ਇਸ ਘਟਨਾ ਦੀ ਨਿਖੇਧੀ ਕੀਤੀ ਗਈ ਤੇ ਧਾਰਮਿਕ ਸਥਾਨਾਂ ਦੀ ਭੰਨਤੋੜ ਅਤੇ ਬੇਅਦਬੀ ਨੂੰ ਰੋਕਦਿਆਂ ਸਿੱਖ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ

# ਸੁਲੇਮਾਨੀ ਨੂੰ ਸਪੁਰਦ-ਏ-ਖਾਕ ਕਰਨ ਮੌਕੇ ਆਇਆ ਲੋਕਾਂ ਦਾ ਹੜ੍ਹ

### ਅਮਰੀਕਾ-ਈਰਾਨ ਟਕਰਾਅ

ਅਮਰੀਕਾ ਵਲੋਂ ਹਵਾਈ ਹਮਲਾ ਕਰਕੇ ਮਾਰੇ ਗਏ ਇਰਾਨ ਦੇ ਉੱਚ ਫੌਜੀ ਕਮਾਂਡਰ ਕਾਸਿਮ ਸੁਲੇਮਾਨੀ ਦੀ ਮ੍ਰਿਤਕ ਦੇਹ ਮੰਗਲਵਾਰ ਨੂੰ ਉਹਨਾਂ ਦੇ ਜੱਦੀ ਸ਼ਹਿਰ ਕਰਮਨ ਵਿਖੇ ਲਿਆਂਦੀ ਗਈ। ਇੱਥੇ ਉਹਨਾਂ ਦੀ ਦੇਹ ਨੂੰ ਸਪੁਰਦ-ਏ-ਖਾਕ ਕੀਤਾ ਗਿਆ। ਇਸ ਮੌਕੇ ਆਪਣੇ ਜਰਨੈਲ ਨੂੰ ਆਖਰੀ ਸ਼ਰਧਾਂਜਲੀ ਦੇਣ ਲਈ ਹਜ਼ਾਰਾਂ ਦੀ ਗਿਣਤੀ 'ਚ ਇਰਾਨੀ ਲੋਕਾਂ ਦਾ ਇਕੱਠ ਕਰਮਨ ਦੀ ਸੜਕਾਂ 'ਤੇ ਆਇਆ ਹੋਇਆ ਸੀ। ਲੋਕਾਂ ਨੇ ਆਪਣੇ ਹੱਥਾਂ 'ਚ ਇਰਾਨ ਦੇ ਝੰਡੇ ਅਤੇ ਸੁਲੇਮਾਨੀ ਦੀਆਂ ਤਸਵੀਰਾਂ ਫੜੀਆਂ ਹੋਈਆਂ ਹਨ। ਇਸ ਮੌਕੇ ਇਕੱਠ ਐਨਾ ਜ਼ਿਆਦਾ ਸੀ ਕਿ ਭੀੜ ਵਿੱਚ ਫਸਣ ਕਾਰਨ 56 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ ਤੇ ਸੈਂਕੜੇ ਜ਼ਖਮੀ ਹੋਏ ਹਨ।

ਜ਼ਿਕਰਯੋਗ ਹੈ ਕਿ ਸੋਲਾਮਨੀ ਦੀ ਮੌਤ ਦੇ ਸ਼ੋਕ ਵਜੋਂ ਇਰਾਨ ਵੱਲੋਂ ਤਿੰਨ ਦਿਨਾਂ ਦੇ ਰਾਸ਼ਟਰੀ ਸ਼ੋਕ ਦਾ ਐਲਾਨ ਕੀਤਾ ਗਿਆ ਸੀ। ਅੱਜ ਇਸ ਸ਼ੋਕ ਦੇ ਆਖਰੀ ਦਿਨ ਉਹਨਾਂ ਦੀ ਮ੍ਰਿਤਕ ਦੇਹ ਨੂੰ ਉਹਨਾਂ ਦੇ ਜੱਦੀ ਸ਼ਹਿਰ ਲਿਜਾਇਆ ਗਿਆ। ਇਸ ਤੋਂ ਪਹਿਲਾਂ ਇਰਾਨ ਦੀ ਰਾਜਧਾਨੀ ਤਹਿਰਾਨ ਅਤੇ ਸ਼ਹਿਰ ਕੋਮ ਦੀਆਂ ਸੜਕਾਂ 'ਤੇ ਲੱਖਾਂ ਦੇ ਇਕੱਠ ਹੋਏ।

**ਸਟੇਜ 'ਤੇ ਰੋ ਪਿਆ ਇਰਾਨ ਦਾ ਪ੍ਰਮੁੱਖ ਆਗੂ**

ਸੁਲੇਮਾਨੀ ਦੀ ਯਾਦ ਵਿੱਚ ਤਹਿਰਾਨ 'ਚ ਹੋਏ ਇਕੱਠ ਦੌਰਾਨ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਇਰਾਨ ਦੇ ਮੁੱਖ ਆਗੂ ਆਇਤੁੱਲਾਹ ਅਲੀ ਖਮੇਨੀ ਦੀਆਂ ਅੱਖਾਂ ਵਿੱਚੋਂ ਵੀ ਹੰਝੂ ਵਗ ਤੁਰੇ। ਖਮੇਨੀ ਨੇ ਸੁਲੇਮਾਨੀ ਦੇ ਕਤਲ ਦਾ ਅਮਰੀਕਾ ਕੋਲੋਂ ਬਦਲਾ ਲੈਣ ਦੀ ਜਨਤਕ ਸੋਂਹ ਖਾਧੀ। ਹੁਣ ਸ਼ੋਕ ਦਾ ਸਮਾਂ ਖਤਮ ਹੋਣ ਉਪਰੰਤ ਇਰਾਨ ਕੀ ਕਦਮ ਚੁੱਕਦਾ ਹੈ, ਇਸ 'ਤੇ ਪੂਰੀ ਦੁਨੀਆ ਦੀ ਨਿਗਾ ਹੈ।

**ਸੁਲੇਮਾਨੀ ਦੀ ਥਾਂ ਬਣੇ ਨਵੇਂ ਮੁਖੀ ਨੇ ਅਮਰੀਕੀ ਥਾਵਾਂ ਨੂੰ ਅੱਗ ਲਾਉਣ ਦੀ ਗੱਲ ਕੀਤੀ**

ਸੁਲੇਮਾਨੀ ਦੀ ਮੌਤ ਮਗਰੋਂ ਉਹਨਾਂ ਦੇ ਅਹੁਦੇ 'ਤੇ ਨਿਯੁਕਤ ਹੋਏ ਹੁਸੈਨ ਸਲਮੀ ਨੇ ਅੱਜ ਕਰਮਨ ਵਿਖੇ ਹਜ਼ਾਰਾਂ ਦੇ ਇਕੱਠ ਸਾਹਮਣੇ ਸੋਂਹ ਖਾਧੀ ਕਿ ਅਮਰੀਕਾ ਦੇ ਸਮਰਥਨ ਵਾਲੀਆਂ ਸਾਰੀਆਂ ਥਾਵਾਂ ਨੂੰ ਅੱਗ ਨਾਲ ਸਾੜ ਦਿੱਤਾ ਜਾਵੇਗਾ। ਦੱਸ ਦਈਏ ਕਿ ਇਰਾਨ ਵਿੱਚ ਅਮਰੀਕਾ ਤੋਂ ਬਦਲਾ ਲੈਣ ਦੀ ਵੱਡੀ ਮੰਗ ਉੱਠ ਰਹੀ ਹੈ। ਸਲਮੀ ਨੇ ਕਿਹਾ ਕਿ ਸੁਲੇਮਾਨੀ ਸ਼ਹੀਦ ਹੋ ਕੇ ਵੀ ਇਰਾਨ ਦੇ ਦੁਸ਼ਮਣਾਂ ਲਈ ਸਭ ਤੋਂ ਵੱਡਾ ਖਤਰਾ ਹੈ।

ਇਸ ਮੌਕੇ ਭੀੜ ਵੱਲੋਂ "ਇਸਰਾਈਲ ਦੀ ਮੌਤ" ਦੇ ਨਾਅਰੇ ਲਾਏ ਗਏ। ਦੱਸ ਦਈਏ ਕਿ ਅਮਰੀਕਾ ਅਤੇ ਇਸਰਾਈਲ ਆਪਸ 'ਚ ਸਹਿਯੋਗੀ ਹਨ ਅਤੇ ਇਸਰਾਈਲ ਤੇ ਇਰਾਨ ਲਗਾਤਾਰ ਲੜਾਈ ਦੇ ਦੌਰ 'ਚ ਹਨ।

**ਅਮਰੀਕਾ ਨੂੰ ਇੱਥੋਂ ਕੱਢਣ ਨਾਲ ਹੀ ਜੰਗ ਅਤੇ ਮੌਤ ਖਤਮ ਹੋਵੇਗੀ: ਇਰਾਨੀ ਵਿਦੇਸ਼ ਮੰਤਰੀ**

ਇਰਾਨ ਦੇ ਵਿਦੇਸ਼ ਮੰਤਰੀ ਮੋਹੰਮਦ ਜਾਵੇਦ ਜ਼ਾਰੀਫ ਨੇ ਤਹਿਰਾਨ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਮੱਧ-ਪੂਰਵ ਦੇ ਖੇਤਰ 'ਚ ਅੱਤਵਾਦ ਖਿਲਾਫ ਲੜ ਰਹੇ ਸਭ ਤੋਂ ਵੱਡੇ ਜਰਨੈਲ ਨੂੰ ਮਰਵਾ ਕੇ ਅਮਰੀਕੀ ਰਾਸ਼ਟਰਪਤੀ ਨੇ ਵੱਡੀ ਬੇਵਕੂਫੀ ਕੀਤੀ ਹੈ।

ਉਹਨਾਂ ਕਿਹਾ ਕਿ ਅਮਰੀਕੀ ਦਖਲਅੰਦਾਜ਼ੀ ਕਰਕੇ ਹੀ ਉਹਨਾਂ ਦਾ ਸਾਰਾ ਖੇਤਰ ਕਦੇ ਨਾ ਖਤਮ ਹੋਣ ਵਾਲੀ ਜੰਗ ਦਾ ਸ਼ਿਕਾਰ ਬਣ ਗਿਆ ਹੈ। ਉਹਨਾਂ ਕਿਹਾ ਕਿ ਅਮਰੀਕਾ ਨੂੰ ਪੱਛਮੀ ਏਸ਼ੀਆ ਵਿੱਚੋਂ ਬਾਹਰ ਕੱਢਣ ਨਾਲ ਹੀ ਇੱਥੇ ਜੰਗ ਖਤਮ ਹੋ ਸਕਦੀ ਹੈ।

ਬਾਕੀ ਸਫ਼ਾ 31 'ਤੇ

















ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
ਕੀਮਤਾਂ ਬਹੁਤ ਹੀ ਵਾਜਬ !
Free Buffet over 100 gallons
open 6am to midnight
Phone: 765-478-6300


SKYWAY TRAVEL
Serving Around the World Community since 1994
We specialize to Asia, Europe, Middle East, Africa, Australia & etc.
Special Fares to:
SFO To DEL, LAX To DEL
AMRITSAR & DELHI
ਚਾਰ ਜਾਂ ਚਾਰ ਤੋਂ ਵੱਧ ਟਿਕਟਾਂ
ਖਰੀਦਣ 'ਤੇ ਇਕ ਭਾਰ ਤੋਲਣ ਵਾਲੀ
ਮਸ਼ੀਨ ਮੁਫ਼ਤ ਦਿੱਤੀ ਜਾਵੇਗੀ
Book Online 24/7 : www.skywayticket.com
Call (818) 762-9236
#15549 Devonshire St.
Ste. 206 Mission Hills, CA 91345


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

Affordable and Reliable
**Legal Document Preparation**



- Wills & Trusts ਵਸੀਅਤਾਂ
- Immigration ਇਮੀਗਰੇਸ਼ਨ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

**510-648-5554**
dolly@worryfreelegaldocs.com
www.worryfreelegaldocs.com
Not an Attorney
Dolly (Sarvinder Kaur)
35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

**Homeopathicvibes**
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਭਾਰਤ-ਪਾਕਿ ਚਿੰਤਕਾਂ ਵੱਲੋਂ ਕਰਤਾਰਪੁਰ ਸਾਹਿਬ ਵਿਖੇ ਵਿਚਾਰ-ਵਟਾਂਦਰਾ



**ਅੰਮ੍ਰਿਤਸਰ/ਏ.ਟੀ. ਨਿਊਜ਼:** ਭਾਰਤ-ਪਾਕਿ ਦੋਸਤੀ ਦੇ ਮੁੱਦਈ ਲੇਖਕਾਂ ਤੇ ਪੱਤਰਕਾਰਾਂ ਦੇ ਵਫਦ ਨੇ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕੀਤੇ ਅਤੇ ਪਾਕਿਸਤਾਨੀ ਚਿੰਤਕਾਂ ਨਾਲ ਵਿਚਾਰ-ਚਰਚਾ ਕੀਤੀ। ਇਸ ਦੌਰਾਨ ਗੁਰਦੁਆਰਾ ਕਰਤਾਰਪੁਰ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਅੱਜ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਵੀ ਮਨਾਇਆ ਗਿਆ। ਗੁਰਦੁਆਰੇ ਦੇ ਦਰਸ਼ਨਾਂ ਲਈ ਗਏ 35 ਮੈਂਬਰੀ ਵਫਦ ਵਿਚ ਹਿੰਦ-ਪਾਕਿ ਦੋਸਤੀ ਮੰਚ ਦੇ ਸਕੱਤਰ ਜਨਰਲ ਸਤਨਾਮ ਸਿੰਘ ਮਾਣਕ, ਫੋਕਲੋਰ ਰਿਸਰਚ ਅਕੈਡਮੀ ਦੇ ਰਮੇਸ਼ ਯਾਦਵ, ਡਾ. ਚਰਨਜੀਤ ਸਿੰਘ ਨਾਭਾ, ਪੰਜਾਬ ਜਾਗ੍ਰਿਤੀ ਮੰਚ ਦੇ ਦੀਪਕ ਬਾਲੀ, ਸ਼ਾਇਰ ਸੁਰਜੀਤ ਜੱਜ, ਲੇਖਕ ਡਾ. ਲਖਵਿੰਦਰ ਜੌਹਲ, ਡਾ. ਇੰਦਰਬੀਰ ਸਿੰਘ ਪਸਰੀਚਾ, ਅਮਰਜੀਤ ਸਿੰਘ ਆਦਿ ਸ਼ਾਮਲ ਸਨ। ਦੌਰੇ ਸਬੰਧੀ ਸ੍ਰੀ ਮਾਣਕ ਨੇ ਆਖਿਆ ਕਿ ਜੇ ਦੋਵੇਂ ਸਰਕਾਰਾਂ ਸਹਿਮਤ ਹੋਣ ਤਾਂ ਗੁਰਦੁਆਰਾ ਕਰਤਾਰਪੁਰ ਲਾਂਘਾ ਦੋਵਾਂ ਦੇਸ਼ਾਂ ਵਿਚਾਲੇ ਬੰਦ ਹੋਈ ਗੱਲਬਾਤ ਦੀ ਮੁੜ ਸ਼ੁਰੂਆਤ ਦਾ ਆਧਾਰ ਬਣ ਸਕਦਾ ਹੈ। ਇਹ ਇਤਿਹਾਸਕ ਤੇ ਧਾਰਮਿਕ ਅਸਥਾਨ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ, ਸੱਭਿਆਚਾਰਕ ਅਤੇ ਧਾਰਮ ਦਾ ਕੇਂਦਰ ਬਣ ਸਕਦਾ ਹੈ। ਭਾਰਤੀ ਵਫਦ ਦਾ ਸਵਾਗਤ ਪਾਕਿਸਤਾਨ ਦੇ ਸਾਫਮਾ ਦੇ ਅਹੁਦੇਦਾਰਾਂ ਅਤੇ ਲੇਖਕਾਂ ਬਾਬਰ ਜਲੰਧਰੀ, ਜਨਾਬ ਅੰਜੁਮ ਗਿੱਲ ਆਦਿ ਨੇ ਕੀਤਾ। ਇਸ ਮੌਕੇ ਸ਼ਾਇਰ ਸੁਰਜੀਤ ਪਾਤਰ ਦੀ ਕਾਵਿ ਰਚਨਾ ਦਾ ਗਾਇਨ ਵੀ ਕੀਤਾ ਗਿਆ। ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਸਾਬਕਾ ਮੰਤਰੀ ਰਮੇਸ਼ ਸਿੰਘ ਅਰੋੜਾ ਵੀ ਗੁਰਦੁਆਰਾ ਕਰਤਾਰਪੁਰ ਸਾਹਿਬ ਪੁੱਜੇ ਹੋਏ ਸਨ, ਜਿਨਾਂ ਨੇ ਵਫਦ ਨਾਲ ਮੁਲਾਕਾਤ ਕੀਤੀ। ਭਾਵੇਂ ਪਾਕਿਸਤਾਨ ਸਰਕਾਰ ਵੱਲੋਂ ਪਾਕਿਸਤਾਨੀ ਗੈਰ ਸਿੱਖਾਂ ਦੀ ਆਮਦ ’ਤੇ ਤਿੰਨ ਦਿਨ ਵਾਸਤੇ ਰੋਕ ਲਾਈ ਗਈ ਸੀ ਪਰ ਪੀਜੀਪੀਸੀ ਨੂੰ ਕੀਤੀ ਅਪੀਲ ਦੇ ਸਿੱਟੇ ਵਜੋਂ ਇਸਲਾਮਾਬਾਦ ਤੋਂ ਆਏ ਕੁਝ ਗੈਰ ਸਿੱਖਾਂ ਨੂੰ ਵੀ ਗੁਰਦੁਆਰੇ ਆਉਣ ਦੀ ਆਗਿਆ ਦਿੱਤੀ ਗਈ ਸੀ। ਭਾਰਤੀ ਵਫਦ ਦੇ ਮੈਂਬਰਾਂ ਨੇ ਆਖਿਆ ਕਿ ਗੈਰ ਸਿੱਖਾਂ ’ਤੇ ਗੁਰਦੁਆਰੇ ਆਉਣ ਤੋਂ ਰੋਕ ਨਹੀਂ ਲਾਉਣੀ ਚਾਹੀਦੀ ਅਤੇ ਲੰਗਰ ਛਕਣ ਤੋਂ ਵੀ ਮਨਾ ਨਹੀਂ ਕਰਨਾ ਚਾਹੀਦਾ। ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ।

**GLOBAL ALLIANZ**
**LAW FIRM LLP**
US IMMIGRATION MADE EASY

ਕਾਨੂੰਨੀ ਸੇਵਾਵਾਂ

- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜ਼ਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਟਰੰਪ ਵੱਲੋਂ 52 ਇਰਾਨੀ ਟਿਕਾਣਿਆਂ ’ਤੇ ਹਮਲਾ ਕਰਨ ਦੀ ਧਮਕੀ

## ਸੁਲੇਮਾਨੀ ਦੀ ਮੌਤ ਨਾਲ ਅਮਰੀਕਾ-ਇਰਾਨ ਦਰਮਿਆਨ

**ਵਾਸ਼ਿੰਗਟਨ/ਏ.ਟੀ. ਨਿਊਜ਼:** ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਇਰਾਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਤਹਿਰਾਨ ਨੇ ਆਪਣੇ ਸਿਖਰਲੇ ਫੌਜੀ ਕਮਾਂਡਰ ਕਾਸਿਮ ਸੁਲੇਮਾਨੀ ਦੀ ਮੌਤ ਦਾ ਬਦਲਾ ਲੈਣ ਲਈ ਅਮਰੀਕਾ ਖਲਿਾਫ ਕੋਈ ਕਾਰਵਾਈ ਕੀਤੀ ਤਾਂ ਉਹ ਇਰਾਨ ਵਿੱਚ 52 ਸੰਭਾਵੀ ਟਿਕਾਣਿਆਂ ਨੂੰ ਨਿਸਾਨਾ ਬਣਾਏਗਾ, ਜਿਨਾਂ ਦੀ ਨਿਸ਼ਾਨਦੇਹੀ ਕੀਤੀ ਜਾ ਚੁੱਕੀ ਹੈ। ਚੇਤੇ ਰਹੇ ਕਿ ਸ਼ੁੱਕਰਵਾਰ ਨੂੰ ਬਗਦਾਦ ਹਵਾਈ ਅੱਡੇ ਦੇ ਬਾਹਰ ਅਮਰੀਕੀ ਡਰੋਨ ਹਮਲੇ ’ਚ ਸੁਲੇਮਾਨੀ ਸਮੇਤ ਇਰਾਕ ਦੀ ਤਾਕਤਵਰ ਨੀਮ ਫੌਜੀ ਬਲ ਹਾਸ਼ਿਦ ਅਲ-ਸ਼ਾਬੀ ਦਾ ਉਪ ਮੁਖੀ ਵੀ ਮਾਰਿਆ ਗਿਆ ਸੀ। ਸੁਲੇਮਾਨੀ ਦੀ ਮੌਤ ਨਾਲ ਦੋਵਾਂ ਮੁਲਕਾਂ ’ਚ ਰਿਸ਼ਤਿਆਂ ’ਚ ਪਹਿਲਾਂ ਤੋਂ ਚੱਲ ਰਹੀ ਤਲਖੀ ਸਿਖਰ ’ਤੇ ਪੁੱਜ ਗਈ ਹੈ। ਅਮਰੀਕੀ ਸਦਰ ਨੇ ਸ਼ਨਿੱਚਰਵਾਰ ਰਾਤ ਨੂੰ ਕੀਤੇ ਇਕ ਟਵੀਟ ’ਚ ਚੇਤਾਵਨੀ ਦਿੱਤੀ ਕਿ ਜੇਕਰ ਇਸਲਾਮਿਕ ਗਣਰਾਜ (ਇਰਾਨ) ਨੇ ਅਮਰੀਕੀ ਅਮਲੇ ਜਾਂ ਅਸਾਸਿਆਂ ’ਤੇ ਹਮਲਾ ਕੀਤਾ ਤਾਂ ਇਰਾਨ ਤੇ ਇਰਾਨੀ ਸਭਿਆਚਾਰ ਦੇ ਅਹਿਮ 52 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਟਰੰਪ ਨੇ ਟਵੀਟ ਕੀਤਾ, ‘ਇਰਾਨ ਆਪਣੇ ਦਹਿਸ਼ਤੀ ਆਗੂ, ਜਿਸ ਨੇ ਅਜੇ ਪਿੱਛੇ ਜਿਹੇ ਸਾਡੇ ਇਕ ਅਮਰੀਕੀ ਨੂੰ ਮਾਰ ਮੁਕਾਇਆ ਸੀ ਤੇ ਕਈ ਹੋਰਾਂ ਨੂੰ ਬੁਰੀ ਤਰਾਂ ਜਖਮੀ ਕਰ ਦਿੱਤਾ ਸੀ, ਦੀ ਮੌਤ ਦਾ ਬਦਲਾ ਲੈਣ ਦੀਆਂ ਬੜੇ ਧੜੱਲੇ ਨਾਲ ਅਮਰੀਕੀ ਅਸਾਸਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਗੱਲਾਂ ਕਰ ਰਿਹੈ।’ ਟਰੰਪ ਨੇ ਕਿਹਾ ਕਿ ਇਸ ਨੂੰ ਚੇਤਾਵਨੀ ਸਮਝਿਆ ਜਾਵੇ ਕਿ ਜੇਕਰ ਇਰਾਨ ਨੇ ਅਮਰੀਕੀਆਂ ਜਾਂ ਅਮਰੀਕੀ ਅਸਾਸਿਆਂ ’ਤੇ ਹਮਲਾ ਕੀਤਾ ਤਾਂ ਉਹ ਨਿਸ਼ਾਨਦੇਹੀ ਵਾਲੇ ਇਰਾਨ ਦੇ 52 ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣਗੇ। ਕਾਬਿਲੇਗੌਰ ਹੈ ਕਿ 52 ਦਾ ਇਹ ਅੰਕੜਾ ਇਰਾਨ ਵੱਲੋਂ ਕਈ ਸਾਲ ਪਹਿਲਾਂ 52 ਅਮਰੀਕੀਆਂ ਨੂੰ ਅਗਵਾ ਕੀਤੇ ਜਾਣ ਦੀ ਨੁਮਾਇੰਦਗੀ ਕਰਦਾ ਹੈ।

ਅਮਰੀਕਾ ਤੇ ਇਰਾਨ ਵਿੱਚ ਵਧਦੀ ਤਲਖੀ ਦਰਮਿਆਨ ਅਫਗਾਨਿਸਤਾਨ ਮਗਰੋਂ ਪਾਕਿਸਤਾਨ ਨੇ ਅੱਜ ਕਿਹਾ ਕਿ ਉਹ ਕਿਸੇ ਨੂੰ ਵੀ ਆਪਣੀ ਧਰਤੀ ਕਿਸੇ ਦੂਜੇ ਖਲਿਾਫ ਵਰਤਣ ਦੀ ਇਜਾਜਤ ਨਹੀਂ ਦੇਵੇਗਾ। ਪਾਕਿ ਥਲ ਸੈਨਾ ਦੇ ਤਰਜਮਾਨ ਮੇਜਰ ਜਨਰਲ ਆਸਿਫ ਗਫੂਰ ਨੇ ਵਜੀਰੇ ਆਜਮ ਇਮਰਾਨ ਖਾਨ ਦੇ ਹਵਾਲੇ ਨਾਲ ਕਿਹਾ, ‘ਪਾਕਿਸਤਾਨ ਨਾ ਤਾਂ ਕਿਸੇ ਦੀ ਧਿਰ ਬਣੇਗਾ ਤੇ ਨਾ ਹੀ ਕਿਸੇ ਦਾ ਪੱਖ ਲਏਗਾ, ਬਲਕਿ ਸਿਰਫ ਤੇ ਸਿਰਫ ਅਮਨ ਦਾ ਭਾਈਵਾਲ ਬਣੇਗਾ।’

ਇਸ ਦੌਰਾਨ ਇਰਾਕ ਨੇ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਕੋਲ ਅਮਰੀਕੀ ਡਰੋਨ ਹਮਲੇ ਦੀ ਸ਼ਿਕਾਇਤ ਕੀਤੀ ਹੈ।

**ਇਰਾਕੀ ਸੰਸਦ ਵੱਲੋਂ ਅਮਰੀਕੀ ਫੌਜ ਨੂੰ ਮੁਲਕ ’ਚੋਂ ਕੱਢਣ ਦਾ ਸੱਦਾ**

ਬੈਰੂਤ: ਇਰਾਕ ਦੀ ਸੰਸਦ ਨੇ ਵੋਟਿੰਗ ਕਰਕੇ ਅਮਰੀਕੀ ਫੌਜ ਨੂੰ ਮੁਲਕ ’ਚੋਂ ਬਾਹਰ



ਕੱਢਣ ਦਾ ਸੱਦਾ ਦਿੱਤਾ ਹੈ। ਇਰਾਕ ’ਚ ਵਿਦੇਸ਼ੀ ਫੌਜਾਂ ਦੀ ਮੌਜੂਦਗੀ ਦਾ ਭੋਗ ਪਾਉਣ ਸਬੰਧੀ ਮਤਾ ਸੰਸਦ ’ਚ ਪੇਸ਼ ਕੀਤਾ ਗਿਆ ਜਿਸ ਦੀ ਕਾਨੂੰਨਘਾੜਿਆਂ ਨੇ ਵੋਟਾਂ ਪਾ ਕੇ ਹਮਾਇਤ ਕੀਤੀ। ਇਸ ਮਤੇ ਦਾ ਮੁੱਖ ਨਿਸ਼ਾਨਾ ਵਾਸ਼ਿੰਗਟਨ ਨਾਲ ਹੋਏ ਕਰਾਰ ਨੂੰ ਖਤਮ ਕਰਕੇ ਮੁਲਕ ਦੇ ਵੱਖ ਵੱਖ ਹਿੱਸਿਆਂ ’ਚ ਮੌਜੂਦ 5000 ਅਮਰੀਕੀ ਫੌਜੀਆਂ ਨੂੰ ਬਾਹਰ ਦਾ ਰਾਹ ਵਿਖਾਉਣਾ ਹੈ। ਇਰਾਕ ਨੇ ਇਸਲਾਮਿਕ ਜਥੇਬੰਦੀਆਂ ਖਲਿਾਫ ਲੜਾਈ ਵਿੱਚ ਮਦਦ ਲਈ ਚਾਰ ਸਾਲ ਪਹਿਲਾਂ ਅਮਰੀਕਾ ਨਾਲ ਇਕ ਕਰਾਰ ਕੀਤਾ ਸੀ। ਸੰਸਦ ਦੇ ਵੱਡੀ ਗਿਣਤੀ ਸੀਆ ਮੈਂਬਰਾਂ ਨੇ ਇਸ ਮਤੇ ਦੀ ਹਮਾਇਤ ਕੀਤੀ ਹੈ। ਇਸ ਦੌਰਾਨ ਇਰਾਕ ਦੇ ਵਿਦੇਸ਼ ਮੰਤਰਾਲੇ ਨੇ ਅੱਜ ਅਮਰੀਕੀ ਸਫੀਰ ਮੈਥਿਊ ਟਿਊਲਰ ਨੂੰ ਤਲਬ ਕਰਕੇ ਅਮਰੀਕਾ ਵੱਲੋਂ ਇਰਾਕ ’ਤੇ ਕੀਤੇ ਡਰੋਨ ਹਮਲੇ ਦੀ ਨਿਖੇਧੀ ਕੀਤੀ ਹੈ। ਇਰਾਕ ਨੇ ਅਮਰੀਕੀ ਹਮਲੇ ਨੂੰ ਇਰਾਕੀ ਪ੍ਰਭੂਸੱਤਾ ਦੀ ਗੰਭੀਰ ਉਲੰਘਣਾ ਦੱਸਿਆ ਹੈ। ਇਰਾਕ ਨੇ ਕਿਹਾ ਕਿ ਹਮਲਾ, ਕੌਮਾਂਤਰੀ ਭਾਈਵਾਲੀ ਵਾਲੇ ਮਿਸ਼ਨਾਂ ਵਿੱਚ ਬਣੀ ਸਹਿਮਤੀ ਦੀ ਖਲਿਾਫਤ ਹੈ।

**ਅਮਰੀਕਾ ’ਚ ਪੰਗਾ ਲੈਣ ਵਾਲਾ ‘ਜਿਗਰ’ ਨਹੀਂ: ਇਰਾਨ**

ਤਹਿਰਾਨ: ਇਰਾਨ ਦੇ ਥਲ ਸੈਨਾ ਮੁਖੀ ਨੇ ਅੱਜ ਕਿਹਾ ਕਿ ਵਾਸ਼ਿੰਗਟਨ ਵਿੱਚ ਇੰਨਾ ‘ਜੇਰਾ’ ਨਹੀਂ ਕਿ ਉਹ ਇਰਾਨ ਨਾਲ ਪੰਗਾ ਲੈ ਸਕੇ। ਸਰਕਾਰੀ ਖਬਰ ਏਜੰਸੀ ਇਰਨਾ ਨੇ ਮੇਜਰ ਜਨਰਲ ਅਬਦੁਲਰਹੀਮ ਮੋਸਾਵੀ ਦੇ ਹਵਾਲੇ ਨਾਲ ਕਿਹਾ, ‘ਮੈਨੂੰ ਨਹੀਂ ਲਗਦਾ ਕਿ ਉਨਾਂ (ਅਮਰੀਕਾ) ਵਿੱਚ ਇੰਨਾ ਜਿਗਰਾ ਹੈ ਕਿ ਉਹ ਸਾਡੇ ਨਾਲ ਪੰਗਾ ਲੈਣ।’ ਮੋਸਾਵੀ ਦਾ ਇਹ ਬਿਆਨ ਅਮਰੀਕੀ ਸਦਰ ਵੱਲੋਂ ਇਰਾਨ ਦੇ 52 ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਦਿੱਤੀ ਧਮਕੀ ਮਗਰੋਂ ਆਇਆ ਹੈ।

**ਇਰਾਨ ਦੇ ਵਿਦੇਸ਼ ਮੰਤਰੀ ਨੂੰ ਸੱਦਾ**

ਬ੍ਰਸਲਜ: ਯੂਰੋਪੀਨ ਯੂਨੀਅਨ (ਈਯੂ) ਨੇ ਇਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਾਵਿਦ ਜਰੀਫ ਨੂੰ ਫਾਰਸ ਦੀ ਖਾੜੀ ਵਿੱਚ ਬਣੀ ਤਲਖੀ ਨੂੰ ਘਟਾਉਣ ਦੀ ਅਪੀਲ ਕਰਦਿਆਂ ਬ੍ਰੱਸਲਜ ਆਉਣ ਦਾ ਸੱਦਾ ਦਿੱਤਾ ਹੈ। ਯੂਨੀਅਨ ਦੀ ਵਿਦੇਸ਼ ਨੀਤੀ ਦੇ ਮੁਖੀ ਜੋਸਪ ਬੋਰੈੱਲ ਨੇ 2015 ਦੇ ਇਰਾਨ ਪ੍ਰਮਾਣੂ ਕਰਾਰ ਨੂੰ ਬਰਕਰਾਰ ਰੱਖਣ ਦੀ ਅਹਿਮੀਅਤ ’ਤੇ ਜੋਰ ਦਿੰਦਿਆਂ ਕਿਹਾ ਕਿ ਖੇਤਰੀ ਸਿਆਸੀ ਹੱਲ ਹੀ ਇਸ ਦਿਸ਼ਾ ’ਚ ਅਗਲਾ ਕਦਮ ਹੋਵੇਗਾ। ਉਧਰ ਫੈਡਰੇਸ਼ਨ ਆਫ ਇੰਡੀਅਨ ਐਕਪੋਰਟ ਆਰਗੇਨਾਈਜੇਸ਼ਨਜ (ਐਫਆਈਈਓ) ਨੇ ਅੱਜ ਕਿਹਾ ਕਿ ਅਮਰੀਕਾ ਤੇ ਇਰਾਨ ਦੇ ਰਿਸ਼ਤਿਆਂ ਵਿੱਚ ਤਲਖੀ ਵਧਣ ਨਾਲ ਫਾਰਸ ਦੀ ਖਾੜੀ ’ਚ ਵਸੇ ਮੁਲਕ ’ਚ ਭਾਰਤੀ ਬਰਾਮਦਾਂ ਅਸਰਅੰਦਾਜ ਹੋ ਸਕਦੀਆਂ ਹਨ। ਆਲ ਇੰਡੀਆ ਰਾਈਸ ਐਕਸਪੋਰਟਰਜ ਐਸੋਸੀਏਸ਼ਨ ਨੇ ਅਮਰੀਕਾ-ਇਰਾਨ ਵਿੱਚ ਵਧਦੀ ਤਲਖੀ ਕਰਕੇ ਭਾਰਤੀ ਬਰਾਮਦਕਾਰਾਂ ਨੂੰ ਹਾਲਾਤ ਸੁਧਰਨ ਤਕ ਇਰਾਨ ਨੂੰ ਬਾਸਮਤੀ ਦੀ ਬਰਾਮਦ ਰੋਕਣ ਦੀ ਸਲਾਹ ਦਿੱਤੀ ਹੈ।

# ਜਥੇਦਾਰ ਹਵਾਰਾ ਕਮੇਟੀ ਅਤੇ ਵਰਲਡ ਸਿੱਖ ਪਾਰਲੀਮੈਂਟ ਨੇ ਲੋੜਵੰਦਾਂ ਨੂੰ ਕੰਬਲ ਵੰਡੇ

**ਜਲੰਧਰ/ਏ.ਟੀ.ਨਿਊਜ਼ :** ਭਾਈ ਜਗਤਾਰ ਸਿੰਘ ਹਵਾਰਾ ਦੀ ਸਰਪ੍ਰਸਤੀ ਹੇਠ ਕਾਰਜਸ਼ੀਲ ਕਮੇਟੀ ਅਤੇ ਵਰਲਡ ਸਿੱਖ ਪਾਰਲੀਮੈਂਟ ਦੀ ਵੈੱਲਫੇਅਰ ਕੌਂਸਲ ਵੱਲੋਂ ਸਾਂਝੇ ਰੂਪ ਵਿੱਚ ਲੋਕ ਭਲਾਈ ਪ੍ਰੋਜੈਕਟ ਅਧੀਨ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪਿੰਡ ਧਾਲੀਵਾਲ ਕਾਦੀਆਂ ਵਿਖੇ ਕੜਾਕੇ ਦੀ ਠੰਡ ਤੋਂ ਬਚਣ ਲਈ 200 ਕੰਬਲ ਲੋੜਵੰਦ ਲੋਕਾਂ ਨੂੰ ਵੰਡੇ ਗਏ। ਇਸ ਮੌਕੇ ਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਧਰਮ ਪਿਤਾ ਬਾਪੂ ਗੁਰਚਰਨ ਸਿੰਘ ਨੇ ਦੱਸਿਆ ਕਿ ਲੋਕ ਭਲਾਈ ਦੇ ਕਾਰਜ ਹਵਾਰਾ ਕਮੇਟੀ ਅਤੇ ਵਰਲਡ ਸਿੱਖ ਪਾਰਲੀਮੈਂਟ ਵਲੋਂ ਸਾਂਝੇ ਤੌਰ ਤੇ ਭਵਿੱਖ ਵਿੱਚ ਨਿਰੰਤਰ ਜਾਰੀ ਰਹਿਣਗੇ। ਮੁੱਖ ਬੁਲਾਰੇ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਕਿਹਾ ਕਿ ਪਿੰਡ ਧਾਰੀਵਾਲ ਕਾਦੀਆਂ ਵਿਖੇ ਅਗਲੇ ਮਹੀਨੇ ਗੁਰਮਤਿ ਪ੍ਰਚਾਰ ਲਹਿਰ ਦੇ ਅਧੀਨ ਗੁਰਮਤਿ ਕੈਂਪ ਲਗਾਇਆ ਜਾਵੇਗਾ ਅਤੇ ਸਿੱਖ ਧਰਮ ਤੋਂ ਦੂਰ ਜਾ ਚੁੱਕੇ ਨੌਜਵਾਨਾਂ ਦੇ ਸਿਰਾਂ ਤੇ ਦਸਤਾਰ ਸਜਾ ਕੇ ਘਰ ਵਾਪਸੀ ਕੀਤੀ ਜਾਵੇਗੀ। ਐਡਵੋਕੇਟ ਅਮਰ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਲਾਈ ਸਿੱਖਾਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਜ਼ਰੂਰੀ ਹੈ।



ਇਸ ਮੌਕੇ ਤੇ ਵੈਲਫੇਅਰ ਕੌਂਸਲ ਵਰਲਡ ਸਿੱਖ ਪਾਰਲੀਮੈਂਟ ਦੇ ਸੰਤੋਖ ਸਿੰਘ, ਗੁਰਮਿੰਦਰ ਸਿੰਘ ਧਾਲੀਵਾਲ, ਬਾਪੂ ਕਰਨੈਲ ਸਿੰਘ ਅਤੇ ਹਿੰਮਤ ਸਿੰਘ ਕੁਆਰਡੀਨੇਟਰ ਦਾ ਸਰਪੰਚ ਮਨਦੀਪ ਕੁਮਾਰ ਨੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਤੇ ਐਡਵੋਕੇਟ ਦਿਲਸ਼ੇਰ ਸਿੰਘ, ਕੁਲਦੀਪ ਸਿੰਘ ਫ਼ਤਹਿਗੜ੍ਹ ਸਾਹਿਬ, ਬਗ਼ੀਚਾ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ, ਜਸਪਾਲ ਸਿੰਘ ਅੰਮ੍ਰਿਤਸਰ, ਜਗਦੀਸ਼ ਸਿੰਘ, ਪਿਆਰਾ ਸਿੰਘ, ਸਰਪੰਚ ਮਨਦੀਪ ਕੁਮਾਰ ਅਤੇ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਭਾਰਤੀ ਮੂਲ ਦਾ ਅਮਰੀਕੀ ਡਰਾਈਵਰ ਹਮਲੇ ਵਿਚ ਜ਼ਖਮੀ

**ਰਿਚਮੰਡ/ਹੁਸਨ ਲੜੋਆ ਬੰਗਾ:** ਰਿਚਮੰਡ ਵਿਖੇ ਭਾਰਤੀ ਮੂਲ ਦੇ ਇਕ ਅਮਰੀਕੀ ਡਰਾਈਵਰ ਉਪਰ ਅਣਪਛਾਤੇ ਵਿਅਕਤੀ ਵੱਲੋਂ ਹਮਲਾ ਕਰ ਦਿੱਤਾ ਗਿਆ ਜਿਸ ਦੌਰਾਨ ਉਹ ਜ਼ਖਮੀ ਹੋ ਗਿਆ। ਬਲਜੀਤ ਸਿੰਘ ਸਿੱਧੂ (57) ਨੇ ਪੁਲਿਸ ਨੂੰ ਦੱਸਿਆ ਕਿ ਉਹ ਤੜਕੇ 4 ਵਜੇ ਆਪਣੀ ਡਿਊਟੀ ਖਤਮ ਕਰਕੇ ਵਾਪਿਸ ਆਇਆ ਤੇ ਆਪਣੀ ਕਾਰ ਪਾਰਕ ਕਰਨ ਲਈ ਹਿਲਟੌਪ ਮਾਲ ਵਿਖੇ ਜਗਾ ਵੇਖ ਰਿਹਾ ਸੀ ਤਾਂ ਇਕ ਵਿਅਕਤੀ ਨੇ ਉਸ ਦੀ ਕਾਰ ਦੀ ਖਿੜਕੀ ਕੋਲ ਆ ਕੇ ਲਾਈਟਰ ਦੀ ਮੰਗ ਕੀਤੀ। ਬਾਅਦ ਵਿਚ ਉਸ ਵਿਅਕਤੀ ਨੇ ਸਿੱਧੂ ਨੂੰ ਕਿਹਾ ਕਿ ਉਸ ਕੋਲ 5 ਡਾਲਰ ਹਨ ਤੇ ਉਹ ਉਸ ਦੀ ਕਾਰ ਵਿਚ ਸਫਰ ਕਰਨਾ ਚਹੁੰਦਾ ਹੈ। ਇਸ ‘ਤੇ ਸਿੱਧੂ ਨੇ ਕਿਹਾ ਕਿ ਉਸ ਦੀ ਸ਼ਿਫਟ ਖਤਮ ਹੋ ਚੁੱਕੀ ਹੈ। ਜਦੋਂ ਸਿੱਧੂ ਕਾਰ ਵਿਚੋਂ ਉਤਰਿਆ ਤਾਂ ਉਸ ਵਿਅਕਤੀ ਨੇ ਉਸ ਉਪਰ ਹਮਲਾ ਕਰ ਦਿੱਤਾ। ਉਹ ਜਮੀਨ ਉਪਰ ਡਿੱਗ ਗਿਆ। ਉਸ ਨੇ ਮੱਦਦ ਲਈ ਰੌਲਾ ਪਾਇਆ ਤਾਂ ਮਾਲ ਦਾ ਸੁਰੱਖਿਆ ਗਾਰਡ ਉਸ ਦੀ ਮੱਦਦ ਲਈ ਆਇਆ। ਇਸ ‘ਤੇ ਅਣਪਛਾਤਾ ਹਮਲਾਵਰ ਫਰਾਰ ਹੋ ਗਿਆ। ਸਿੱਧੂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਸਿੱਧੂ ਅਨੁਸਾਰ ਹਮਲਾਵਰ ਨੇ ਕੋਈ ਨਸਲੀ ਗੱਲ ਨਹੀਂ ਕੀਤੀ ਤੇ ਨਾ ਹੀ ਉਸ ਨੇ ਲੁੱਟ ਖੋਹ ਕੀਤੀ ਹੈ। ਯੁਨਾਈਟਿਡ ਸਿੱਖਸ ਨੇ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਨਫ਼ਰਤੀ ਅਪਰਾਧ ਵਜੋਂ ਕੀਤੀ ਜਾਵੇ। ਦੋਸ਼ੀ ਦੀ ਭਾਲ ਲਈ ਪੁਲਿਸ ਸੀਸੀਟੀਵੀ ਕੈਮਰਿਆਂ ਦੀ ਮੱਦਦ ਲੈ ਰਹੀ ਹੈ।



# ਸਰਕਾਰਾਂ ਦੀ ਫੌਜ ਨਾਲ ਰਾਜਨੀਤਿਕ ਗੰਢਤੁਪ ਘੱਟ-ਗਿਣਤੀ ਕੌਮਾਂ ਅਤੇ ਲਤਾੜੇ ਲੋਕਾਂ ਲਈ ਖਤਰਨਾਕ : ਦਲ ਖਾਲਸਾ






**ਅੰਮ੍ਰਿਤਸਰ/-** ਜਨਰਲ ਬਿਪਿਨ ਰਾਵਤ ਨੂੰ ਪਹਿਲਾ ਚੀਫ ਆਫ ਡਿਫੈਂਸ ਸਟਾਫ ਬਣਾਉਣ ‘ਤੇ ਦਲ ਖਾਲਸਾ ਨੇ ਪ੍ਰਤੀਕਰਮ ਕਰਦਿਆਂ ਕਿਹਾ ਕਿ ਜਨਰਲ ਨੂੰ ਇਸ ਨਵੇਂ ਉਚ ਅਹੁਦੇ ਨਾਲ ਨਿਵਾਜੇ ਜਾਣਾ ਉਸ ਦਿਨ ਹੀ ਸੰਕੇਤਕ ਰੂਪ ਵਿੱਚ ਸਪਸ਼ਟ ਹੋ ਗਿਆ ਸੀ, ਜਿਸ ਦਿਨ ਉਹਨਾਂ (ਜਨਰਲ) ਨੇ ਨਾਗਰਿਕਤਾ ਕਾਨੂੰਨ ਅਤੇ ਐਨ ਆਰ ਸੀ ਵਿਰੁੱਧ ਹੱਡ ਚੀਰਵੀਂ ਠੰਡ ਵਿੱਚ ਬੈਠੇ ਵਿਦਿਆਰਥੀਆਂ ਅਤੇ ਪ੍ਰਦਰਸ਼ਨਕਾਰੀਆਂ ਨੂੰ ਗਲਤ ਅਤੇ ਹਿੰਸਕ ਕਰਾਰ ਦਿੱਤਾ ਸੀ। ਜਥੇਬੰਦੀ ਨੇ ਨਰਿੰਦਰ ਮੋਦੀ ਦੀ ਫਾਸੀਵਾਦੀ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਉਹਨਾਂ ਆਪਣੇ ਗਲਤ ਫੈਸਲਿਆਂ ਨੂੰ ਸਹੀ ਠਹਿਰਾਉਣ ਲਈ ਆਰਮੀ ਚੀਫ ਦੇ ਅਹੁਦੇ ਦਾ ਗਲਤ ਇਸਤੇਮਾਲ ਕੀਤਾ ਹੈ।

ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੋਦੀ ਸਰਕਾਰ ਵਲੋਂ ਆਰਮੀ ਚੀਫ ਦੇ ਸਿਵਲ ਅਤੇ ਰਾਜਨੀਤਕ ਮਾਮਲਿਆਂ ਵਿੱਚ ਦਖਲਅੰਦਾਜੀ ਨੂੰ ਪ੍ਰਵਾਨਗੀ ਹੀ ਇਸ ਕਰਕੇ ਦਿੱਤੀ ਤਾਂ ਜੋ ਆਪਣੀ ਸਰਕਾਰ ਦੇ ਤਾਨਾਸ਼ਾਹੀ ਫੈਸਲਿਆਂ ਉੱਤੇ ਫੌਜ ਦੀ ਮੋਹਰ ਲਗਾਈ ਜਾਵੇ। ਉਹਨਾਂ ਦੱਸਿਆ ਕਿ ਨਵੰਬਰ 2018 ਨੂੰ ਵੀ ਇਸੇ ਜਨਰਲ ਨੇ ਹੀ ਸਿੱਖ ਖਾੜਕੂਵਾਦ ਦੇ ਮੁੜ ਉਭਾਰ ਦਾ ਵਿਵਾਦਿਤ ਬਿਆਨ ਦਿੱਤਾ ਸੀ ਜਦ ਕਿ ਪੰਜਾਬ ਅੰਦਰ ਲਾਅ ਐਂਡ ਆਡਰ ਉਤੇ ਕਿਸੇ ਵੀ ਤਰਾਂ ਦੀ ਕੋਈ ਟਿੱਪਣੀ ਕਰਨ ਦਾ ਫੌਜ ਕੋਲ ਕੋਈ ਅਧਿਕਾਰ ਨਹੀਂ ਹੈ। ਇਕ ਵਾਰ ਫਿਰ ਸਰਕਾਰ ਨੇ ਫੌਜ ਮੁੱਖੀ ਨੂੰ ਉਹਨਾਂ ਵਿਦਿਆਰਥੀਆਂ ਦੇ ਜਮਹੂਰੀ ਸੰਘਰਸ਼ ਨੂੰ ਬਦਨਾਮ ਕਰਨ ਲਈ ਵਰਤਿਆ ਜੋ ਸਮਝਦੇ ਹਨ ਕਿ ਨਵਾਂ ਵਿਵਾਦਿਤ ਕਾਨੂੰਨ ਦੇਸ਼ ਨੂੰ ਫਿਰਕੂ ਲੀਹਾਂ ‘ਤੇ ਵੰਡਦਾ ਹੈ ਅਤੇ ਹਿੰਦੂ ਰਾਸ਼ਟਰ ਦੇ ਨਿਰਮਾਣ ਦਾ ਰਾਹ ਪੱਧਰਾ ਕਰਦਾ ਹੈ।

ਸਰਕਾਰਾਂ ਦੀ ਫੌਜ ਨਾਲ ਇਸ ਤਰਾਂ ਦੀ ਰਾਜਨੀਤਿਕ ਸਾਂਝ ਨੂੰ ਘੱਟ-ਗਿਣਤੀ ਕੌਮਾਂ ਅਤੇ ਲਤਾੜੇ ਲੋਕਾਂ ਲਈ ਖਤਰਨਾਕ ਦਸਦਿਆਂ ਉਹਨਾਂ ਕਿਹਾ ਕਿ ਪਹਿਲਾਂ ਅਜਿਹਾ ਲੁੱਕ-ਛਿਪ ਕੇ ਕੀਤਾ ਜਾਂਦਾ ਸੀ ਹੁਣ ਭਾਜਪਾ ਨੇ ਸ਼ਰੇਆਮ ਅਤੇ ਬੇਧੜਕ ਕਰਨਾ ਸ਼ੁਰੂ ਕਰ ਦਿੱਤਾ ਹੈ।

ਦਲ ਖਾਲਸਾ ਮੁੱਖੀ ਦਾ ਇਹ ਖਿਆਲ ਹੈ ਕਿ ਮੋਦੀ ਨਿਜ਼ਾਮ ਨੇ 2019 ਵਿੱਚ ਤਿੰਨ ਘਾਤਕ ਫੈਸਲੇ ਕੀਤੇ ਜਿਨਾਂ ਵਿੱਚ ਕਸ਼ਮੀਰ ਅੰਦਰ ਧਾਰਾ 370v ਤੋੜਨਾ, ਅਦਾਲਤ ਰਾਂਹੀ ਬਾਬਰੀ ਮਸਜਿਦ ਦੀ ਥਾਂ ‘ਤੇ ਰਾਮ ਮੰਦਿਰ ਦੀ ਉਸਾਰੀ ਲਈ ਰਾਹ ਪੱਧਰਾ ਕਰਨਾ ਅਤੇ ਨਾਗਰਕਿਤਾ ਕਾਨੂੰਨ ਜਮਾ ਐਨ.ਆਰ.ਸੀ ਰਾਂਹੀ ਮੁਸਲਮਾਨਾਂ ਨੂੰ ਦੇਸ਼ ਅੰਦਰੋਂ ਖਦੇੜਨਾ ਹੈ, ਤਾਂ ਜੋ ਹਿੰਦੂ ਰਾਸ਼ਟਰ ਦੇ ਨਿਰਮਾਣ ਨੂੰ ਅਮਲੀ ਰੂਪ ਦਿੱਤਾ ਜਾ ਸਕੇ। ਉਹਨਾਂ ਕਿਹਾ ਕਿ ਆਰ.ਐਸ.ਐਸ ਦੇ ਮੁਖੀ ਮੋਹਨ ਭਾਗਵਤ ਦਾ ਇਹ ਬਿਆਨ ਕਿ ਭਾਰਤ ਅੰਦਰ ਵਸਦੇ 1.30 ਬੀਲੀਅਨ ਲੋਕ ਹਿੰਦੂ ਹਨ ਤੋਂ ਸਾਫ ਸਪਸ਼ਟ ਹੁੰਦਾ ਹੈ ਕਿ ਮੋਦੀ ਸਰਕਾਰ ਦੇ ਸਾਰੇ ਅਹਿਮ ਫੈਸਲੇ ਦੇ ਪਿਛੇ ਹਿੰਦੂਤਵ ਫੋਰਸਾਂ ਦਾ ਹੱਥ ਹੈ।

ਪਾਰਟੀ ਵਲੋਂ 2020 ਵਰੇ ਅੰਦਰ ਪੰਜਾਬ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਦੀ ਲੜਾਈ ਨੂੰ ਜਾਰੀ ਰੱਖਦਿਆਂ ਇਹ ਅਹਿਦ ਕੀਤਾ ਗਿਆ ਕਿ ਉਹ ਨਾਗਰਿਕਤਾ ਕਾਨੂੰਨ, ਐਨ.ਆਰ.ਸੀ ਅਤੇ ਹਿੰਦੂ ਰਾਸ਼ਟਰ ਦੀ ਮੁਹਿੰਮ ਦਾ ਜੋਰਦਾਰ ਵਿਰੋਧ ਕਰਨਗੇ ਅਤੇ ਕਸ਼ਮੀਰੀ ਅਤੇ ਮੁਸਲਿਮ ਭਾਈਚਾਰੇ ਅਤੇ ਹੋਰ ਲਤਾੜੇ ਲੋਕਾਂ ਦਾ ਸਾਥ ਦੇਣਗੇ।

# ਨਨਕਾਣਾ ਸਾਹਿਬ ਤੇ ਕਰਤਾਰਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਧੂਮਧਾਮ ਨਾਲ ਮਨਾਇਆ

**ਨਿਊਯਾਰਕ/ਨਨਕਾਣਾਸਾਹਿਬ( ਗੋਗਨਾ):**
ਬੀਤੇਂ ਦਿਨੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਪੂਰੇ ਸੰਸਾਰ ਵਿੱਚ ਸਿੱਖ ਸੰਗਤਾਂ ਪੋਹ ਦੇ ਦੇਸੀ ਮਹੀਨੇ ਤੇ ਜਨਵਰੀ ਵਿੱਚ ਮਨਾ ਰਹੀਆਂ ਹਨ। ਜਿੱਥੇ ਦੀਵਾਨ, ਕੀਰਤਨ, ਕਥਾ ਅਤੇ ਢਾਡੀ ਵਾਰਾਂ ਗਾਈਆਂ ਜਾ ਰਹੀਆਂ ਹਨ। ਲੰਗਰਾਂ ਦੀ ਸੇਵਾ 'ਚ ਸੰਗਤਾਂ ਅਥਾਹ ਸੇਵਾ ਕਰ ਰਹੀਆਂ ਹਨ। ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਵਿਖੇ ਵੀ ਬੜੀ ਧੂਮਧਾਮ ਤੇ ਜਾਹੋ ਜਲਾਲ ਨਾਲ ਦਸਮੇਸ਼ ਪਿਤਾ ਦਾ ਗੁਰਪੁਰਬ ਮਨਾਇਆ ਗਿਆ। ਪਿਛਲੇ ਦਿਨੀਂ ਨਨਕਾਣਾ ਸਾਹਿਬ ਵਿਖੇ ਕੁਝ ਅਨਸਰਾਂ ਕਰਕੇ ਹਾਲਾਤਾਂ ਥੋੜੇ ਖਰਾਬ ਨਜ਼ਰ ਆ ਰਹੇ ਸਨ।ਪਰ ਗੁਰੂ ਦੀ ਕ੍ਰਿਪਾ ਸਦਕਾ ਸਬੰਧਤ ਅਨਸਰਾਂ ਨੇ ਮੁਆਫੀ ਮੰਗਕੇ ਹਾਲਾਤਾਂ ਨੂੰ ਆਮ ਵਰਗਾ ਕਰ ਦਿੱਤਾ ਹੈ ।ਜਿਸ ਸਦਕਾ ਦਸਵੇਂ



ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਪਿਛਲੇ ਸਾਲਾਂ ਨਾਲ ਵੱਧ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ।ਇਮਰਾਨ ਗੁੰਦਲ ਸੈਕਟਰੀ ਸ਼ਰਾਇਨ ਪਾਕਿਸਤਾਨ ਦੇ ਹਵਾਲੇ ਨਾਲ ਇਸ ਸਾਲ ਸੰਗਤਾਂ ਦਾ ਇਕੱਠ ਦੁੱਗਣਾ ਸੀ। ਨਨਕਾਣਾ ਸਾਹਿਬ ਤੜਕੇ ਤੋਂ ਹੀ ਸੰਗਤਾਂ ਦਾ ਆਉਣਾ-ਜਾਣਾ ਬਣਿਆ ਰਿਹਾ। ਉਸੇ ਤਰਾਂ ਕਰਤਾਰਪੁਰ ਸਾਹਿਬ ਵੀ ਸੰਗਤਾ ਦਾ ਇਕੱਠ ਸਾਰੇ ਹੱਦ ਬੰਨੇ ਪਾਰ ਕਰ ਗਿਆ ਹੈ।ਸੰਗਤਾਂ ਨੂੰ ਵੱਖ-ਵੱਖ ਜਥਿਆਂ ਨੇ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਪੰਜਾਬ ਦੇ ਪੀਰ ਸੱਯਦ ਸ਼ਾਹ ਮੰਤਰੀ ਪੰਜਾਬ, ਪੀਰ ਰਾਜਾ ਅਲੀ ਸ਼ਾਹ ਗੱਦੀ ਨਸ਼ੀਨ ਸਾਈਂ ਮੀਆਂ ਮੀਰ ਦਰਬਾਰ, ਬ੍ਰਿਗੇਡੀਅਰ ਅਗਾਜ਼ ਸ਼ਾਹ ਇਨਟੀਰੀਅਰ, ਮੀਆਂ ਮੋਮਨ ਅਰਸ਼ੀਦ ਪ੍ਰੋਵਿਨਸਲ ਮੰਤਰੀ ਨੇ ਵੀ ਵਿਸ਼ੇਸ਼ ਤੋਰ ਸ਼ਿਰਕਤ ਕੀਤੀ। ਜਿੱਥੇ ਇਨਾਂ ਨੇ ਦ੍ਰਿੜ ਸੁਨੇਹਾ ਦਿੱਤਾ ਕਿ ਸਿੱਖ ਭਾਈਚਾਰਾ ਪਾਕਿਸਤਾਨ ਖਾਸ ਕਰਕੇ ਮੁਸਲਿਮ

**ਬਾਕੀ ਸਫ਼ਾ 28 'ਤੇ**

# ਸਿਆਟਲ ਦੇ ਵੱਖ ਵੱਖ ਗੁਰੂਘਰਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ



*ਫੋਟੋ : ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਦਾ ਕੀਰਤਨ ਜਥਾ ਭਾਈ ਕੁਲਬੀਰ ਸਿੰਘ ਕੀਰਤਨ ਕਰਕੇ ਗੁਰੂ ਜੀ ਦਾ ਜਸ ਗਾਇਨ ਕਰਦੇ ਸਮੇਂ। ਕਥਾਵਾਚਕ ਭਾਈ ਅਮਨ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਸਮੇਂ।*

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਭਾਈ ਕੁਲਬੀਰ ਸਿੰਘ, ਭਾਈ ਸਤਨਾਮ ਸਿੰਘ ਤੇ ਤਬਲਾ ਮਾਸਟਰ ਭਾਈ ਤਾਰਾ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਅਤੇ ਕਥਾਵਾਚਕ ਭਾਈ ਅਮਨ ਸਿੰਘ ਨੇ ਦਸਵੇਂ ਪਾਤਸ਼ਾਹ ਦੇ ਜੀਵਨ ਬਾਰੇ ਵਿਸਥਾਰ ਸਾਹਿਤ ਚਾਨਣਾ ਪਾਇਆ ਅਤੇ ਗੁਰੂ ਦਾ ਜਸ ਗਾਇਨ ਕੀਤਾ। ਗੁਰੂਘਰ ਦੇ ਕਵੀਸ਼ਰੀ ਜੱਥਾ ਭਾਈ ਹਰਦਿਆਲ ਸਿੰਘ, ਭਾਈ ਕਾਰਜ ਸਿੰਘ ਤੇ ਭਾਈ ਬਲਬੀਰ ਸਿੰਘ ਨੇ ਗੁਰੂ ਜੀ ਦੇ ਜੀਵਨ ਤੇ ਲਾਸਾਨੀ ਕੁਰਬਾਨੀਆਂ ਦੀਆਂ ਵਾਰਾਂ ਸੁਣਾ ਕੇ ਸੰਗਤਾਂ ਵਿਚ ਜੋਸ਼ ਭਰ ਦਿੱਤਾ। ਅਖ਼ੀਰ ਵਿਚ ਭਾਈ ਸਾਧੂ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਸੱਪਰਾਂ ਨੇ ਗੁਰੂ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਗੁਰਦੁਆਰਾ ਸੱਚਾ ਮਾਰਗ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਰਾਹੀਂ ਗੁਰੂ ਦਾ ਜਸ ਗਾਇਨ ਕੀਤਾ ਅਤੇ ਭਾਈ ਮੋਹਣ ਸਿੰਘ ਹੈਡਗ੍ਰੰਥੀ ਨੇ ਅਰਦਾਸ ਕਰਕੇ ਸਮੂਹ ਸੰਗਤ ਦੀ ਭਲਾਈ ਲਈ ਕਾਮਨਾ ਕੀਤੀ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਗੁਰੂ ਜੀ ਦੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਗੁਰਦੁਆਰਾ ਬੋਥਲ ਤੇ ਮੈਰੀਸਵੈਲ ਵਿਚ ਵੀ ਦਸਮੇਸ਼ ਪਿਤਾ ਜੀ ਦਾ ਗੁਰਪੁਰਬ ਮਨਾਇਆ ਗਿਆ।

# ਇੰਡੀਅਨ ਓਵਰਸੀਜ਼ ਕਾਂਗਰਸ ਵਲੋਂ ਬਿਕਰਮ ਮਜੀਠੀਏ ਦੇ ਇਲਜ਼ਾਮਾਂ ਦਾ ਖੰਡਨ

**ਲਾਸ ਏਂਜਲਸ/ ਏ.ਟੀ. ਨਿਊਜ਼** : ਇੰਡੀਅਨ ਓਵਰਸੀਜ਼ ਕਾਂਗਰਸ ਕੈਲੀਫੋਰਨੀਆ ਅਤੇ ਸਮੂਹ ਐਨਆਰਆਈ ਭਾਈਚਾਰੇ ਨੇ ਕਿਹੈ ਕਿ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਵਲੋਂ ਇਕ ਫੇਕ ਵੀਡੀਓ ਦੇ ਆਧਾਰ 'ਤੇ ਸ. ਸੁਖਜਿੰਦਰ ਸਿੰਘ ਰੰਧਾਵਾ ਤੇ ਗੁਰੂ ਨਾਨਕ ਦੇਵ ਜੀ ਦੀ ਤੁਲਨਾ ਕਿਸੇ ਵਿਅਕਤੀ ਨਾਲ ਕਰਨ ਦੇ ਝੂਠੇ ਤੇ ਬੇ ਬੁਨਿਆਦ ਦੋਸ਼ ਲਗਾ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਝੂਠੀ ਵੀਡੀਓ ਦੇ ਆਧਾਰ 'ਤੇ ਬੇਬੁਨਿਆਦ ਤੇ ਸੁਖਬੀਰ ਬਾਦਲ ਦੇ ਪਿੱਠੂ ਸੱਜਣਾਂ ਵਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਤੋਂ ਦਬਾਅ ਬਣਾ ਕੇ ਕਾਰਵਾਈ ਦੀ ਮੰਗ ਕਰ ਰਹੇ ਹਨ।

ਅਸੀਂ ਇਨਾਂ ਅਕਾਲੀਆਂ ਤੇ ਬਿਕਰਮ ਮਜੀਠੀਏ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਉਦੋਂ ਤੁਹਾਡੇ ਹਿਰਦੇ ਨਾ ਵਲੂੰਧਰੇ ਗਏ ਜਦੋਂ ਰਾਮ ਰਹੀਮ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਰਾਵੇ ਵਾਲੇ ਬਸਤਰ ਪਾ ਕੇ ਝੂਠਾ ਅੰਮ੍ਰਿਤ ਛਕਾਉਣ ਦੀ ਨਕਲ ਕੀਤੀ ਸੀ। ਰਾਮ ਰਹੀਮ ਤੋਂ 2007, 2012, 2014 ਵਿਚ ਵੋਟਾਂ ਪਵਾ ਕੇ ਮਦਦ ਲਈ ਸੀ ਅਤੇ ਸਾਜਿਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਈ ਗਈ ਅਤੇ ਰਾਮ ਰਹੀਮ ਨੂੰ ਅਕਾਲ ਤਖਤ ਸਾਹਿਬ ਤੋਂ ਮੁਆਫ਼ ਵੀ ਕਰਵਾ ਦਿੱਤਾ ਸੀ। ਉਸ ਵਕਤ ਅਕਾਲੀ ਦਲ ਵਫ਼ਦ ਅਤੇ ਨਿਹੰਗ ਜਥੇਬੰਦੀਆਂ ਜੋ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਮੰਗ ਪੱਤਰ ਸੌਂਪ ਰਹੇ ਹਨ, ਬਿਲਕੁਲ ਚੁੱਪ ਸਨ ਤੇ ਹਿਰਦੇ ਨਹੀਂ ਵਲੂੰਧਰੇ ਗਏ।

ਸਮੂਹ ਐਨਆਰਆਈ ਭਾਈਚਾਰਾ ਬਿਕਰਮ ਮਜੀਠੀਏ ਦੇ ਹਰ ਰੋਜ਼ ਰੰਧਾਵੇ ਖਿਲਾਫ਼ ਬੇਤੁਕੇ ਇਲਜ਼ਾਮਾਂ ਦਾ ਖੰਡਨ ਕਰਦਾ ਹੈ ਅਤੇ ਮਜੀਠੀਏ ਨੂੰ ਅੱਗੇ ਤੋਂ ਝੂਠੇ ਇਲਜਾਮ ਲਗਾਉਣ ਤੋਂ ਪਹਿਲਾਂ ਸੋਚ ਕੇ ਬੋਲਣ ਦੀ ਨਸੀਹਤ ਦੇਂਦੇ ਹਨ। ਪੰਜਾਬ ਵਿਚ ਇਕ ਹੀ ਲੀਡਰ ਸੁਖਜਿੰਦਰ ਸਿੰਘ ਰੰਧਾਵਾ ਹਨ ਜੋ ਬਰਗਾੜੀ ਕਾਂਡ ਅਤੇ ਬੇਅਦਬੀ ਦੇ ਮਾਮਲਿਆਂ ਨੂੰ ਬੜੀ ਸ਼ਿੱਦਤ ਅਤੇ ਬਹਾਦਰੀ ਨਾਲ ਉਠਾ ਰਹੇ ਹਨ ਅਤੇ ਬਾਦਲਾਂ ਦੇ ਸਾਥੀਆਂ ਤੋਂ ਕਈ ਦਹਾਕਿਆਂ ਤੋਂ ਦਬੇ ਹੋਏ ਗੌਰਮਿੰਟ ਦੇ ਫੰਡ ਕਢਵਾ ਕੇ ਜੇਲਾਂ ਵਿਚ ਸੁੱਟਿਆ ਸੀ। ਇਸ ਦੇ ਕਾਰਨ ਰੰਧਾਵਾ ਨੂੰ ਅਕਾਲੀ ਦਲ ਵਲੋਂ ਬੇਬੁਨਿਆਦ ਦੋਸ਼ਾਂ ਨਾਲ ਬਦਨਾਮ ਕਰਨ ਦੀ ਕੋਝੀ ਚਾਲ ਚੱਲੀ ਜਾ ਰਹੀ ਹੈ।




# ਪੇਸ਼ਾਵਰ ਵਿਚ ਪੰਜਾਬੀ ਰਵਿੰਦਰ ਸਿੰਘ ਦਾ ਕਤਲ

## ਭਾਰਤ ਸਰਕਾਰ, ਸ਼੍ਰੋਮਣੀ ਕਮੇਟੀ ਤੇ ਜਥੇਦਾਰ ਅਕਾਲ ਤਖ਼ਤ ਵਲੋਂ ਨਿੰਦਾ

**ਪੇਸ਼ਾਵਰ/ ਏ.ਟੀ.ਨਿਊਜ਼** : ਪਾਕਿਸਤਾਨ ਦੇ ਪਹਿਲੇ ਪੰਜਾਬੀ ਨਿਊਜ਼ ਐਂਕਰ ਹਰਮੀਤ ਸਿੰਘ ਦੇ ਛੋਟੇ ਭਰਾ ਰਵਿੰਦਰ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਉਹ ਮਲੇਸ਼ੀਆ ਵਿਚ ਬਿਜ਼ਨੈੱਸ ਕਰਦਾ ਸੀ ਤੇ ਫਰਵਰੀ ਵਿਚ ਆਪਣੇ ਵਿਆਹ ਦੇ ਸੰਬੰਧ ਵਿਚ ਖੈਬਰ ਪਖਤੂਨਖਵਾ ਸੂਬੇ ਦੇ ਸ਼ਾਂਗਲਾ ਵਿਚ ਆਪਣੇ ਘਰੋਂ ਪੇਸ਼ਾਵਰ ਆਇਆ ਸੀ। ਭਰਾ ਦੇ ਕਤਲ ਤੋਂ ਦੁਖੀ ਹਰਮੀਤ ਸਿੰਘ ਨੇ ਕਿਹਾ, 'ਹਰ ਸਾਲ ਸਾਨੂੰ ਆਪਣਿਆਂ ਦੀਆਂ ਲਾਸ਼ਾਂ ਮੋਢਿਆਂ 'ਤੇ ਚੁੱਕਣੀਆਂ ਪੈ ਰਹੀਆਂ ਹਨ। ਪਾਕਿਸਤਾਨ ਨੂੰ ਘੱਟ ਗਿਣਤੀਆਂ ਦੀ ਰਾਖੀ ਲਈ ਕਈ ਮੁਲਕਾਂ ਤੋਂ ਕਾਫੀ ਫੰਡ ਮਿਲਦੇ ਹਨ, ਪਰ ਉਨਾਂ ਦੀ ਕੋਈ ਸੁਰੱਖਿਆ ਨਹੀਂ। ਮੈਨੂੰ ਅੱਜ ਆਪਣੇ ਭਰਾ ਦੀ ਲਾਸ਼ ਲਿਜਾਣੀ ਪੈ ਰਹੀ ਹੈ। ਮੈਂ ਉਦੋਂ ਤੱਕ ਚੈਨ ਨਾਲ ਨਹੀਂ ਬੈਠਾਂਗਾ, ਜਦੋਂ ਤੱਕ ਪਾਕਿ ਸਰਕਾਰ ਮੇਰੇ ਭਰਾ ਦੇ ਕਾਤਲਾਂ ਨੂੰ ਸਜ਼ਾ ਨਹੀਂ ਦਿੰਦੀ।' ਐੱਸ ਐੱਸ ਪੀ ਅਪ੍ਰੇਸ਼ਨਜ਼ ਪੇਸ਼ਾਵਰ ਨੇ ਦੱਸਿਆ ਕਿ ਨੌਜਵਾਨ ਦੀ ਲਾਸ਼ ਚਮਕਾਨੀ ਪੁਲਸ ਥਾਣੇ ਦੇ ਇਲਾਕੇ ਵਿਚ ਮਿਲੀ। ਜਾਂਚ ਜਾਰੀ ਹੈ।





ਭਾਰਤ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਲੋਂ ਨਿੰਦਾ

ਭਾਰਤ ਨੇ ਪਾਕਿਸਤਾਨ ਦੇ ਪਿਸ਼ਾਵਰ ਵਿਚ ਸਿੱਖ ਨੌਜਵਾਨ ਦੀ ਹੱਤਿਆ 'ਤੇ ਗੁਆਂਢੀ ਮੁਲਕ ਦੀ ਸਖ਼ਤ ਲਫ਼ਜ਼ਾਂ ਵਿਚ ਝਾੜ ਪਾਉਂਦਿਆਂ ਕਿਹਾ ਕਿ ਦੂਜੇ ਦੇਸ਼ਾਂ ਨੂੰ ਨਸੀਹਤਾਂ ਦੇਣ ਦੀ ਥਾਂ 'ਤੇ ਪਾਕਿਸਤਾਨ ਆਪਣੇ ਮੁਲਕ ਵਿਚ ਰਹਿ ਰਹੇ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਏ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਕਿ ਸਰਕਾਰ ਨੂੰ ਪੂਰੀ ਜਾਂਚ ਕਰ ਕੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਪਾਕਿ ਨੂੰ ਸਖ਼ਤ ਕਾਰਵਾਈ ਕਰਨ ਲਈ ਕਿਹਾ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੱਖ ਵੱਖ ਬਿਆਨਾਂ ਵਿਚ ਨਿੰਦਾ ਕਰਦਿਆਂ ਕਿਹਾ ਹੈ ਕਿ ਭਾਰਤ ਸਰਕਾਰ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪਾਕਿ ਸਰਕਾਰ 'ਤੇ ਦਬਾਅ ਪਾਏ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਉਹ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਕੋਲੋਂ ਇਹ ਵਿਸ਼ੇਸ਼ ਭਰੋਸਾ ਲੈਣ ਕਿ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੀ ਜਾਨ ਅਤੇ ਮਾਲ ਦੀ ਰਾਖੀ ਕੀਤੀ ਜਾਵੇਗੀ ਅਤੇ ਸਿੱਖਾਂ ਉੱਤੇ ਨਫਰਤੀ ਹਮਲਾ ਕਰਨ ਅਤੇ ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਜਨਮ ਅਸਥਾਨ ਉੱਤੇ ਹਮਲਾਵਰਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

ਇੱਥੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਨੂੰ ਮਿਲਣ ਵਾਲੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਵਫ਼ਦ ਵਿਚ ਸੀਨੀਅਰ ਅਕਾਲੀ ਆਗੂਆਂ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਅਤੇ ਪਟਨਾ ਸਾਹਿਬ ਕਮੇਟੀ ਦੇ ਮੁਖੀ ਵੀ ਸ਼ਾਮਿਲ ਸਨ।

# ਭਾਰਤ ਵਿੱਚ ਪੋਪੂਲਰ ਫਰੰਟ ਆਫ ਇੰਡੀਆ 'ਤੇ ਪਾਬੰਦੀ ਲਾਉਣ ਦੀ ਤਿਆਰੀ

**ਚੰਡੀਗੜ, (ਅੰਮ੍ਰਿਤਸਰ ਟਾਈਮਜ਼ ਬਿਊਰੋ)**: ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਬੀਤੇ ਦਿਨੀਂ ਭਾਰਤ ਸਰਕਾਰ ਨੂੰ ਇੱਕ ਚਿੱਠੀ ਭੇਜ ਕੇ ਮੰਗ ਕੀਤੀ ਗਈ ਹੈ ਕਿ ਪੋਪੂਲਰ ਫਰੰਟ ਆਫ ਇੰਡੀਆ ਨਾਮੀਂ ਜਥੇਬੰਦੀ 'ਤੇ ਪਾਬੰਦੀ ਲਾਈ ਜਾਵੇ। ਯੂਪੀ ਸਰਕਾਰ ਦਾ ਦੋਸ਼ ਹੈ ਕਿ ਵਿਵਾਦਿਤ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਸੂਬੇ 'ਚ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਹਿੰਸਾ ਭੜਕਾਉਣ ਪਿੱਛੇ ਇਸ ਜਥੇਬੰਦੀ ਦਾ ਹੱਥ ਹੈ।




ਆਓ ਇਸ ਰਿਪੋਰਟ ਰਾਹੀਂ ਪੋਪੂਲਰ ਫਰੰਟ ਆਫ ਇੰਡੀਆ ਬਾਰੇ ਜਾਣਦੇ ਹਾਂ:

ਕੀ ਹੈ ਪੀਐਫਆਈ ?

ਪੀਐਫਆਈ ਦੀ ਸਥਾਪਨਾ 2006 ਵਿੱਚ ਕੀਤੀ ਗਈ। ਇਸ ਦੀ ਸਥਾਪਨਾ ਦੀ ਜੜਾਂ ਕੇਰਲਾ 'ਚ 1993 ਅੰਦਰ ਬਣੀ ਜਥੇਬੰਦੀ ਨੈਸ਼ਨਲ ਡਿਵੈਲਪਮੈਂਟ ਫੰਡ ਜੋ ਤਾਮਿਲ ਨਾਡੂ ਅੰਦਰ ਮਨੀਤਾ ਨੀਤੀ ਪਸਰਈ (ਐਮਐਨਪੀ) ਅਤੇ ਕਰਨਾਟਕ ਵਿੱਚ ਕਰਨਾਟਕ ਫੋਰਮ ਫੋਰ ਡਿਗਨਟੀ ਦੇ ਨਾਂ 'ਤੇ ਕਾਰਜਸ਼ੀਲ ਸੀ, ਨਾਲ ਜੁੜਦੀਆਂ ਹਨ।

ਪੀਐਫਆਈ ਆਪਣੇ ਆਪ ਨੂੰ 'ਕਾਡਰ ਅਧਾਰਿਤ ਮੁਹਿੰਮ' ਦੇ ਤੌਰ 'ਤੇ ਪੇਸ਼ ਕਰਦੀ ਹੈ, ਜੋ ਆਪਣੇ ਕਾਡਰ ਨੂੰ ਪ੍ਰਬੰਧ, ਅਗਵਾਈ ਅਤੇ ਲੋਕਾਂ ਦੀ ਮੁਹਿੰਮ ਬਣਾਉਣ ਲਈ ਲਗਾਤਾਰ ਸਿੱਖਿਅਤ

ਬਾਕੀ ਸਫ਼ਾ 28 'ਤੇ

# ਮੱਧ ਪੂਰਬ 'ਚ ਕੈਨੇਡੀਅਨ ਫੌਜਾਂ ਮੁਹਿੰਮ ਜਾਰੀ ਰੱਖਣਗੀਆਂ : ਹਰਜੀਤ ਸਿੰਘ ਸੱਜਣ

**ਕੈਲਗਰੀ/ਏ.ਟੀ.ਨਿਊਜ਼**: ਈਰਾਨ ਨਾਲ ਹੋਰ ਜ਼ਿਆਦਾ ਖ਼ਰਾਬ ਹੋਏ ਰਿਸ਼ਤਿਆਂ ਪਿੱਛੋਂ ਅਮਰੀਕਾ ਵਲੋਂ ਇਰਾਕ ਤੋਂ ਆਪਣੀ ਫ਼ੌਜ ਵਾਪਸ ਸੱਦ ਲਏ ਜਾਣ ਸਬੰਧੀ ਲੀਕ ਹੋਈ ਇਕ ਚਿੱਠੀ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਕਿਹਾ ਹੈ ਕਿ ਮੱਧ ਪੂਰਬ 'ਚ ਚੱਲ ਰਹੇ ਫ਼ੌਜੀ ਮਿਸ਼ਨ ਨੂੰ ਜਾਰੀ ਰੱਖਿਆ ਜਾਵੇਗਾ । ਮੰਤਰੀ ਸੱਜਣ ਨੇ ਕਿਹਾ ਹੈ ਕਿ ਇਸ ਗੱਲ 'ਚ ਕੋਈ ਸੱਚਾਈ ਨਹੀਂ ਹੈ ਕਿ ਅਮਰੀਕਾ, ਇਰਾਕ ਤੋਂ ਆਪਣੀ ਫੌਜ ਵਾਪਸ ਸੱਦ ਰਿਹਾ ਹੈ। ਉਨਾਂ ਕਿਹਾ ਕਿ ਗ਼ੈਰ ਜ਼ਰੂਰੀ ਤੌਰ 'ਤੇ ਇਰਾਕ 'ਚੋਂ ਕੈਨੇਡੀਅਨ ਫ਼ੌਜ ਵਾਪਸ ਸੱਦ ਲਈ ਗਈ ਹੈ ਪਰ ਮਿਸ਼ਨ ਜਾਰੀ ਹੈ ।

ਕੈਨੇਡਾ ਵਲੋਂ ਵਿਸ਼ੇਸ਼ ਫ਼ੌਜ, ਇੰਟੈਲੀਜੈਂਸ ਅਧਿਕਾਰੀ ਅਤੇ ਹੈਲੀਕਾਪਟਰ ਇਰਾਕ 'ਚ ਤਾਇਨਾਤ ਕੀਤੇ ਗਏ ਹਨ, ਜਿਹੜੇ ਅਮਰੀਕੀ ਫ਼ੌਜਾਂ ਦੀ ਮਦਦ ਕਰ ਰਹੇ ਹਨ ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਜੇ.ਐਨ.ਯੂ ਹਿੰਸਾ: ਪੰਥਕ ਜਥੇਬੰਦੀਆਂ ਵੱਲੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫੇ ਅਤੇ ਵੀਸੀ ਨੂੰ ਹਟਾਉਣ ਦੀ ਮੰਗ

**ਅੰਮ੍ਰਿਤਸਰ/ਏ.ਟੀ.ਨਿਊਜ਼** : ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ 'ਤੇ ਬੀਜੇਪੀ ਦੇ ਵਿਦਿਆਰਥੀ ਵਿੰਗ ਏਬੀਵੀਪੀ ਦੇ ਗੁੰਡਿਆਂ ਦੁਆਰਾ ਕੀਤੇ ਗਏ ਹਮਲੇ ਨੂੰ ਸਰਕਾਰੀ ਸ਼ਹਿ ਅਧੀਨ ਹੋਈ ਹਿੰਸਾ ਕਰਾਰ ਦਿੰਦਿਆਂ , ਦਲ ਖਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫੇ ਅਤੇ ਜੇ.ਐਨ.ਯੂ ਦੇ ਉੱਪ-ਕੁਲਪਤੀ ਨੂੰ ਹਟਾਉਣ ਦੀ ਮੰਗ ਕੀਤੀ ਹੈ।



ਦਲ ਖਾਲਸਾ ਦਫ਼ਤਰ ਵਿੱਚ ਭਾਰਤ ਵਿਚ ਵਿਗੜਦੀ ਰਾਜਨੀਤਿਕ ਸਥਿਤੀ ਅਤੇ ਜੇ.ਐਨ.ਯੂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ 'ਤੇ ਹੈਰਾਨ ਕਰਨ ਵਾਲੀ ਵਹਿਸ਼ੀ ਹਿੰਸਾ ਬਾਰੇ ਹੋਏ ਵਿਚਾਰ ਵਟਾਂਦਰੇ ਤੋਂ ਬਾਅਦ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਦਲ ਖਾਲਸਾ ਨੇ ਅਮਿਤ ਸ਼ਾਹ ਵੱਲੋਂ ਸੀਏਏ, ਐਨਆਰਸੀ ਅਤੇ ਐਨਆਰਪੀ ਦਾ ਵਿਰੋਧ ਕਰ ਰਹੇ ਨਾਗਰਿਕਾਂ ਨੂੰ ਧਮਕਾਉਣ ਅਤੇ ਮੁਸਲਮਾਨ ਅਤੇ ਵਿਦਿਆਰਥੀਆਂ ਦੀ ਜਾਨ-ਮਾਲ ਦੀ ਰਾਖੀ ਕਰਨ ਵਿੱਚ ਬੁਰੀ ਤਰਾਂ ਅਸਫ਼ਲ ਰਹਿਣ ਲਈ ਅਸਤੀਫੇ ਦੀ ਮੰਗ ਕੀਤੀ।

ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਜਾਮੀਆ ਅਤੇ ਜੇ.ਐਨ.ਯੂ ਦੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਤਬਾਹੀ ਮਚਾ ਰੱਖੀ ਹੈ। ਉਨਾਂ ਕਿਹਾ ਕਿ ਅਮਿਤ ਸ਼ਾਹ ਨੇ ਆਪਣੇ ਬਿਆਨ ਕਿ " ਟੁਕੜੇ-ਟੁਕੜੇ(ਜੇ. ਐਨ. ਯੂ. ਵਿਦਿਆਰਥੀ) ਗੈਂਗ ਨੂੰ ਸਬਕ ਸਿਖਾਇਆ ਜਾਵੇਗਾ" ਦੀ ਏ.ਬੀ.ਵੀ.ਪੀ ਦੇ ਗੁੰਡਿਆਂ ਕੋਲੋਂ ਪੂਰਤੀ ਕਰਵਾਈ ਹੈ।

ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਾਮੀਆ ਅਤੇ ਏਐਮਯੂ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਜੇ.ਐਨ.ਯੂ ਵਿਖੇ ਹੋਈ ਵਹਿਸ਼ੀ ਹਿੰਸਾ, ਇਹ ਸਾਫ ਕਰਦੀ ਹੈ ਕਿ ਭਾਜਪਾ ਆਪਣੇ ਫਾਸੀਵਾਦੀ ਮਾਰਗ ਤੋਂ ਪਿੱਛੇ ਨਹੀਂ ਹਟੇਗੀ ਅਤੇ ਵੱਖ ਵਿਚਾਰ ਰੱਖਣ ਵਾਲੇ ਵਿਦਿਆਰਥੀਆਂ, ਅਧਿਆਪਕਾਂ, ਰਾਏ-ਨਿਰਮਾਤਾਵਾਂ, ਸਿਵਲ ਸੁਸਾਇਟੀ ਦੇ ਮੈਂਬਰਾਂ ਅਤੇ ਮਨੁੱਖੀ ਅਧਿਕਾਰਾਂ ਦੇ ਰਖਵਾਲਿਆਂ ਦੀ ਜਾਨ ਦੀ ਪਰਵਾਹ ਕੀਤੇ ਬਿਨਾਂ ਪੂਰੇ ਦੇਸ਼ ਵਿਚ ਗੁਜਰਾਤ ਮਾਡਲ ਨੂੰ ਲਾਗੂ ਕਰਨ ਲਈ ਅੱਗੇ ਵਧੇਗੀ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਭਾਜਪਾ ਨੂੰ ਮਗਰਮੱਛ ਦੇ ਹੰਝੂ ਵਹਾਉਣੇ ਬੰਦ ਕਰਨੇ ਚਾਹੀਦੇ ਹਨ। ਉਨਾਂ ਕਿਹਾ ਕਿ ਇਸ ਨਾਲ ਜੇਐੱਨਯੂ ਵਿਖੇ ਵਿਦਿਆਰਥਣਾਂ ਅਤੇ ਅਧਿਆਪਕਾਂ 'ਤੇ ਏਬੀਵੀਪੀ ਵੱਲੋਂ ਕੀਤੀ ਗਈ ਹਿੰਸਾ ਦਾ ਸੱਚ ਲੁਕ ਨਹੀਂ ਸਕਦਾ।ਉਨਾਂ ਕਿਹਾ ਕਿ ਅਮਿਤ ਸ਼ਾਹ ਅਤੇ ਭਾਜਪਾ ਮੰਤਰੀ ਮੰਡਲ ਦੇ ਮੈਂਬਰਾਂ ਦੇ ਅਖੌਤੀ ਬਿਆਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਜ਼ਖਮਾਂ ਨੂੰ ਭਰ ਨਹੀਂ ਸਕਣਗੇ।

ਦਲ ਖਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਸੰਕਟ ਦੀ ਇਸ ਘੜੀ ਵਿੱਚ ਸਿੱਖ ਲੋਕਾਂ ਨੂੰ ਮੁਸਲਮਾਨਾਂ ਅਤੇ ਵਿਦਿਆਰਥੀਆਂ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਦੇਸ਼ ਭਰ ਦੇ ਵਿਦਿਅਕ ਅਦਾਰਿਆਂ ਅੰਦਰ ਕੁਰਸੀਆਂ 'ਤੇ ਬੈਠੇ ਅਹੁਦੇਦਾਰਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੀ ਇਸ ਗੁੰਡਾਗਰਦੀ ਦਾ ਵਿਰੋਧ ਕਰਨ ਅਤੇ ਵਿਦਿਆਰਥੀਆਂ ਦੇ ਹੱਕ ਵਿੱਚ ਖਲੋਣ। ਉਨਾਂ ਜਾਮੀਆ, ਏਐਮਯੂ ਅਤੇ ਜੇਐਨਯੂ ਵਿਖੇ ਸੰਘਰਸ਼ਸ਼ੀਲ ਵਿਦਿਆਰਥੀਆਂ ਅਤੇ ਸ਼ਾਹੀਨ ਬਾਗ ਵਿਖੇ ਮੁਜ਼ਾਹਰਾ ਕਰਨ ਵਾਲੀਆਂ ਮੁਸਲਿਮ ਔਰਤਾਂ ਨਾਲ ਪੂਰੀ ਏਕਤਾ ਦਾ ਪ੍ਰਗਟਾਵਾ ਕੀਤਾ।

ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਜੇਐਨਯੂ ਦੇ ਉਪ ਕੁਲਪਤੀ ਅਤੇ ਆਰਐਸਐਸ ਅਤੇ ਭਾਜਪਾ ਦਾ ਪੱਖ ਪੂਰਨ ਵਾਲਿਆਂ ਨੂੰ ਤੁਰੰਤ ਹਟਾਉਣ ਅਤੇ ਏਬੀਵੀਪੀ 'ਤੇ ਤੁਰੰਤ ਪਾਬੰਦੀ ਲਗਾਉਣ ਦੀ ਮੰਗ ਕੀਤੀ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰੋ ਮਹਿੰਦਰ ਪਾਲ ਸਿੰਘ, ਹਰਭਜਨ ਸਿੰਘ ਕਸ਼ਮੀਰੀ, ਰਣਬੀਰ ਸਿੰਘ ਵੀ ਹਾਜ਼ਰ ਸਨ।

# ਅੱਗ ਪੀੜਤਾਂ ਦੀ ਮਦਦ ਲਈ ਭਾਰਤੀ ਭਾਈਚਾਰਾ ਅੱਗੇ ਆਇਆ

**ਸਿਡਨੀ/ਏ.ਟੀ.ਨਿਊਜ਼:** ਆਸਟਰੇਲੀਆ ਵਿਚ ਅੱਗ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਭਾਰਤੀ ਭਾਈਚਾਰਾ ਅੱਗੇ ਆਇਆ ਹੈ। ਪੀੜਤਾਂ ਲਈ ਖਾਣ-ਪੀਣ, ਦਵਾਈਆਂ ਤੇ ਹੋਰ ਜ਼ਰੂਰੀ ਵਸਤਾਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ। ਅੱਗ ਨਾਲ ਨਿਪਟ ਰਹੇ 'ਰੂਰਲ ਫਾਇਰ ਵਰਕਸ' ਵਿਭਾਗ ਲਈ ਦਾਨ ਇਕੱਠਾ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਕੁਝ ਵਿਅਕਤੀਆਂ ਵੱਲੋਂ ਸੋਸ਼ਲ ਮੀਡੀਆ 'ਤੇ ਪੀੜਤਾਂ ਦੀ ਮਦਦ ਦੇ ਨਾਂ 'ਤੇ ਪੈਸੇ ਇਕੱਠੇ ਕਰਨ ਦਾ ਮਾਮਲਾ ਵੀ ਸਾਹਮਣੇ ਆਇਆ ਹੈ।



ਰਿਵਸਬੀ ਗੁਰਦੁਆਰੇ ਦੇ ਪ੍ਰਧਾਨ ਅਵਤਾਰ ਸਿੰਘ ਸਿੱਧੂ ਨੇ ਦਸ ਹਜ਼ਾਰ ਡਾਲਰ ਰੂਰਲ ਫਾਇਰ ਵਰਕਸ ਨੂੰ ਸਿੱਧੇ ਦੇਣ ਬਾਰੇ ਕਿਹਾ ਹੈ। ਭਾਈਚਾਰੇ ਦੇ ਕੁਝ ਲੋਕਾਂ ਨੇ ਅੱਗ ਦਾ ਸ਼ਿਕਾਰ ਹੋਏ ਪੀੜਤਾਂ ਨੂੰ ਆਪਣੇ ਘਰਾਂ ਵਿਚ ਥਾਂ ਦੇਣ ਦੀ ਪੇਸ਼ਕਸ਼ ਕੀਤੀ ਹੈ। ਗੋਪਿਓ (ਨੌਰਥ-ਵੈਸਟ) ਆਗੂ ਹਰਮੋਹਣ ਸਿੰਘ ਵਾਲੀਆ ਨੇ ਸੰਸਥਾ ਵੱਲੋਂ ਪੀੜਤਾਂ ਨੂੰ ਦੋ ਹਜ਼ਾਰ ਡਾਲਰ ਦੇਣ ਬਾਰੇ ਦੱਸਿਆ। ਗੁਰਦੁਆਰਾ ਪਾਰਕਲੀ ਦੇ ਮੁੱਖ ਸੇਵਾਦਾਰ ਪ੍ਰਿਥਪਾਲ ਸਿੰਘ ਟਿਵਾਣਾ ਨੇ ਕਿਹਾ ਕਿ ਕੌਮੀ ਆਫ਼ਤ ਲਈ ਪਹਿਲੇ ਪੜਾਅ ਤਹਿਤ 30,000 ਡਾਲਰ ਦਿੱਤੇ ਹਨ। ਹੁਣ ਤਰਾਸਦੀ ਵਧਣ ਮਗਰੋਂ ਦੂਜੇ ਪੜਾਅ ਲਈ ਦਾਨ ਇਕੱਠਾ ਕੀਤਾ ਜਾ ਰਿਹਾ ਹੈ।

ਰਿਵਸਬੀ ਗੁਰਦੁਆਰੇ ਵਿਚ ਉਸ ਵੇਲੇ ਵਿਵਾਦ ਖੜਾ ਹੋ ਗਿਆ ਜਦੋਂ ਕੁਝ ਲੋਕ ਛਬੀਲ ਲਾ ਕੇ ਸੰਗਤ ਨੂੰ ਆਪਣੇ ਵੱਲ ਖਿੱਚਣ ਮਗਰੋਂ ਉਨਾਂ ਕੋਲੋਂ ਅੱਗ ਪੀੜਤਾਂ ਦੇ ਨਾਂ 'ਤੇ ਨਕਦੀ ਲੈ ਰਹੇ ਸਨ। ਬਿਨਾਂ ਇਜਾਜ਼ਤ ਤੋਂ ਗੁਰਦੁਆਰੇ ਵਿਚੋਂ ਰਕਮ ਇਕੱਠੀ ਕਰਨ ਨੂੰ ਭੰਬਲਭੂਸਾ ਪੈਦਾ ਕਰਨ ਵਾਲੀ ਕਾਰਵਾਈ ਦੱਸਿਆ ਗਿਆ ਹੈ। ਗੁਰਦੁਆਰੇ 'ਚ ਮੱਥਾ ਟੇਕਣ ਆਏ ਇਕ ਸ਼ਰਧਾਲੂ ਨੇ ਦੱਸਿਆ ਕਿ ਛਬੀਲ ਮੌਕੇ ਉੱਥੇ ਖੜੇ ਇਕ ਵਿਅਕਤੀ ਨੇ ਅੱਗ ਪੀੜਤਾਂ ਲਈ ਪਾਣੀ ਦੀਆਂ ਬੋਤਲਾਂ ਖਰੀਦਣ ਦੀ ਗੱਲ ਕਹੀ, ਜਿਸ 'ਤੇ ਉਸ ਨੇ 350 ਡਾਲਰ ਦਾਨ ਕੀਤੇ ਪਰ ਕੋਈ ਰਸੀਦ ਨਹੀਂ ਮਿਲੀ।

ਅੱਗ ਪ੍ਰਭਾਵਿਤ ਖੇਤਰ ਵਿਚ ਫਾਰਮਾਸਿਸਟ ਰਾਜ ਗੁਪਤਾ ਦਾ ਘਰ ਵੀ ਸੜ ਚੁੱਕਾ ਹੈ, ਫਿਰ ਵੀ ਉਹ ਆਪਣੇ ਕੈਮਿਸਟ ਸਟੋਰ ਤੋਂ ਪੀੜਤਾਂ ਨੂੰ ਮੁਫ਼ਤ ਦਵਾਈਆਂ ਦੇ ਰਿਹਾ ਹੈ।

**ਪ੍ਰਧਾਨ ਮੰਤਰੀ ਵੱਲੋਂ ਪੀੜਤਾਂ ਦੇ ਮੁੜ ਵਸੇਬੇ ਲਈ ਫੰਡ ਰਾਖਵਾਂ ਰੱਖਣ ਦਾ ਐਲਾਨ**

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੋਰੀਸਨ ਨੇ ਅੱਗ ਪੀੜਤਾਂ ਦੇ ਮੁੜ ਵਸੇਬੇ ਲਈ ਦੋ ਅਰਬ ਡਾਲਰ ਦਾ ਫੰਡ ਆਉਂਦੇ ਦੋ ਸਾਲਾਂ ਲਈ ਰਾਖਵਾਂ ਕਰਨ ਦਾ ਐਲਾਨ ਕੀਤਾ ਹੈ। ਲੋਕਾਂ ਨੂੰ ਇਕ-ਦੂਜੇ ਦਾ ਸਾਥ ਦੇਣ ਲਈ ਕਿਹਾ ਗਿਆ ਹੈ। ਸਰਕਾਰੀ ਖ਼ੁਦਮੁਖ਼ਤਿਆਰ ਏਜੰਸੀ 'ਦਿ ਆਸਟਰੇਲੀਅਨ ਕੰਪੀਟੀਸ਼ਨ ਐਂਡ ਕੰਜ਼ਿਊਮਰ ਕਮਿਸ਼ਨ' ਨੇ ਇਸ ਤਰਾਸਦੀ ਦੇ ਨਾਮ ਹੇਠ ਫੰਡ ਉਗਰਾਹੁਣ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਵਿਸ਼ੇਸ਼ 'ਹਾਟ ਲਾਈਨ' ਖੋਲੀ ਹੈ। ਲੋਕਾਂ ਨੂੰ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ ਲਈ ਕਿਹਾ ਹੈ ਤਾਂ ਜੋ ਦਾਨ ਸੇਵਾ ਦੇ ਨਾਮ ਹੇਠ ਘੁਟਾਲਿਆਂ ਨੂੰ ਨੱਥ ਪਾਈ ਜਾ ਸਕੇ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.

Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਸਿੱਖਾਂ ਦੇ ਰੋਹ ਅੱਗੇ ਝੁਕੀ ਮੱਧ ਪ੍ਰਦੇਸ ਸਰਕਾਰ

## ਮੁੱਖਮੰਤਰੀ ਦਾ ਵਫ਼ਦ ਅੱਜ ਮਿਲੇਗਾ ਪੀੜਤ ਸਿੱਖਾਂ ਨੂੰ
## ਬਾਹਰੀ ਸਿੱਖਾਂ ਦੀ ਮਦਦ ਨਾਲ ਤਰਹਾਲ ਦੇ ਸਿੱਖਾਂ ਦਾ ਮਨੋਬਲ ਬਣਿਆ

**ਜਲੰਧਰ/ਏ.ਟੀ. ਨਿਊਜ਼:**-ਮੱਧ ਪ੍ਰਦੇਸ ਦੇ ਜ਼ਿਲਾ ਸਿਉਪੁਰ ਦੀ ਤਹਿਸੀਲ ਤਰਹਾਲ ਦੇ ਸਿੱਖ ਕਿਸਾਨਾਂ ਦੇ ਘਰਾਂ ਨੂੰ ਢਾਹੁਣ ਤੇ ਫਸਲਾਂ ਉਜਾੜਨ ਦੀ ਪ੍ਰਸ਼ਾਸਨ ਵਲੋਂ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਸਿੱਖ ਸੰਸਥਾਵਾਂ ਤੇ ਸਮਾਜ ਵਲੋਂ ਆਵਾਜ਼ ਉਠਾਏ ਜਾਣ ਕਾਰਨ ਠੱਲ ਪੈ ਗਈ ਹੈ ਤੇ ਪ੍ਰਸ਼ਾਸਨ ਨੇ ਆਪਣੀ ਗਲਤੀ ਦਾ ਅਹਿਸਾਸ ਕਰਦਿਆਂ ਸ੍ਰੋਮਣੀ ਕਮੇਟੀ ਵਲੋਂ ਗਏ ਵਫਦ ਨਾਲ ਮੁਲਾਕਾਤ ਤੋਂ ਬਾਅਦ ਕਾਰਵਾਈ ਕਰਨ ਵਾਲੇ ਤਹਿਸੀਲਦਾਰ ਨੂੰ ਮੁਅੱਤਲ ਕਰਕੇ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਜਿਕਰਯੋਗ ਹੈ ਕਿ ਚਾਰ ਦਿਨ ਪਹਿਲਾਂ ਪੁਲਿਸ ਦੀ ਧਾੜ ਲੈ ਕੇ ਗਏ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਉਥੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਜ਼ਮੀਨਾਂ ਆਬਾਦ ਕਰ ਕੇ ਬੈਠੇ ਸਿੱਖ ਕਿਸਾਨਾਂ ਦੇ ਦਰਜਨ ਦੇ ਕਰੀਬ ਘਰ ਪੂਰੀ ਤਰਾਂ ਢਾਹ ਦਿੱਤੇ ਸਨ ਤੇ 200 ਏਕੜ ਦੇ ਕਰੀਬ ਕਣਕ ਦੀ ਲਹਿਲਹਾਉਂਦੀ ਫਸਲ ਟਰੈਕਟਰ ਫੇਰ ਕੇ ਫਨਾਹ ਕਰ ਦਿੱਤੀ ਸੀ। ਕਈ ਕਿਸਾਨਾਂ ਦੀਆਂ ਰਜਿਸਟਰੀਆਂ ਵਾਲੀ ਜ਼ਮੀਨ ਤੇ ਘਰਾਂ ‘ਤੇ ਵੀ ਧੱਕੇ ਨਾਲ ਬੁਲਡੋਜਰ ਫੇਰ ਦਿੱਤੇ ਗਏ ਤੇ ਹੋਰ ਕਿਸਾਨਾਂ ਖਿਲਾਫ ਵੀ ਅ ਜਿਹਾ ਕੁਝ ਕਰਨ ਦੀ ਧਮਕੀ ਦਿੱਤੀ ਗਈ ਸੀ। ਸ੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਤੇ ਹੋਰ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਨੇ ਇਸ ਧੱਕੇਸਾਹੀ ਖਿਲਾਫ਼ ਆਵਾਜ਼ ਉਠਾਈ ਸੀ ਤੇ ਸ੍ਰੋਮਣੀ ਕਮੇਟੀ ਦਾ ਵਫਦ ਸ: ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਵਿਚ ਦੋ ਦਿਨ ਪਹਿਲਾਂ ਉਥੇ ਪੁੱਜਾ। ਪੁਲਿਸ ਪ੍ਰਸ਼ਾਸਨ ਨੇ ਵਫਦ ਨੂੰ ਸਵਿਪੁਰੀ ਲਾਗੇ ਕਾਫੀ ਸਮਾਂ ਰੋਕ ਕੇ ਰੱਖਿਆ ਪਰ ਆਖਰ ਜਾਣ ਦੀ ਆਗਿਆ ਦੇ ਦਿੱਤੀ। ਸਿੱਖ ਸਮਾਜ ਅੰਦਰ ਫੈਲ ਰਹੇ ਰੋਸ ਕਾਰਨ ਕਮਲਨਾਥ ਸਰਕਾਰ ਨੇ ਜ਼ਿਲਾ ਪ੍ਰਸ਼ਾਸਨ ਨੂੰ ਤੁਰੰਤ ਸ੍ਰੋਮਣੀ ਕਮੇਟੀ ਵਫਦ ਤੇ ਸਥਾਨਕ ਸਿੱਖਾਂ ਨਾਲ ਮਿਲਣ ਦਾ ਆਦੇਸ ਦਿੱਤਾ। ਪਤਾ ਲੱਗਾ ਹੈ ਕਿ ਬੀਤੀ ਸ਼ਾਮ ਕਰੀਬ 8 ਵਜੇ ਵਫਦ ਤੇ ਸਵਿਪੁਰੀ ਵਿਖੇ ਕਾਰ ਸੇਵਾ



ਚਲਾ ਰਹੇ ਬਾਬਾ ਤੇਗ ਸਿੰਘ ਨਾਲ ਜ਼ਿਲਾ ਪ੍ਰਸ਼ਾਸਨ ਨੇ ਮੁਲਾਕਾਤ ਕੀਤੀ। ਸ: ਗਰੇਵਾਲ ਨੇ ਦੱਸਿਆ ਕਿ ਪ੍ਰਸ਼ਾਸਨ ਦਾ ਵਤੀਰਾ ਬਦਲਿਆ ਹੋਇਆ ਸੀ ਤੇ ਉਨਾਂ ਸਾਡੀ ਗੱਲ ਬੜੇ ਗੌਰ ਨਾਲ ਸੁਣੀ ਤੇ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਤੇ ਅੱਗੇ ਤੋਂ ਕਿਸੇ ਵੀ ਸਿੱਖ ਕਿਸਾਨ ਵਿਰੁੱਧ ਕਾਰਵਾਈ ਨਾ ਕਰਨ ਦਾ ਭਰੋਸਾ ਦਿੱਤਾ । ਪ੍ਰਸ਼ਾਸਨ ਨੇ ਦੱਸਿਆ ਕਿ ਸਿੱਖਾਂ ਖਿਲਾਫ ਭੜਕਾਹਟ ਪੈਦਾ ਕਰਨ ਵਾਲੇ ਇਕ ਆਗੂ ਵਿਰੁੱਧ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ ਤੇ ਕਾਰਵਾਈ ਦੀ ਅਗਵਾਈ ਕਰਨ ਵਾਲੇ ਤਹਿਸੀਲਦਾਰ ਨੂੰ ਮੁਅੱਤਲ ਕਰ ਦਿੱਤਾ ਹੈ । ਜਦਕਿ ਵਫਦ ਨੇ ਸਥਾਨਕ ਸਿੱਖਾਂ ਵਲੋਂ ਮੰਗ ਰੱਖੀ ਕਿ ਢਾਹੇ ਘਰਾਂ ਤੇ ਉਜਾੜੀ ਫਸਲ ਦਾ ਪੂਰਾ ਮੁਆਵਜਾ ਦਿੱਤਾ ਜਾਵੇ। ਉਨਾਂ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਸਿਰਫ ਸਿੱਖ ਕਿਸਾਨਾਂ ਵਿਰੁੱਧ ਹੀ ਮੁਹਿੰਮ ਵਿੱਢਣ ਦੀ ਵੀ ਸਖ਼ਤ ਆਲੋਚਨਾ ਕੀਤੀ।

### ਮੁੱਖ ਮੰਤਰੀ ਦਾ ਵਫਦ ਅੱਜ ਪੁੱਜੇਗਾ

ਇਸੇ ਦੌਰਾਨ ਪਤਾ ਲੱਗਾ ਹੈ ਕਿ ਇਸ ਕਾਰਵਾਈ ਕਾਰਨ ਪੂਰੇ ਦੇਸ਼ ਅੰਦਰ ਸਿੱਖਾਂ ‘ਚ ਫੈਲ ਰਹੇ ਰੋਸ ਕਾਰਨ ਮੁੱਖ ਮੰਤਰੀ ਕਮਲ ਨਾਥ ਨੇ ਆਪਣੇ

ਬਾਕੀ ਸਫ਼ਾ 28 ’ਤੇ

# ਸਿੱਖਸ ਆਫ ਅਮਰੀਕਾ ਦਾ ਵਫ਼ਦ ਨਨਕਾਣਾ ਸਾਹਿਬ ਦੇ ਮੁੱਦੇ ਤੇ ਪਾਕਿਸਤਾਨ ਅੰਬੈਸਡਰ ਨੂੰ ਮਿਲਿਆ

**ਵਾਸ਼ਿੰਗਟਨ ਡੀ.ਸੀ (ਰਾਜ ਗੋਗਨਾ):** ਬੀਤੇਂ ਦਿਨ ਸਿੱਖਸ ਆਫ ਅਮਰੀਕਾ ਦਾ ਇਕ ਵਫ਼ਦ ਸ: ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ਼ ਅਮਰੀਕਾ ਦੀ ਅਗਵਾਈ ਚ’ ਪਾਕਿਸਤਾਨ ਦੇ ਅੰਬੈਸਡਰ ਡਾਕਟਰ ਅਸਦ ਮਜੀਦ ਨੂੰ ਨਨਕਾਣਾ ਸਾਹਿਬ ਦੇ ਮੁੱਦੇ ਦੇ ਸੰਬੰਧ ਵਿੱਚ ਮਿਲਿਆ। ਜਿੱਥੇ ਜਸਦੀਪ ਸਿੰਘ ਜੱਸੀ ਨੇ ਪਾਕਿਸਤਾਨ ਸਰਕਾਰ ਵੱਲੋਂ ਕੀਤੇ ਤੁਰੰਤ ਐਕਸ਼ਨ ਦੀ ਤਾਰੀਫ਼ ਕੀਤੀ। ਉਥੇ ਉਹਨਾਂ ਨਨਕਾਣਾ ਸਾਹਿਬ ਦੇ ਪ੍ਰਸ਼ਾਸਕਾਂ ਦਾ ਵੀ ਧੰਨਵਾਦ ਕੀਤਾ,ਜਿੰਨਾਂ ਨੇ ਸਾਰੀ ਸਥਿੱਤੀ ਨੂੰ ਤੁਰੰਤ ਕੰਟਰੋਲ ਕੀਤਾ।ਉਹਨਾਂ ਕਿਹਾ ਕਿ ਭਵਿੱਖ ਵਿੱਚ ਅਜਿਹੀ ਸਥਿਤੀ ਨੂੰ ਨਾਂ ਹੋਣ ਦਿੱਤਾ ਜਾਵੇ ਅਤੇ ਪਾਕਿਸਤਾਨ ਚ’ਸਿੱਖ ਭਾਈਚਾਰੇ ਦੀ ਜਾਨ ਮਾਲ ਦੀ ਰਾਖੀ ਕੀਤੀ ਜਾਵੇ।ਡਾਕਟਰ ਅਸਦ ਮਜੀਦ ਅੰਬੈਸਡਰ ਨੇ ਸਿੱਖਸ ਆਫ ਅਮਰੀਕਾ ਦੇ ਵਫ਼ਦ ਨੂੰ ਪੂਰਾ ਅਸ਼ਵਾਸਨ ਦਿੱਤਾ ਕਿ ਇਸ ਮਸਲੇ ਨੂੰ ਭਾਰਤ ਦੇ ਮੀਡੀਏ ਨੇ ਗਲਤ ਰੰਗਤ ਦਿੱਤੀ ਹੈ। ਜਿਸ ਕਰਕੇ ਸਿੱਖ ਭਾਈਚਾਰੇ ਨੂੰ ਠੇਸ ਪਹੁੰਚੀ ਹੈ। ਉਹਨਾ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸ ਸਥਿਤੀ ਨਾਲ ਸਖ਼ਤੀ ਨਾਲ ਨਿਪਟ ਕੇ ਹਾਲਾਤ ਨੂੰ ਕਾਬੂ ਕੀਤਾ । ਪਾਕਿਸਤਾਨ ਦੇ ਮੰਤਰੀਆਂ ਤੇ ਸਥਾਨਕ ਪ੍ਰਸ਼ਾਸਨ ਨੂੰ ਨਾਲ ਲੈ ਕੇ ਸਾਰੀ ਸਥਿਤੀ ਦਾ ਜਾਇਜਾ ਲਿਆ ਤੇ ਦੋਸ਼ੀ ਖ਼ਿਲਾਫ਼ ਕੇਸ ਦਰਜ ਕਰਕੇ ਸਖ਼ਤ ਧਰਾਵਾਂ ਤਹਿਤ ਉਸ ਨੂੰ ਜੇਲ ਦੀਆ ਸਲਾਖ਼ਾਂ ਪਿੱਛੇ ਸੁੱਟਿਆ ਹੈ। ਉਨਾ ਕਿਹਾ ਕਿ ਭਵਿਖ ਵਿੱਚ ਅਜਿਹੀ ਸਥਿਤੀ ਪੈਦਾ ਹੀ ਹੋਣ ਨਹੀਂ ਦਿੱਤੀ ਜਾਵੇਗੀ। ਸਿੱਖਾ ਨੂੰ ਹਰ ਕਿਸਮ ਦੀ ਮਦਦ ਤੇ ਸਕਿਉਰਟੀ ਦਾ ਖ਼ਾਸ ਖਿਆਲ ਵੀ ਰਖਿਆ ਜਾਵੇਗਾ।




> ਅੰਬੈਸਡਰ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਯਾਤਰਾ ਵੀਜ਼ਾ ਤੁਰੰਤ ਦਿੱਤਾ ਜਾ ਰਿਹਾ ਹੈ। ਜੋ ਸੰਗਤਾ ਗੁਰੂ ਘਰਾਂ ਦੇ ਪਾਕਿਸਤਾਨ ਦਰਸ਼ਨ ਕਰਕੇ ਆ ਰਹੇ ਹਨ । ਉਹ ਬਹੁਤ ਅੱਛੇ ਤਲੋਕਾਤ ਤੇ ਅਵਾਮ ਦੇ ਰਵਈਏ ਦੀ ਤਾਰੀਫ਼ ਕਰ ਰਹੇ ਹਨ। ਜੋ ਸਾਡੇ ਲਈ ਫ਼ਖ਼ਰ ਵਾਲੀ ਗੱਲ ਹੈ। ਉਹਨਾ ਕਿਹਾ ਕਿ ਅਸੀਂ ਜਲਦੀ ਹੀ ਸਥਾਨਕ ਗੁਰੂ ਘਰਾਂ ਵਿੱਚ ਵੀਜ਼ਾ ਪਨ ਹਾਊਸ ਸ਼ੁਰੂ ਕਰਕੇ ਸੰਗਤਾ ਨੂੰ ਪਾਕਿਸਤਾਨ ਗੁਰੂਘਰਾਂ ਦੇ ਦਰਸ਼ਨਾਂ ਲਈ ਵੀਜ਼ੇ ਦੇਵਾਂਗੇ ।

ਬਾਕੀ ਸਫ਼ਾ 28 ’ਤੇ

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

"The opinions expressed in this newspaper do not necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਰੋਜ਼ ਪਰੇਡ 2020 ਤੇ ਸਿੱਖ ਫਲੋਟ, ਸਿੱਖ ਉਮੀਦ, ਦਰਿਆਦਿਲੀ ਅਤੇ ਸਦਭਾਵਨਾ ਦਾ ਪ੍ਰਗਟਾਵਾ ਸਾਬਤ ਹੋਇਆ

**ਵਸਗਿਟਨ ਡੀਸੀ/(ਸੁਰਿੰਦਰ ਗਿੱਲ):** ਰੋਜ ਪਰੇਡ ਵਿੱਚ ਸਿੱਖ ਫਲੋਟ ਨੇ ਅਜਿਹੀ ਧੁੰਮ ਪਾਈ ਹੈਜਿਸ ਨੂੰ ਵੇਖ ਕੇ ਅਮਰੀਕਨ ਵੀ ਸੋਚਣ ਲਈ ਮਜਬੂਰ ਹੋ ਗਏ ਕਿ ਇਹ ਕੋਮ ਕਿੰਨੀ ਦਿਆਲੂ ਹੈ ਜਿਸ ਨੇ ਫਲੋਟ ਰਾਹੀਂ ਕਾਫੀ ਗੁੱਝਾ ਭੇਦ ਪ੍ਰਗਟ ਕਰ ਦਿੱਤਾ ਹੈ। ਫਲੋਟ ਨੂੰ ਵੇਖਦੇ ਹੀ ਤਾਲੀਆਂ ਦੀ ਗੂੰਜ ਨੇ ਅਸਮਾਨ ਸਿਰ ਤੇ ਚੁੱਕ ਲਿਆ। ਅਮੇਰਿਕਨ ਫਲੋਟ ਫਾਉਡੇਸਨ ਨੇ ਲਗਾਤਾਰ ਛੇਵੇਂ ਸਾਲ 5-ਮੀਲ ਪਰੇਡ ਮਾਰਗ 'ਤੇ ਇਕ ਫਲੋਟ ਬਣਾਕੇ ਚਲਾਇਆ। ਜਿਸ ਵਿੱਚ ਇਸ ਸਾਲ, ਕਾਫੀ ਮੈਦਾਨ, ਦਾਲ, ਅਖਰੋਟ, ਕ੍ਰੈਨਬੇਰੀ, ਮਸਾਲੇ ਅਤੇ ਨਾਰਿਅਲ ਫਲੇਕਸ ਜੋ 85 ਫੁੱਟ ਲੰਬੇ ਫਲੋਟ ਨੂੰ ਸਜਾਉਂਦੇ ਨਜਰ ਆਏ।ਜਿਸਦਾ ਸਿਰਲੇਖ ਸੀ "ਉਮੀਦ ਦੇ ਬੀਜ"

ਫਾਉਂਡੇਸਨ ਦੇ ਸਿਰਜਣਾਤਮਕ ਨਿਰਦੇਸਕ ਮਨਿੰਦਰ ਸਿੰਘ ਨੇ ਇੱਕ ਸਾਲ ਪਹਿਲਾਂ ਫਲੋਟ ਦੇ ਡਿਜਾਈਨ ਬਾਰੇ ਸੋਚਣਾ ਸੁਰੂ ਕੀਤਾ ਸੀ। ਉਸ ਨੂੰ ਇਸ ਸਾਲ ਦੇ ਪਰੇਡ ਦੇ ਥੀਮ, "ਉਮੀਦ ਦੀ ਤਾਕਤ" ਨੂੰ ਸਿੱਖ ਧਰਮ ਨਾਲ ਜੋੜਨ ਦੇ ਬਾਰੇ ਸੋਚਣਾ ਪਿਆ। ਅਖੀਰ ਵਿੱਚ, ਸਿੰਘ ਨੇ 18 ਵੀਂ ਸਦੀ ਤੋਂ ਇੱਕ ਸਿੱਖ ਭਾਈ ਘਨੱਈਆ ਸਿੰਘ ਜੀ ਨੂੰ ਇਕ ਮੂਰਤੀ ਰੂਪ ਵਿੱਚ ਸਥਾਪਤ ਕੀਤਾ ,ਜੋ ਵਿਸਵਾਸ ਦੇ ਬਾਵਜੂਦ, ਜੰਗ ਦੇ ਮੈਦਾਨ ਵਿੱਚ ਜਖਮੀ ਫੌਜੀਆਂ ਨੂੰ ਪਾਣੀ ਦੇਣ ਲਈ ਜਾਣਿਆ ਜਾਂਦਾ ਹੈ।

ਉਸ ਨੇ ਕਿਹਾ, "ਇਰਵਿੰਡਲ ਸਥਿਤ ਫੀਨਿਕਸ ਸਜਾਵਟ ਕੰਪਨੀ, ਸਿੰਘ ਅਤੇ 1,400 ਵਲੰਟੀਅਰ ਇੱਕ ਆਦਮੀ ਨੂੰ ਜੀਵਤ ਕਰਨ ਵਿੱਚ ਕਾਮਯਾਬ ਹੋਏ, ਜਿਸ ਨੇ ਮਿਸਾਲ ਦਿੱਤੀ ਕਿ ਦੁਨੀਆਂ ਕੀ ਹੈ।

ਫਲੋਟ ਵਿਚ ਪਾਣੀ ਭਰ ਉਸ ਦੇ ਦੁਆਲੇ 69,000 ਲਾਈਵ ਗੁਲਾਬ ਅਤੇ 16 ਬੱਚੇ ਪੇਸ ਧੱਕਾਏ ਗਏ । ਸਿੰਘ ਨੇ ਕਿਹਾ ਕਿ ਵੱਖ-ਵੱਖ ਪਿਛੋਕੜ ਵਾਲੇ ਬੱਚਿਆਂ ਦੀ ਮੌਜੂਦਗੀ ਦਾ ਪ੍ਰਦਰਸਨ ਕਰਨਾ ਮਹੱਤਵਪੂਰਣ ਸੀ, ਕਿਉਂਕਿ ਉਹ ਵਿਸਵ ਦੇ ਭਵਿੱਖ ਹਨ।

"ਜੇ ਅਸੀਂ ਅੱਜ ਨੌਜਵਾਨਾਂ ਦੇ ਮਨਾਂ ਵਿਚ ਪਿਆਰ, ਹਮਦਰਦੀ ਅਤੇ ਸੇਵਾ ਦੇ ਬੀਜ ਬੀਜਦੇ ਹਾਂ, ਤਾਂ ਉਹ ਭਵਿੱਖ ਵਿਚ ਇਕ ਅਜਿਹਾ ਸੰਸਾਰ ਤਿਆਰ ਕਰ ਸਕਦੇ ਹਨ ਜੋ ਵਧੇਰੇ ਸਾਂਤੀਪੂਰਣ, ਦਿਆਲੂ, ਪਿਆਰ ਭਰਿਆ ਅਤੇ ਸੁੰਦਰ ਹੋਵੇ," ਸਿੰਘ ਨੇ ਕਿਹਾ ਅਜਿਹਾ ਇਹ ਫਲੋਟ ਤਿਆਰ ਕੀਤਾ ਹੈ।

ਅੰਦਾਜਨ ਪੰਜ ਲੱਖ ਸਿੱਖ ਸੰਯੁਕਤ ਰਾਜ ਵਿੱਚ ਰਹਿੰਦੇ ਹਨ। ਇਸ ਧਰਮ ਦੀਆਂ ਜੜਾਂ ਭਾਰਤ ਦੀ 15 ਵੀਂ ਸਦੀ ਦੇ ਪੰਜਾਬ ਖੇਤਰ ਵਿਚ ਹਨ।

ਕੁਝ ਲੋਕ ਗਲਤ ਧਾਰਣਾ ਨਾਲ ਇਹ ਮੰਨਦੇ ਹਨ ਕਿ ਸਿੱਖ ਪਗੜੀ ਸਜਾਉਣ ਕਰਕੇ ਮੁਸਲਮਾਨ ਹਨ। 9/11 ਤੋਂ ਬਾਅਦ, ਜਦੋਂ ਇਸਲਾਮਫੋਬੀਆ ਵਧਦਾ ਜਾ ਰਿਹਾ ਸੀ, ਅਮਰੀਕੀ ਸਿੱਖਾਂ ਵਿਰੁੱਧ ਹਿੰਸਾ ਤੇਜ ਹੋ ਗਈ ਸੀ।

ਸਾਲ 2012 ਵਿੱਚ, ਮਿਲਵਾਕੀ ਵਿੱਚ ਇੱਕ ਸਿੱਖ ਗੁਰਦੁਆਰੇ ਵਿੱਚ ਹੋਈ ਇੱਕ ਭਾਰੀ ਗੋਲੀਬਾਰੀ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਸੀ।

ਰੋਜ ਪਰੇਡ 2020:ਵਿੱਚ ਸਿੱਖ ਉਮੀਦ, ਦਰਿਆਦਿਲੀ ਅਤੇ ਸਦਭਾਵਨਾ ਦੇ ਬੀਜ



ਬੀਜਣ ਲਈ ਇੱਕ ਫਲੋਟ ਤਿਆਰ ਕੀਤਾ ਗਿਆ।

ਕਿਉਕਿ ਹਾਲ ਹੀ ਵਿੱਚ, ਸਮੂਹ ਵਿਰੁੱਧ ਨਫਰਤ ਦੇ ਅਪਰਾਧਾਂ ਦੀਆਂ ਖਬਰਾਂ ਵਿੱਚ ਵਾਧਾ ਹੋਇਆ ਹੈ। 2015 ਵਿੱਚ, ਐਫਬੀਆਈ ਨੇ ਸਿੱਖਾਂ ਵਿਰੁੱਧ ਨਫਰਤ ਦੇ ਅਪਰਾਧ ਦੀਆਂ ਛੇ ਰਿਪੋਰਟਾਂ ਦਰਜ ਕੀਤੀਆਂ ਸਨ। ਕੈਲ ਸਟੇਟ ਵਿਖੇ ਨਫਰਤ ਅਤੇ ਅੱਤਵਾਦ ਦੇ ਅਧਿਐਨ ਕੇਂਦਰ ਦੇ ਡਾਇਰੈਕਟਰ, ਬ੍ਰਾਇਨ ਲੇਵਿਨ ਦੁਆਰਾ ਮੁਹੱਈਆ ਕਰਵਾਏ ਗਏ ਅੰਕੜਿਆਂ ਅਨੁਸਾਰ, ਸਾਲ 2018 ਵਿਚ 20 ਦੀ ਤੁਲਨਾ ਵਿਚ ਸਾਲ 2019 ਵਿਚ 200 ਪ੍ਰਤੀਸਤ ਵਾਧਾ ਹੋਇਆ ਸੀ।

ਲੇਵੀਨ ਨੇ ਇੱਕ ਇੰਟਰਵਿਊ ਵਿੱਚ ਕਿਹਾ, "ਸਿੱਖਾਂ ਉੱਤੇ ਨਾ ਸਿਰਫ ਇਸ ਲਈ ਹਮਲਾ ਕੀਤਾ ਜਾਂਦਾ ਹੈ ਕਿਉਂਕਿ ਉਹ ਮੁਸਲਮਾਨਾਂ ਵਰਗੇ ਨਜਰ ਅਉਦੇ ਹਨ, ਬਲਕਿ ਇਸ ਲਈ ਵੀ ਕਿ ਉਨਾਂ ਦੇ ਪੈਰੋਕਾਰ ਕੱਟੜਪੰਥੀ ਹਨ। ਉਸਨੇ ਨੋਟ ਕੀਤਾ ਕਿ ਕਾਨੂੰਨ ਲਾਗੂ ਕਰਨ ਵਾਲੇ ਅੰਕੜਿਆਂ ਦੇ ਇਕੱਤਰ ਕਰਨ ਵਿੱਚ ਤਬਦੀਲੀਆਂ ਅਤੇ "ਸਿੱਖ ਭਾਈਚਾਰੇ ਦੁਆਰਾ ਸਾਨਦਾਰ ਪਹੁੰਚ" ਨੇ ਰਿਪੋਰਟਾਂ ਵਿੱਚ ਨਾਟਕੀ ਵਾਧੇ ਵਿੱਚ ਹਿੱਸਾ ਪਾਇਆ ਹੈ।

ਸਥਾਨਕ ਸਿੱਖ ਪਰੇਡ ਨੂੰ ਵਿਦਿਅਕ ਅਵਸਰ ਵਜੋਂ ਸਾਰੇ ਵੇਖਦੇ ਹਨ। ਸਿੰਘ ਨੇ ਕਿਹਾ ਕਿ ਇਕ ਫਲੋਟ ਜੋ ਕਿ ਵਿਭਿੰਨਤਾ ਨੂੰ ਦਰਸਾਉਂਦਾ ਹੈ ਅਤੇ ਲੋਹਟਕਾ ਵਾਂਗ ਗੈਰ-ਸਿੱਖਾਂ ਨਾਲ ਕੰਮ ਕਰਦਾ ਹੈ, ਦਿਆਨਤ ਅਤੇ ਦਇਆ ਦੇ ਸੰਦੇਸ ਨੂੰ ਫੈਲਾਉਣ ਦੀ ਕੁੰਜੀ ਹੈ।

"ਅਸੀਂ ਸਾਰੇ ਆਜਾਦੀ, ਬਰਾਬਰੀ, ਹਮਦਰਦੀ ਅਤੇ ਸੇਵਾ ਵਿਚ ਵਿਸਵਾਸ ਕਰਦੇ ਹਾਂ," ਉਸਨੇ ਕਿਹਾ। "ਉਹ ਚੀਜਾਂ ਹਨ ਜੋ ਵੰਡ ਦੀਆਂ ਲਾਈਨਾਂ ਨੂੰ ਧੁੰਦਲਾ ਕਰਨ ਅਤੇ ਸਾਨੂੰ ਇਕੱਠੇ ਕਰਨ ਲਈ ਜਰੂਰੀ ਹਨ." ਜਿਸ ਲਈ ਇਹ ਫਲੋਟ ਤਿਆਰ ਕੀਤਾ ਹੈ।

ਉਨਾਂ ਕਿਹਾ, "ਅਸੀਂ ਸਿਰਫ ਸਿੱਖ ਭਾਈਚਾਰੇ ਦੀ ਹੀ ਨਹੀਂ ਬਲਕਿ ਹਰ ਘੱਟਗਿਣਤੀ ਦੀ ਨੁਮਾਇੰਦਗੀ ਕਰਦੇ ਹਾਂ ਜੋ ਮਹਾਨ ਰਾਸਟਰ ਲਈ ਯੋਗਦਾਨ ਪਾਉਂਦਾ ਹੈ ਅਤੇ ਸਤਿਕਾਰ ਅਤੇ ਮਨਾਉਣ ਦੇ ਹੱਕਦਾਰ ਹੈ," ਉਸਨੇ ਅੱਗੇ ਕਿਹਾ।

ਲੋਟਕਾ, ਜੋ ਕਿ ਗੈਰ-ਕਾਨੂੰਨੀ ਅਤੇ ਚਿੱਟਾ ਹੈ, ਨੇ ਕਿਹਾ ਕਿ ਉਨਾਂ ਲਈ ਹਮਦਰਦੀ ਦਾ ਸੰਦੇਸ ਮਹੱਤਵਪੂਰਣ ਹੈ ਕਿਉਂਕਿ ਇਹ "ਬਰਾਬਰੀ ਪੈਦਾ ਕਰਨ ਲਈ ਅੰਤਰ ਨੂੰ ਸਵੀਕਾਰ ਕਰਨ ਦੇ ਵਿਚਾਰ ਨੂੰ ਉਤਸਾਹਿਤ ਕਰਦਾ ਹੈ।

"ਮਨੁੱਖ ਜਾਤੀ ਨੂੰ ਇਹ ਸਮਝਣ ਦੀ ਜਰੂਰਤ ਹੈ ਕਿ ਇਹ ਮਨੁੱਖ ਜਾਤੀ ਹੈ," "ਇਹ ਇਕ ਥੀਮ ਹੈ ਜਿਸ ਨੂੰ ਅੱਜ ਵਧੇਰੇ ਪ੍ਰਮੁੱਖ ਹੋਣ ਦੀ ਜਰੂਰਤ ਹੈ."ਸੋ ਰੋਜ ਪਰੇਡ ਵਿੱਚ ਸਿੱਖਾਂ ਵੱਲੋਂ ਦਰਸਾਇਆ ਫਲੋਟ ਸਦਭਾਵਨਾ ਤੇ ਦਇਆ ਦਾ ਪ੍ਰਤੀਕ ਸਾਬਤ ਹੋ ਗੋਰਿਆਂ ਨੂੰ ਦਿਆਲੂ ਸਿੱਖਾਂ ਬਾਰੇ ਗਿਆਨ ਕਰਵਾ ਗਿਆ ਹੈ।

ਰਛਪਾਲ ਸਿੰਘ ਢੀਡਸਾ ਦੀ ਕੋਸਸਿ , ਸੋਚ ਤੇ ਮਿਹਨਤ ਨੇ ਅਜਿਹਾ ਰੰਗ ਲਿਆਦਾ ਹੈ।ਜਿਸ ਨੂੰ ਸਿੱਖ ਸਮੂਹਿਕ ਤੋਰ ਤੇ ਇਕਠੇ ਹੋ ਕੇ ਹਰ ਸਾਲ ਰੋਜ ਪਰੇਡ ਵਿੱਚ ਸਿੱਖਾਂ ਦੇ ਫਲੋਟ ਨੂੰ ਸਾਮਲ ਕਰ ਅਪਨੀ ਪਹਿਚਾਣ ਨੂੰ ਮਜਬੂਤ ਕਰਦੇ ਹਨ। ਜਿਸ ਦੀ ਚਰਚਾ ਪੂਰੇ ਅਮਰੀਕਾ ਵਿੱਚ ਹੈ।ਇਸ ਸਾਲ ਦਿਸ ਦੇ ਮੰਤਵ ਨੇ ਗੋਰਿਆਂ ਦੇ ਮਨਾ ਵਿੱਚ ਅਥਾਹ ਪਿਆਰ ਭਰ ਦਿੱਤਾ ਹੈ ਕਿ ਗੋਰੇ ਦੂਰ ਤੋ ਹੀ ਸਿੱਖ ਨੂੰ ਵੇਖਦੇ ਗਲਵੱਕੜੀ ਵਿੱਚ ਲੈਣ ਨੂੰ ਤਰਜੀਹ ਦੇਣ ਲੱਗ ਪਏ ਹਨ। ਜੋ ਇਸ ਪਰੇਡ ਦੇ ਫਲੋਟ ਦੀ ਸਮੂਲੀਅਤ ਦਾ ਕਮਾਲ ਹੈ। ਜੋ ਸਿੱਖਾਂ ਲਈ ਵਰਦਾਨ ਸਾਬਤ ਹੋਇਆ ਹੈ। ਇਹ ਸਾਰੀ ਮਿਹਨਤ ਸਿੱਖ ਭਾਈਚਾਰੇ ਦੇ ਸਮੂਹਿਕ ਸਹਿਯੋਗ ਦਾ ਨਤੀਜਾ ਹੈ।

## ਨਿਊਯਾਰਕ ਦੀ ਸੜਕ ਦਾ ਨਾਂ 'ਗੁਰਦੁਆਰਾ ਸਟਰੀਟ' ਤੇ ਕਲੋਨੀ ਦਾ ਨਾਂ 'ਪੰਜਾਬ ਐਵਨਿਊ' ਰਖਿਆ

**ਨਿਊਯਾਰਕ/(ਹੁਸਨ ਲੜੋਆ ਬੰਗਾ):** ਸਿੱਖਾਂ ਤੇ ਪੰਜਾਬੀਆਂ ਨੂੰ ਮਾਣ ਸਨਮਾਨ ਦੇਣ ਲਈ ਨਿਊਯਾਰਕ ਸਿਟੀ ਕੌਂਸਲ ਨੇ ਇਕ ਸੜਕ ਦਾ ਨਾਂ 'ਗੁਰਦੁਆਰਾ ਸਟਰੀਟ' ਤੇ ਇਕ ਕਲੋਨੀ ਦਾ ਨਾਂ 'ਪੰਜਾਬ ਐਵਨਿਊ' ਰਖੇ ਜਾਣ ਲਈ ਪ੍ਰਵਾਨਗੀ ਦਿੱਤੀ ਹੈ। ਸਿਟੀ ਕੌਂਸਲ ਵੱਲੋਂ ਪ੍ਰਵਾਨ ਕੀਤੇ ਬਿੱਲ ਅਨੁਸਾਰ ਲੈਫਰਟਸ ਬੋਲੇਵਰਡ ਤੇ 117 ਵੀਂ ਸਟਰੀਟ ਵਿਚਾਲੇ ਪੈਂਦੀ 97ਵੀਂ ਐਵਨਿਊ ਦਾ ਨਾਂ 'ਗੁਰਦੁਆਰਾ ਸਟਰੀਟ' ਤੇ 111ਵੀਂ ਸਟਰੀਟ ਤੇ 123ਵੀਂ ਸਟਰੀਟ ਵਿਚਾਲੇ ਪੈਂਦੀ 10



1ਵੀਂ ਐਵਨਿਊ ਦਾ ਨਾਂ 'ਪੰਜਾਬ ਐਵਨਿਊ' ਹੋਵੇਗਾ। ਬਿੱਲ ਪੇਸ਼ ਕਰਦਿਆਂ ਕੌਂਸਲ ਮੈਂਬਰ ਬੀਬੀ ਐਡਰੀਨ ਐਡਮਜ਼ ਨੇ ਕਿਹਾ ਕਿ ਸਿੱਖ ਤੇ ਪੰਜਾਬੀ ਭਾਈਚਾਰੇ ਨੂੰ ਉਨਾਂ ਵੱਲੋਂ ਦਿੱਤੇ ਯੋਗਦਾਨ ਬਦਲੇ ਸਥਾਨਕ ਤੇ ਸਮੁੱਚੇ ਸ਼ਹਿਰ ਵਿਚ ਮਾਨਤਾ ਦੇਣ ਦਾ ਕਾਰਜ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਸੀ। ਇਹ ਬਿੱਲ ਹੁਣ ਨਿਊਯਾਰਕ ਸ਼ਹਿਰ ਦੇ ਮੇਅਰ ਕੋਲ ਜਾਵੇਗਾ ਜਿਨਾਂ ਦੇ ਦਸਤਖਤਾਂ ਤੋਂ ਬਾਅਦ ਬਿੱਲ ਕਾਨੂੰਨ ਬਣ ਜਾਵੇਗਾ।


BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਭਾਰਤ ਵਿਚ ਪੁਲਸ ਅਤੇ ਨਿਆਂ ਵਿਵਸਥਾ ਨਿਘਾਰ ਵਲ

**-ਵਿਸ਼ਵਾ ਮਿੱਤਰ**

ਸੰਸਾਰ ਵਿੱਚ ਬਹੁਗਿਣਤੀ ਉਹਨਾਂ ਲੋਕਾਂ ਦੀ ਹੀ ਰਹੀ ਹੈ ਅਤੇ ਹੁਣ ਵੀ ਹੈ ਜਿਹੜੇ ਕੇਵਲ ਆਪਣੇ ਜਾਂ ਆਪਣੇ ਹੀ ਪਰਿਵਾਰ ਜਾਂ ਆਪਣੇ ਰੁਜ਼ਗਾਰ ਬਾਰੇ ਸੋਚਦੇ ਹਨ। ਕਿਸੇ ਦਾ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਹੋ ਜਾਵੇ, ਉਹਨਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ ਹੁੰਦਾ। ਅਖਬਾਰ ਪੜਦੇ ਪੜਦੇ ਜੇ ਕੋਈ ਦਰਦਨਾਕ ਸੜਕੀ ਦੁਰਘਟਨਾ ਦੀ ਤਸਵੀਰ ਆ ਜਾਵੇ ਤਾਂ ਖਬਰ ਪੜਨ ਦੀ ਬਜਾਏ ਸਫਾ ਪਰਤਾ ਦੇਂਦੇ ਹਨ ਅਤੇ ਨਾਲ ਹੀ ਕਹਿੰਦੇ ਹਨ, "ਇਹ ਤਾਂ ਰੋਜ਼ ਰੋਜ਼ ਦਾ ਵਰਤਾਰਾ ਹੈ, ਲੋਕ ਧਿਆਨ ਨਾਲ ਨਹੀਂ ਚਲਦੇ।" ਪਰ ਜੇ ਕਿਤੇ ਆਪਣੇ ਕਿਸੇ ਰਿਸ਼ਤੇਦਾਰ ਦੀ ਸੜਕ ਦੁਰਘਟਨਾ ਹੋ ਜਾਵੇ ਤਾਂ ਅਖਬਾਰ ਵਿੱਚ ਆਈ ਤਸਵੀਰ ਵਾਲਾ ਸਫਾ ਬੜਾ ਸੰਭਾਲ ਕੇ ਰੱਖਦੇ ਹਨ ਅਤੇ ਹਰ ਮਿਲਣ ਵਾਲੇ ਨੂੰ ਵਿਖਾਉਂਦੇ ਹਨ।

ਸਾਡੀ ਪੁਲਸ ਵਿੱਚ ਵੀ ਬਹੁਗਿਣਤੀ ਅਜਿਹੇ ਲੋਕਾਂ ਦੀ ਹੈ ਜੋ ਕਿਸੇ ਨਾਲ ਹੁੰਦੀ ਨਾਜਾਇਜ਼ ਉੱਤੇ ਜਾਂ ਤਾਂ ਸੋਚਦੇ ਹਨ 'ਸਾਨੂੰ ਕੀ' ਜਾਂ ਇੱਕ ਤਮਾਸ਼ੇ ਦੀ ਤਰਾਂ ਵੇਖ ਕੇ ਆਪਣਾ ਮਨੋਰੰਜਨ ਕਰਦੇ ਹਨ। ਹਾਂ, ਜੇ ਉੱਪਰੋਂ ਸਖ਼ਤ ਹਿਦਾਇਤਾਂ ਹੋਣ ਤਾਂ ਹਰਕਤ ਵਿੱਚ ਆ ਜਾਂਦੇ ਹਨ। ਭਾਰਤ ਵਿੱਚ ਕਈ ਅਜਿਹੀਆਂ ਘਟਨਾਵਾਂ ਹੋਈਆਂ ਹਨ ਜਿੱਥੇ ਪੁਲਸ ਨੂੰ ਤੁਰੰਤ ਐਕਸ਼ਨ ਲੈਣਾ ਚਾਹੀਦਾ ਸੀ ਪਰ ਇਸ ਨੇ ਵੇਖ ਕੇ ਵੀ ਅਣਵੇਖਿਆ ਕੀਤਾ।

ਲਗਭਗ ਸੱਤ ਸਾਲ ਪੁਰਾਣੀ ਘਟਨਾ ਹੈ। ਵ੍ਰਿੰਦਾਵਨ ਉੱਤਰ ਪ੍ਰਦੇਸ਼ ਵਿੱਚ ਇੱਕ ਬਾਲੇਂਦੂ ਸੁਆਮੀ ਨਾਮ ਦਾ ਵਿਅਕਤੀ ਹੈ ਜਿਸਦਾ ਆਪਣਾ ਆਸ਼ਰਮ ਹੈ। ਉੱਥੇ ਯੋਗ ਵਿੱਦਿਆ ਅਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਸਕੂਲੀ ਸਿੱਖਿਆ ਮਿਲਦੀ ਹੈ ਜੋ ਕਿ ਕਿਸੇ ਵੀ ਪ੍ਰਾਈਵੇਟ ਸਕੂਲ ਤੋਂ ਵਧੀਆ ਹੁੰਦੀ ਹੈ। ਬੱਚਿਆਂ ਨੂੰ ਪਹਿਨਣ ਲਈ ਕੱਪੜਾ, ਖਾਣਾ ਅਤੇ ਰਿਹਾਇਸ਼ ਵੀ ਮੁਫਤ ਮਿਲਦੀ ਹੈ। ਸੁਆਮੀ ਪਹਿਲਾਂ ਆਸਤਿਕ ਸੀ। ਵੇਦਾਂ, ਸਨਾਤਨ ਧਰਮ, ਆਰੀਆ ਸਮਾਜ, ਸ਼ਿਵ ਅਤੇ ਸਾਰੇ ਦੇਵੀ ਦੇਵਤਿਆਂ ਦਾ ਅਧਿਐਨ ਕਰਦਾ ਅਤੇ ਧਾਰਮਿਕ ਅਨੁਯਾਈਆਂ ਨੂੰ ਹਰ ਤਰਾਂ ਦੀ ਧਾਰਮਿਕ ਸਿੱਖਿਆ ਦਿੰਦਾ ਸੀ। ਉਸ ਦੇ ਸ਼ਰਧਾਲੂ ਕਈ ਪੱਛਮੀ ਦੇਸ਼ਾਂ ਵਿੱਚ ਵੀ ਬਣ ਗਏ। ਪਰ ਉਹ ਜਿੰਨਾ ਜਿਆਦਾ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਦਾ ਉਸ ਨੂੰ ਉਨਾ ਜਿਆਦਾ ਮਹਿਸੂਸ ਹੁੰਦਾ ਕਿ ਇਹ ਸਭ ਕੁਝ ਪਖੰਡ ਹੈ ਅਤੇ ਮੈਂ ਆਪਣੇ ਭਗਤਾਂ ਨੂੰ ਵੀ ਪਖੰਡ ਪਰੋਸ ਰਿਹਾ ਹਾਂ। ਅੰਤ ਵਿੱਚ ਉਹ ਨਾਸਤਿਕ ਬਣ ਗਿਆ ਅਤੇ ਧਾਰਮਿਕ ਕਰਮਕਾਡਾਂ ਦੇ ਨਾਮ ਉੱਤੇ ਹੁੰਦੀ ਲੁੱਟ ਖਸੁੱਟ ਦਾ ਵਿਰੋਧੀ ਬਣ ਗਿਆ। ਉਸ ਨੇ ਸਾਲ ਦੋ ਸਾਲ ਬਾਅਦ ਭਾਰਤ ਦੇ ਨਾਸਤਕ, ਵਿਚਾਰ ਵਟਾਂਦਰੇ ਲਈ ਇਕੱਠੇ ਕਰਨੇ, ਨਾਸਤਿਕਾਂ ਦਾ ਇੱਕ ਦੋ ਦਿਨ ਦਾ ਰਹਿਣ ਦਾ ਅਤੇ ਖਾਣ ਪੀਣ ਦਾ ਪ੍ਰਬੰਧ ਵੀ ਆਪਣੀ ਜੇਬ ਵਿੱਚੋਂ ਕਰਨਾ। ਪਰ ਇਸ ਵਾਰ ਉਸ ਨੇ ਭਾਰਤੀ ਨਾਸਤਿਕਾਂ ਦੇ ਨਾਲ ਨਾਲ ਵਿਦੇਸ਼ੀ ਨਾਸਤਿਕਾਂ ਨੂੰ ਵੀ ਸੱਦਾ ਦੇ ਦਿੱਤਾ ਅਤੇ ਪੁਲਸ ਕਮਿਸ਼ਨਰ ਤੋਂ ਸੰਮੇਲਨ ਕਰਨ ਦੀ ਲਿਖਤੀ ਆਗਿਆ ਵੀ ਲੈ ਲਈ। ਇਸ ਨੂੰ ਪੁਜਾਰੀ ਵਰਗ ਨੇ ਨਾਕਾਬਲੇ ਬਰਦਾਸ਼ਤ ਸਮਝਿਆ। ਕਈ ਮੰਦਿਰਾਂ ਦੇ ਪੁਜਾਰੀ ਇਕੱਠੇ ਹੋ ਕੇ, ਆਪਣੇ ਨਾਲ ਕਾਫ਼ੀ ਸਾਰੇ ਗੁੰਡੇ ਲੈ ਕੇ. ਤਲਵਾਰਾਂ, ਬਰਛਿਆਂ, ਮਸ਼ਾਲਾਂ ਨਾਲ ਲੈਸ ਹੋ ਕੇ ਆ ਗਏ ਅਤੇ ਨਾਹਰੇ ਲੱਗਾਉਣ ਲੱਗੇ, "ਧਰਮ ਕੀ ਨਗਰੀ ਮੇਂ ਨਾਸਤਿਕ ਸੰਮੇਲਨ ਨਹੀਂ ਹੋਨੇ ਦੇਂਗੇ।" ਤੇ ਬਿਨਾ ਕਿਸੇ ਵਾਰਨਿੰਗ ਹਮਲਾ ਕਰ ਦਿੱਤਾ। ਆਸ਼ਰਮ ਦੀ ਵਾੜ ਨੂੰ ਅੱਗ ਲੱਗਾ ਦਿੱਤੀ, ਫਰਨੀਚਰ ਭੰਨ ਦਿੱਤਾ ਅਤੇ ਨਾਸਤਿਕਾਂ ਨੂੰ ਜਾਨ ਬਚਾ ਕੇ ਭੱਜਣ ਲਈ ਮਜਬੂਰ ਕਰ ਦਿੱਤਾ।



ਸੁਆਮੀ ਨੇ ਮੌਕੇ ਉੱਤੇ ਖੜੀ ਪੁਲਸ ਨੂੰ ਕਮਿਸ਼ਨਰ ਦੀ ਆਗਿਆ ਵਿਖਾਈ ਪਰ ਪੁਲਸ ਅਫਸਰਾਂ ਦਾ ਜਵਾਬ ਸੀ ਕਿ ਅਸੀਂ ਹਜੂਮ ਅੱਗੇ ਕੁਝ ਨਹੀਂ ਕਰ ਸਕਦੇ। ਹੋਰ ਤਾਂ ਹੋਰ ਲੇਟ ਆਉਣ ਵਾਲੇ ਨਾਸਤਿਕ ਜਦੋਂ ਕਿਸੇ ਸਿਪਾਹੀ ਨੂੰ ਪੁੱਛਦੇ ਕਿ ਬਾਲੇਂਦੂ ਸੁਆਮੀ ਦਾ ਆਸ਼ਰਮ ਕਿੱਥੇ ਹੈ, ਤਾਂ ਪੁਲਸ ਦਾ ਜਵਾਬ ਹੁੰਦਾ, "ਜਾਨ ਦੀ ਖੈਰੀਅਤ ਚਾਹੁੰਦੇ ਹੋ ਤਾਂ ਇੱਥੋਂ ਦੌੜ ਜਾਉ।"

ਖੈਰ, ਜਦੋਂ ਪੁਜਾਰੀ ਆਪਣਾ ਕੰਮ ਕਰਕੇ ਚਲੇ ਗਏ ਤਾਂ ਬਚੇ ਖੁਚੇ ਨਾਸਤਿਕ ਫੇਰ ਇਕੱਠੇ ਹੋ ਗਏ ਅਤੇ ਸੈਮੀਨਾਰ ਕੀਤਾ।

ਹੁਣ ਜਦੋਂ ਤੋਂ ਭਾਜਪਾ ਦਾ ਰਾਜ ਆਇਆ ਹੈ ਕਿਸੇ ਵੀ ਵਿਰੋਧੀ ਵਿਚਾਰਾਂ ਵਾਲੇ ਨੂੰ ਜਾਂ ਮੁਲਸਲਮਾਨ, ਇਸਾਈ, ਦਲਿਤ ਨੂੰ ਭੀੜ ਵੱਲੋਂ ਕੁੱਟ ਕੁੱਟ ਕੇ ਮਾਰ ਦੇਣਾ ਆਮ ਗੱਲ ਹੋ ਗਈ ਹੈ। ਜਦੋਂ ਕਿਸੇ ਮੁਸਲਮਾਨ ਜਾਂ ਕਿਸੇ ਦਲਿਤ ਨੂੰ ਗਊ ਹੱਤਿਆ ਜਾਂ ਬੀਫ ਰੱਖਣ ਦੇ ਸ਼ੱਕ ਵਿੱਚ ਹੀ ਕੁੱਟ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ ਤਾਂ ਪੁਲਸ ਨੇ ਬਜਾਏ ਦੋਸ਼ੀਆਂ ਵਿਰੁੱਧ ਐਕਸ਼ਨ ਲੈਣ ਦੇ, ਉਲਟਾ ਜਿਹੜਾ ਮਾਰਿਆ ਗਿਆ ਉਸ ਦੇ ਪਰਿਵਾਰ ਦੇ ਮੈਂਬਰਾਂ ਵਿਰੁੱਧ ਹੀ ਕੋਰਟ ਵਿੱਚ ਚਲਾਨ ਪੇਸ਼ ਕਰ ਦਿੱਤਾ ਜਾਂ ਦੋਸ਼ੀਆਂ ਵਿਰੁੱਧ ਐਸੀ ਬੇਸਿਰ ਪੈਰ ਐੱਫ ਆਈ ਆਰ ਦਰਜ ਕੀਤੀ ਕਿ ਦੋਸ਼ੀ ਸਾਫ ਬਰੀ ਹੋ ਕੇ ਨਿਕਲ ਗਏ।

ਜਵਾਹਰ ਲਾਲ ਨਹਿਰੂ ਯੂਨੀਵਰਸਟੀ ਵਿਦਿਆਰਥੀ ਯੂਨੀਅਨ ਦੇ ਆਗੂ ਕਨਈਆ ਕੁਮਾਰ ਵਿਰੁੱਧ ਇੱਕ ਝੂਠਾ ਹੀ ਕੇਸ ਪਾ ਦਿੱਤਾ ਕਿ ਉਸ ਨੇ ਭਾਰਤ ਵਿਰੋਧੀ ਨਾਹਰੇ ਲਗਾਏ ਹਨ। ਉਸ ਅਤੇ ਉਸ ਦੇ ਸਾਥੀਆਂ ਦੀ ਵੀਡੀਓ ਨਾਲ ਛੇੜਛਾੜ ਕਰਕੇ ਅਸਲ ਆਵਾਜ਼ ਦੀ ਥਾਂ ਨਕਲੀ ਆਵਾਜਾਂ ਭਰ ਕੇ ਉਸ ਉੱਤੇ ਦੇਸ਼ ਧ੍ਰੋਹ ਦਾ ਕੇਸ ਪਾ ਦਿੱਤਾ। ਜਦੋਂ ਉਸ ਨੂੰ ਫੜ ਕੇ ਕੋਰਟ ਲਿਜਾ ਰਹੇ ਸਨ ਤਾਂ ਵਕੀਲਾਂ ਨੇ ਪੁਲਸ ਦੀ ਮੌਜੂਦਗੀ ਵਿੱਚ ਹੀ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਵੀਡੀਓ ਲੱਖਾਂ ਲੋਕਾਂ ਨੇ ਵੇਖੀ ਹੈ, ਜਿਸ ਵਿੱਚ ਵਕੀਲ ਤਾਂ ਕਨਈਆ ਕੁਮਾਰ ਨੂੰ ਲਗਾਤਾਰ ਕੁੱਟ ਰਹੇ ਸਨ ਪਰ ਕਨਈਆ ਕੁਮਾਰ ਨੂੰ ਪੁਲਸ ਨੇ ਇਵੇਂ ਚੁੱਕਿਆ ਹੋਇਆ ਸੀ ਕਿ ਉਹ ਆਪਣੇ ਬਚਾਉ ਲਈ ਆਪਣੇ ਹੱਥ ਪੈਰ ਵੀ ਨਾ ਹਿਲਾ ਸਕੇ। ਹੋਰ ਵੀ ਕਈ ਘਟਨਾਵਾਂ ਹਨ ਜਿਨਾਂ ਵਿੱਚ ਪੁਲਸ ਨੇ ਜਾਂ ਤਾਂ ਅਣਗਹਿਲੀ ਵਿਖਾਈ ਜਾਂ ਦੰਗਾਕਾਰੀਆਂ ਦਾ ਸਾਥ ਦਿੱਤਾ।

ਜਦੋਂ ਕਾਰ ਪਾਰਕਿੰਗ ਜਾਂ ਕਾਰ ਦੀ ਟੱਕਰ ਮਾਰਨ ਦੇ ਮਸਲੇ ਨਾਲ ਵਕੀਲਾਂ ਅਤੇ ਪੁਲਸ ਵਿਚਕਾਰ ਗੱਲ ਤੂੰ ਤੂੰ, ਮੈਂ ਮੈਂ ਤੋਂ ਅੱਗੇ ਵਧ ਗਈ ਤਾਂ ਵਕੀਲਾਂ ਨੇ ਕਾਨੂੰਨ ਹੱਥ ਵਿੱਚ ਲੈ ਕੇ ਪੁਲਸ ਕਰਮਚਾਰੀਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਸੀ। ਬਾਅਦ ਵਿੱਚ ਆ ਰਹੀਆਂ ਵੀਡੀਓ ਤੋਂ ਪਤਾ ਲੱਗਿਆ ਸੀ ਕਿ ਕੇਵਲ ਪੁਲਸ ਸਿਪਾਹੀ ਹੀ ਹਿੰਸਾ ਦਾ ਸ਼ਿਕਾਰ ਨਹੀਂ ਹੋਏ ਬਲਕਿ ਪੁਲਸ ਅਫਸਰ ਵੀ ਹਿੰਸਾ ਦੇ ਸ਼ਿਕਾਰ ਹੋਏ ਸਨ ਅਤੇ ਇਹਨਾਂ ਵਿੱਚ ਇੱਕ ਲੇਡੀ ਵੀ ਪੁਲਸ ਦੀ ਆਹਲਾ ਅਫਸਰ ਸੀ। ਪੁਲਸ ਨੇ ਧਰਨਾ ਦਿੱਤਾ, ਨਾਹਰੇਬਾਜੀ ਕੀਤੀ ਅਤੇ ਕਾਫ਼ੀ ਦੇਰ ਪ੍ਰੋਟੈਸਟ ਕਰਨ ਲਈ ਡਿਉਟੀਆਂ ਤੋਂ ਗੈਰ ਹਾਜ਼ਰ ਰਹੇ। ਹੁਣ ਉਹ ਹਰ ਪ੍ਰਕਾਰ ਦੀ ਹਿੰਸਾ ਦੇ ਵਿਰੁੱਧ ਕਹਿ ਰਹੇ ਸਨ ਅਤੇ ਦੋਸ਼ੀ ਵਕੀਲਾਂ ਉੱਤੇ ਸਖ਼ਤ ਕਾਰਵਾਈ ਲਈ ਕਹਿ ਰਹੇ ਹਨ। ਵਕੀਲਾਂ ਨੇ ਵੀ ਹੜਤਾਲ ਕਰ ਦਿੱਤੀ।

ਪਹਿਲਾਂ ਕਈ ਸਾਲ ਹਿੰਸਾ ਦੇਖ ਕੇ ਵੀ ਪੁਲਸ ਕਰਮਚਾਰੀ ਅਣਦੇਖੀ ਕਰਦੇ ਰਹੇ, ਹਿੰਸਾ ਦੇ ਦੋਸ਼ੀਆਂ ਨੂੰ ਢਿੱਲੀ ਜਿਹੀ ਐੱਫ ਆਈ ਆਰ ਨਾਲ ਬਚਾਉਂਦੇ ਰਹੇ। ਜੇ ਕੋਈ ਦੋਸ਼ੀ ਸਜਾ ਪਾ ਗਿਆ ਤਾਂ ਇਸ ਲਈ ਨਹੀਂ ਕਿ ਪੁਲਸ ਨੇ ਪੂਰੀ ਮੁਸਤੈਦੀ ਨਾਲ ਦੋਸ਼ੀ ਨੂੰ ਸਜਾ ਦਵਾ ਕੇ ਹਿੰਸਾ ਦੇ ਸ਼ਿਕਾਰ ਵਿਅਕਤੀ ਨੂੰ ਇਨਸਾਫ ਦਿਵਾਇਆ ਹੋਵੇ ਬਲਕਿ ਦੋਸ਼ੀਆਂ ਨੂੰ ਸਜਾਵਾਂ ਖੱਬੇ ਪੱਖੀ, ਲੋਕ ਪੱਖੀ ਜਥੇਬੰਦੀਆਂ ਦੇ ਦਬਾਅ ਪਾਉਣ ਕਾਰਣ ਹੋਈਆਂ। ਸਵਾਲ ਪੈਦਾ ਹੁੰਦਾ ਹੈ ਕਿ ਹੁਣ ਹੀ ਕਿਉਂ ਪੁਲਸ ਦੋਸ਼ੀਆਂ ਨੂੰ ਸਜਾਵਾਂ ਦੇਣ ਅਤੇ ਇਨਸਾਫ ਦੀ ਮੰਗ ਕਰ ਰਹੀ ਹੈ। ਕਾਰਣ ਤਾਂ ਸਪਸ਼ਟ ਹੈ ਕਿ ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ।

ਦੋਸ਼ੀ ਕੋਈ ਵੀ ਹੋਵੇ ਉਸ ਨੂੰ ਦੋਸ਼ ਅਨੁਸਾਰ ਸਜਾ ਜ਼ਰੂਰ ਮਿਲਣੀ ਚਾਹੀਦੀ ਹੈ, ਭਾਵੇਂ ਕੋਈ ਬਲਾਤਕਾਰੀ ਹੋਵੇ, ਚੋਰ ਹੋਵੇ, ਕਾਤਲ ਹੋਵੇ, ਡਾਕਟਰ ਹੋਵੇ, ਪੁਲਸ ਕਰਮਚਾਰੀ ਹੋਵੇ, ਝੂਠਾ ਮੁਕਾਬਲਾ ਕਰਨ ਵਾਲੀ ਪੁਲਸ ਹੋਵੇ, ਜੱਜ ਹੋਵੇ, ਵਕੀਲ ਹੋਵੇ, ਉੱਚ ਅਧਿਕਾਰੀ ਹੋਵੇ ਜਾਂ ਸਿਆਸਤਦਾਨ ਹੋਵੇ। ਵਿਰੋਧੀ ਪੱਖ ਦਾ ਕੋਈ ਵੀ ਸਿਆਸਤਦਾਨ, ਜਿਸ ਉੱਤੇ ਕਈ ਦੋਸ਼ ਲੱਗੇ ਹੋਣ, ਸੱਤਾ ਪੱਖ ਵਿੱਚ ਜਾਣ ਨਾਲ ਉਹ ਦੁੱਧ ਧੋਤਾ ਨਹੀਂ ਹੋ ਜਾਣਾ ਚਾਹੀਦਾ। ਮੁਕੱਦਮੇਂ ਕੇਵਲ ਵਿਰੋਧੀਆਂ ਉੱਤੇ ਹੀ ਕਿਉਂ, ਸੱਤਾ ਪੱਖ ਦੇ ਦੋਸ਼ੀਆਂ ਉੱਤੇ ਵੀ ਹੋਣੇ ਚਾਹੀਦੇ ਹਨ ਅਤੇ ਸਜਾਵਾਂ ਮਿਲਣੀਆਂ ਚਾਹੀਦੀਆਂ ਹਨ। ਦੇਸ਼ ਦੀ ਬਿਹਤਰੀ ਲਈ ਪੁਲਸ ਅਤੇ ਨਿਆਂ ਵਿਵਸਥਾ ਅਜਿਹੀਆਂ ਹੋਣ ਕਿ ਇਹਨਾਂ ਪ੍ਰਤੀ ਲੋਕਾਂ ਦਾ ਵਿਸ਼ਵਾਸ ਬਣੇ ਨਾ ਕਿ ਲੋਕ ਇਹਨਾਂ ਤੋਂ ਦੂਰ ਰਹਿਣ ਵਿੱਚ ਆਪਣੀ ਭਲਾਈ ਸਮਝਣ।

# ਵਰਲਡ ਸਿੱਖ ਪਾਰਲੀਮੈਂਟ ਵਲੋਂ ਨਨਕਾਣਾ ਸਾਹਿਬ ਘਟਨਾ ਦੀ ਨਿੰਦਾ

**ਨਿਊਯਾਰਕ / ਏ ਟੀ ਨਿਊਜ਼ :** ਵਰਲਡ ਸਿੱਖ ਪਾਰਲੀਮੈਂਟ ਨੇ ਬੀਤੇ ਦਿਨੀ ਪਾਕਿਸਤਾਨ ਚ ਨਨਕਾਣਾ ਸਾਹਿਬ ਦੇ ਗੁਰਦਵਾਰਾ ਜਨਮ ਅਸਥਾਨ ਸਾਹਿਬ ਦੇ ਬਾਹਰ ਕੁਝ ਮੁਸਲਿਮ ਲੋਕਾਂ ਵਲੋਂ ਕੀਤੀ ਨਾਹਰੇਬਾਜ਼ੀ ਅਤੇ ਪਥਰਾਓ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।

ਪਾਰਲੀਮੈਂਟ ਦੀ ਧਾਰਮਿਕ ਕੌਂਸਲ ਦੇ ਬੁਲਾਰੇ ਹਰਦਿਆਲ ਸਿੰਘ ਨੇ ਦੱਸਿਆ ਕਿ ਕੌਂਸਲ ਦੀ ਮੀਟਿੰਗ ਵਿਚ ਭਾਰਤੀ ਮੀਡਿਆ ਦੀ ਵੀ ਨਿਖੇਧੀ ਕੀਤੀ ਗਈ ਜਿਸ ਨੇ ਇਸ ਜ਼ਾਤੀ ਰੰਜਸ਼ ਦੇ ਮਾਮਲੇ ਨੂੰ ਦੋ ਫਿਰਕਿਆਂ ਦੀ ਟੱਕਰ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਸਿੱਖ ਪਾਰਲੀਮੈਂਟ ਨੇ ਸਿੱਖ ਅਤੇ ਮੁਸਲਿਮ ਦੋਵੇਂ ਭਾਈਚਾਰਿਆਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਸੀ ਸਦਭਾਵਨਾ ਬਣਾਈ ਰੱਖਣ ਅਤੇ ਕਿਸੇ ਕਿਸਮ ਦੀ ਸਿਆਸੀ ਸਾਜ਼ਿਸ਼ ਤੋਂ ਦੂਰ ਰਹਿਣ।

ਉਹਨਾਂ ਨੇ ਪਾਕਿਸਤਾਨ ਸਰਕਾਰ ਵਲੋਂ ਸਮੇਂ ਸਿਰ ਕਾਰਵਾਈ ਕਰਨ ਤੇ ਇਸ ਦਾ ਧੰਨਵਾਦ ਵੀ ਕੀਤਾ।

When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

# ਨਿਹੰਗ ਸਿੰਘਾਂ ਨੇ ਢੱਠੇ ਮੰਗੂ ਮੱਠ 'ਤੇ ਝੁਲਾਇਆ ਖਾਲਸਾਈ ਨਿਸ਼ਾਨ ਸਾਹਿਬ



**ਪੁਰੀ/ ਏ.ਟੀ. ਨਿਊਜ਼:** ਉੜੀਸਾ ਵਿੱਚ ਸਰਕਾਰ ਵੱਲੋਂ ਢਾਹੇ ਗਏ ਗੁਰੂ ਨਾਨਕ ਪਾਤਸ਼ਾਹ ਦੇ ਇਤਿਹਾਸਕ ਅਸਥਾਨ ਮੰਗੂ ਮੱਠ ਦੀ ਢੱਠੀ ਇਮਾਰਤ ਵਿਖੇ ਪਹੁੰਚ ਕੇ ਤਿੰਨ ਨਿਹੰਗ ਸਿੰਘਾਂ ਨੇ ਖੰਡਾ ਗੱਡ ਕੇ ਖਾਲਸੇ ਦਾ ਨਿਸ਼ਾਨ ਸਾਹਿਬ ਝੁਲਾ ਦਿੱਤਾ। ਇਹਨਾਂ ਤਿੰਨ ਸਿੰਘਾਂ ਦੀ ਪਛਾਣ ਜਬਰਜੰਗ ਸਿੰਘ, ਰਮਨਦੀਪ ਸਿੰਘ ਅਤੇ ਤੇਜਾ ਸਿੰਘ ਵਜੋਂ ਹੋਈ ਹੈ।

ਸਿੰਘਾਂ ਵੱਲੋਂ ਨਿਸ਼ਾਨ ਝੁਲਾਉਣ ਮਗਰੋਂ ਵੱਡੀ ਗਿਣਤੀ 'ਚ ਪੁਲਿਸ ਵੱਲੋਂ ਇਮਾਰਤ ਨੂੰ ਘੇਰਾ ਪਾ ਲਿਆ ਗਿਆ ਤੇ ਸਿੰਘਾਂ ਵੱਲੋਂ ਉੱਥੇ ਬੈਠ ਕੇ ਬਾਣੀ ਦਾ ਜਾਪ ਸ਼ੁਰੂ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਇਹ ਅਸਥਾਨ ਉੜੀਸਾ ਦੇ ਜਗਨਨਾਥ ਪੁਰੀ ਮੰਦਿਰ (ਸ਼੍ਰੀਮੰਦਿਰ) ਦੇ ਬਿਲਕੁਲ ਸਾਹਮਣੇ ਹੈ। ਦੱਸ ਦਈਏ ਕਿ ਗੁਰੂ ਨਾਨਕ ਪਾਤਸ਼ਾਹ ਆਪਣੀਆਂ ਉਦਾਸੀਆਂ ਦੌਰਾਨ ਇਸ ਅਸਥਾਨ 'ਤੇ ਆਏ ਸਨ ਤੇ ਉਹਨਾਂ ਇੱਥੇ ਬਾਣੀ ਉਚਾਰੀ ਸੀ। ਇੱਥੇ ਹੀ ਗੁਰੂ ਨਾਨਕ ਪਾਤਸ਼ਾਹ ਨੇ ਇੱਕ ਅਕਾਲ ਪੁਰਖ ਦੀ ਆਰਤੀ ਦੀ ਸਿੱਖਿਆ ਦਿੱਤੀ ਸੀ। ਪਰ ਪਿਛਲੇ ਸਮੇਂ 'ਚ ਇੱਥੇ ਜਗਨਨਾਥ ਪੁਰੀ ਮੰਦਿਰ ਦੀ ਸੁਰੱਖਿਆ ਅਤੇ ਸੁੰਦਰੀਕਰਨ ਲਈ ਬਣਾਏ ਜਾ ਰਹੇ ਗਲਿਆਰੇ ਲਈ ਮੰਗੂ ਮੱਠ ਨੂੰ ਢਾਹ ਦਿੱਤਾ ਗਿਆ ਸੀ।

ਪੁਲਿਸ ਵੱਲੋਂ ਪਾਏ ਘੇਰੇ ਤੋਂ ਬੇਪਰਵਾਹ ਸਿੰਘਾਂ ਨੇ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਬਾਣੀ ਦਾ ਜਾਪ ਪੂਰਾ ਹੋਣ 'ਤੇ ਹੇਠ ਉੱਤਰ ਆਉਣਗੇ ਤੇ ਉਹਨਾਂ ਨੂੰ ਜਬਰਨ ਉਤਾਰਨ ਦੀ ਗਲਤੀ ਨਾ ਕੀਤੀ ਜਾਵੇ। ਪੁਲਿਸ ਵੱਲੋਂ ਹਥਿਆਰਬੰਦ ਸਿੰਘਾਂ ਦੇ ਜਾਪ ਸਮਾਪਤ ਕਰਨ ਦੀ ਉਡੀਕ ਕੀਤੀ ਗਈ ਤੇ ਸਿੰਘਾਂ ਦੇ ਹੇਠ ਆਉਣ 'ਤੇ ਉਹਨਾਂ ਨੂੰ ਸਥਾਨਕ ਪੁਲਿਸ ਥਾਣੇ ਲਿਜਾਇਆ ਗਿਆ। ਉੜੀਸਾ ਪੋਸਟ ਦੀ ਖਬਰ ਮੁਤਾਬਿਕ ਜਿੱਥੇ ਕੁੱਝ ਦੇਰ ਦੀ ਪੁੱਛਗਿੱਛ ਮਗਰੋਂ ਇਹਨਾਂ ਸਿੰਘਾਂ ਨੂੰ ਛੱਡ ਦਿੱਤਾ ਗਿਆ।

ਜਬਰਜੰਗ ਸਿੰਘ ਨੇ ਕਿਹਾ ਕਿ ਉਹ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ 'ਤੇ ਆਪਣੇ ਇਸ ਇਤਿਹਾਸਕ ਅਸਥਾਨ ਉੱਤੇ ਨਤਮਸਤਕ ਹੋਣ ਅਤੇ ਬਾਣੀ ਦਾ ਜਾਪ ਕਰਨ ਆਏ ਸਨ।

# ਐੱਨਆਰਸੀ ਨੂੰ ਲੈ ਕੇ ਭਾਰਤੀ ਮੁਸਲਮਾਨਾਂ ਵਿਚ ਬੇਯਕੀਨੀ ਵਾਲਾ ਮਾਹੌਲ

**-ਪੀ. ਚਿਦੰਬਰਮ**

ਪਹਿਲੇ ਕਾਰਜਕਾਲ ਵਿਚ ਆਪਣੀਆਂ ਤਮਾਮ ਨਾਕਾਮੀਆਂ ਦੇ ਬਾਵਜੂਦ ਮੋਦੀ ਸਰਕਾਰ ਇਸ ਸਾਲ ਹੋਰ ਪ੍ਰਚੰਡ ਬਹੁਮਤ ਨਾਲ ਸੱਤਾ ਵਿਚ ਪਰਤੀ ਹੈ। ਅਜਿਹੇ ਵਿਚ ਉਸ ਦੇ ਸ਼ਾਸਨ ਵਿਚ ਦੇਸ਼ ਦੇ ਸੂਰਤੇਹਾਲ ਦੀ ਪੜਤਾਲ ਕਰਨੀ ਜ਼ਰੂਰੀ ਹੋ ਜਾਂਦੀ ਹੈ। ਇਸ ਵਿਚ ਸਭ ਤੋਂ ਪਹਿਲਾਂ ਤਾਂ ਆਰਥਿਕ ਮੋਰਚੇ ਦੀ ਚਰਚਾ ਜ਼ਰੂਰੀ ਹੋਵੇਗੀ ਜਿੱਥੇ ਰੋਜ਼ਾਨਾ ਬੁਰੀਆਂ ਖ਼ਬਰਾਂ ਦੀ ਭਰਮਾਰ ਦਿਖਾਈ ਦਿੰਦੀ ਹੈ। ਵਿਨਿਰਮਾਣ ਉਤਪਾਦਨ 3.8 ਫ਼ੀਸਦੀ ਤਕ ਸੁੰਗੜ ਗਿਆ, ਬਰਾਮਦ ਪਸਤ ਹੈ, ਦਰਾਮਦ ਸੁਸਤ ਹੈ, ਕਰਜ਼ੇ ਦਾ ਵਾਧਾ ਮੱਠਾ ਹੈ ਅਤੇ ਨਿਵੇਸ਼ ਵਿਚ ਗਿਰਾਵਟ ਦਾ ਰੁਖ਼ ਹੈ। ਓਥੇ ਹੀ ਮਹਿੰਗਾਈ ਲਗਾਤਾਰ ਵੱਧਦੀ ਜਾ ਰਹੀ ਹੈ।




ਮੋਦੀ ਸਰਕਾਰ ਦੇ ਸਾਬਕਾ ਮੁੱਖ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਣੀਅਨ ਨੇ ਮੌਜੂਦਾ ਆਰਥਿਕ ਸੁਸਤੀ ਨੂੰ ਅਸਾਧਾਰਨ ਦੱਸਿਆ ਹੈ। ਉਨਾਂ ਦਾ ਮੰਨਣਾ ਹੈ ਕਿ ਅਰਥਚਾਰਾ ਆਈਸੀਯੂ ਵਿਚ ਜਾਣ ਦੇ ਕੰਢੇ ਖੜਾ ਹੈ। ਸ਼ਾਸਨ ਵਿਵਸਥਾ ਦੀ ਗੱਲ ਕਰੀਏ ਤਾਂ ਦੂਜੇ ਕਾਰਜਕਾਲ ਵਿਚ ਮੋਦੀ ਸਰਕਾਰ ਨੇ ਮੁੱਖ ਤੌਰ 'ਤੇ ਉਨਾਂ ਮੋਰਚਿਆਂ 'ਤੇ ਕਦਮ ਚੁੱਕਿਆ ਹੈ ਜਿਨਾਂ ਦਾ ਆਮ ਆਦਮੀ ਨਾਲ ਕੋਈ ਖ਼ਾਸ ਸਰੋਕਾਰ ਨਹੀਂ ਸੀ, ਪਰ ਇਹ ਮੁੱਦੇ ਆਰਐੱਸਐੱਸ ਲਈ ਬਹੁਤ ਮਹੱਤਵਪੂਰਨ ਸਨ। ਇਨਾਂ ਵਿਚ ਤਤਕਾਲ ਤਿੰਨ ਤਲਾਕ ਕਾਨੂੰਨ, ਅਸਾਮ ਤੋਂ ਸ਼ੁਰੂ ਹੋਇਆ ਐੱਨਆਰਸੀ ਦਾ ਉਪਰਾਲਾ, ਧਾਰਾ 370 ਦੀ ਸਮਾਪਤੀ ਅਤੇ ਜੰਮੂ-ਕਸ਼ਮੀਰ ਸੂਬੇ ਦੀ ਵੰਡ ਅਤੇ ਜਲਦਬਾਜ਼ੀ ਵਿਚ ਪਾਸ ਕਰਵਾਏ ਗਏ ਨਾਗਰਿਕਤਾ ਤਰਮੀਮ ਕਾਨੂੰਨ ਭਾਵ ਸੀਏਏ ਵਰਗੇ ਮੁੱਦੇ ਸ਼ਾਮਲ ਸਨ। ਇਸ ਦਾ ਨਤੀਜਾ ਹੈ ਕਿ ਅੱਜ ਭਾਰਤੀ ਸਿਆਸੀ ਮੁਹਾਂਦਰਾ ਸਾਲ ਕੁ ਪਹਿਲਾਂ ਦੀ ਤੁਲਨਾ ਵਿਚ ਜ਼ਿਆਦਾ ਵਿਗੜਿਆ ਅਤੇ ਅਸਥਿਰ ਹੋਇਆ ਲੱਗਦਾ ਹੈ। ਇਸ ਦੌਰਾਨ ਸਮਾਜਿਕ ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਗਹਿਰਾ ਅਘਾਤ ਪੁੱਜਾ ਹੈ। ਰੋਜ਼ਾਨਾ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਤਣਾਅ ਵਧਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਚਿੰਤਤ ਕਰਨ ਵਾਲੀ ਗੱਲ ਇਹੀ ਹੈ ਕਿ ਪੂਰੀ ਦੁਨੀਆ ਨੇ ਹੁਣ ਇਸ 'ਤੇ ਗ਼ੌਰ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਆਖ਼ਰ ਭਾਰਤ ਦੀਆਂ ਸੜਕਾਂ 'ਤੇ ਕੀ ਹੋ ਰਿਹਾ ਹੈ। ਇਸ ਤੋਂ ਦੁਖੀ ਹੋ ਕੇ ਤਮਾਮ ਉੱਘੀਆਂ ਹਸਤੀਆਂ ਨੇ ਆਪਣਾ ਭਾਰਤ ਦੌਰਾ ਰੱਦ ਕੀਤਾ ਹੈ। ਓਥੇ ਹੀ ਅਮਰੀਕੀ ਕਾਂਗਰਸ ਦੀ ਇਕ ਕਮੇਟੀ ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਸ਼ੀਸ਼ਾ ਦਿਖਾਉਣ ਤੋਂ ਪਰਹੇਜ਼ ਨਹੀਂ ਕੀਤਾ। ਮੋਦੀ ਸਰਕਾਰ ਦੌਰਾਨ ਸੰਸਥਾਵਾਂ ਨੂੰ ਲਤਾੜਨ ਦਾ ਰੁਝਾਨ ਵੀ ਦੇਖਣ ਨੂੰ ਮਿਲ ਰਿਹਾ ਹੈ। ਤਮਾਮ ਸੰਸਥਾਵਾਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਬੇਮੁੱਖ ਹੋ ਰਹੀਆਂ ਹਨ। ਇਸ ਵਿਚ ਚੋਣ ਕਮਿਸ਼ਨ ਅਤੇ ਭਾਰਤੀ ਰਿਜ਼ਰਵ ਬੈਂਕ ਵਰਗੀਆਂ ਸੰਸਥਾਵਾਂ ਸਭ ਤੋਂ ਅੱਗੇ ਹਨ। ਸੂਚਨਾ ਕਮਿਸ਼ਨ ਵੀ ਆਪਣੇ ਅਰਥ ਗੁਆਉਂਦਾ ਜਾ ਰਿਹਾ ਹੈ। ਤਮਾਮ ਹੋਰ ਸੰਸਥਾਵਾਂ ਵੀ ਸਿਰਫ਼ ਸਰਕਾਰ ਦੀ ਖ਼ੁਸ਼ਾਮਦ ਵਿਚ ਲੱਗੀਆਂ ਹੋਈਆਂ ਹਨ।

ਫਿਰ ਵੀ ਅਜਿਹੇ ਸਿਆਹ ਦੌਰ ਵਿਚ ਕੁਝ ਹਟਵੀਆਂ ਗੱਲਾਂ ਜ਼ਰੂਰ ਹਨ। ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵੀ ਮੋਦੀ ਸਰਕਾਰ ਦੇ ਦੌਰ ਵਿਚ ਕੋਈ ਬਹੁਤੀ ਚੰਗੀ ਨਹੀਂ ਹੈ। ਆਏ ਦਿਨ ਦੇਸ਼ ਦੇ ਤਮਾਮ ਹਿੱਸਿਆਂ ਵਿਚ ਭਿਆਨਕ ਅਪਰਾਧਕ ਮਾਮਲਿਆਂ ਦੀਆਂ ਖ਼ਬਰਾਂ ਆਉਂਦੀਆਂ

**ਬਾਕੀ ਸਫ਼ਾ 28 'ਤੇ**

# ਸਿਆਟਲ ਦੇ ਨੌਜਵਾਨਾਂ ਵਲੋਂ ਸਾਂਝੇ ਕਾਰਜਾਂ ਵਿਚ ਸੇਵਾ ਕਰਨ ਦਾ ਫੈਸਲਾ

**ਸਿਆਟਲ : ਗੁਰਚਰਨ ਸਿੰਘ ਢਿੱਲੋਂ :** ਪੰਜਾਬੀ ਭਾਈਚਾਰੇ ਦੇ ਨੌਜਵਾਨਾਂ ਨੇ ਕਮਿਊਨਿਟੀ ਦੇ ਸਾਂਝੇ ਕਾਰਜਾਂ ਵਿਚ ਸੇਵਾ ਦੇ ਤੌਰ 'ਤੇ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ। ਗੋਲਡਨ ਕਰੀ ਰੈਸਟੋਰੈਂਟ ਕੈਂਟ ਵਿਚ 100 ਤੋਂ ਵੱਧ ਨੌਜਵਾਨਾਂ, ਨਾਮਵਰ ਕਾਰੋਬਾਰੀ ਅਤੇ ਪ੍ਰਮੁੱਖ ਸ਼ਖਸੀਅਤਾਂ ਨੇ ਪਹੁੰਚ ਕੇ ਲੋੜੀਂਦੇ ਤੇ ਸਾਂਝੇ ਕਾਰਜਾਂ ਵਿਚ ਯੋਗਦਾਨ ਪਾਉਣ ਲਈ ਵਿਚਾਰ ਵਟਾਂਦਰਾ ਕੀਤਾ। ਨੌਜਵਾਨਾਂ ਦੀ ਅਗਵਾਈ ਕਰ ਰਹੇ ਸੌਰਬ ਰਿਸ਼ੀ ਨੇ ਦੱਸਿਆ ਕਿ ਨੌਜਵਾਨ ਚਾਹੁੰਦੇ ਹਨ ਕਿ ਨਾਨ ਪ੍ਰੋਫਿਟ ਸੰਸਥਾ ਬਣਾ ਕੇ ਸਿਆਟਲ ਦੀ ਪ੍ਰਮੁੱਖ ਸ਼ਖਸੀਅਤਾਂ ਨਾਲ ਮੀਟਿੰਗ ਕਰਕੇ ਉਨਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਨੁੱਖਤਾ ਦੀ ਭਲਾਈ ਲਈ ਮਿਲ ਕੇ ਯੋਗਦਾਨ ਪਾ ਸਕੀਏ। ਕਰਮਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਪਿਛਲੇ ਸਾਲ ਵੀ ਹੜ ਪੀੜਤਾਂ ਦੀ ਸਹਾਇਤਾ ਲਈ ਖ਼ਾਲਸਾ ਏਡ ਨੂੰ ਫੰਡ ਭੇਜਿਆ ਸੀ ਅਤੇ ਹੁਣ ਅਸੀਂ ਚਾਹੁੰਦੇ ਹਾਂ ਕਿ ਕਮਿਊਨਿਟੀ ਲਈ ਕੁਝ ਕੰਮ ਕਰਕੇ ਆਪਣਾ ਯੋਗਦਾਨ ਪਾ ਸਕੀਏ। ਗਗਨਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਮੇਰੀ ਮੈਡੀਕਲ ਸਾਈਡ ਦੀ ਜਾਣਕਾਰੀ ਹੈ। ਮੈਂ ਮੈਡੀਕਲ ਲਾਈਨ ਬਾਰੇ ਬੱਚਿਆਂ ਨੂੰ ਗਾਈਡ ਕਰ ਸਕਦਾ ਹਾਂ। ਅੰਤਰਪ੍ਰੀਤ ਕੌਰ ਬੋਪਾਰਾਏ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਉਹ ਵਲੰਟੀਅਰ ਦੇ ਤੌਰ 'ਤੇ ਕਮਿਊਨਿਟੀ ਦੀ ਲੋੜੀਂਦੇ ਕੰਮਾਂ ਵਿਚ ਸੇਵਾ ਕਰਨੀ ਚਾਹੁੰਦੀ ਹੈ। ਉਨਾਂ ਸਲਾਹ ਦਿੱਤੀ ਕਿ ਦਾਜ ਦਹੇਜ ਅਤੇ ਵਿਆਹ ਸ਼ਾਦੀਆਂ ਤੇ ਫਾਲਤੂ ਖਰਚ ਕਰਨ ਦੀ ਪ੍ਰਥਾ ਵਧ ਚੁਕੀ ਹੈ, ਜਿਸ ਨੂੰ ਰੋਕਣਾ ਜ਼ਰੂਰੀ ਹੈ। ਪੰਜਾਬੀ ਭਾਈਚਾਰੇ ਵਲੋਂ ਬੁੱਧੀਜੀਵੀ ਹਰਦੇਵ ਸਿੰਘ ਜੱਜ, ਉਘੇ ਕਾਰੋਬਾਰੀ ਰਾਜਬਰੀ ਸਿੰਘ ਸੰਧੂ, ਪਿੰਟੂ ਬਾਠ, ਡਾ .ਹਰਚੰਦ ਸਿੰਘ, ਜਗਪਾਲ ਜੈਗ ਬਸਰਾ, ਸਤਵਿੰਦਰ ਕੌਰ ਕੌਂਸਿਲ ਮੈਂਬਰ, ਬਲਵੰਤ ਸਿੰਘ ਔਲਖ ਬੋਥਲ, ਬੀਬੀ ਰਾਜਿੰਦਰ ਕੌਰ ਸਮੇਤ ਕਈ ਬੁਲਾਰਿਆਂ ਨੇ ਨੌਜਵਾਨਾਂ ਵਲੋਂ ਉਪਰਾਲਾ ਕਰਨ ਦੀ ਇੱਛਾ ਦਾ ਸਵਾਗਤ ਕੀਤਾ ਅਤੇ ਪੰਜਾਬੀ ਭਾਈਚਾਰੇ ਵਲੋਂ ਪੂਰਾ ਸਹਿਯੋਗ ਦੇਣ ਦਾ ਵਿਸ਼ਵਾਸ਼ ਦੁਆਇਆ। ਹਰਦੇਵ ਸਿੰਘ ਨੇ ਦੱਸਿਆ ਕਿ ਨੌਜਵਾਨ ਸਾਡਾ ਭਵਿੱਖ ਹਨ। ਇਹ ਸੋਚ ਰੱਖਣਾ ਤੇ ਚੰਗੀ ਇੱਛਾ ਜ਼ਾਹਰ ਕਰਨਾ ਚੰਗੇ ਸੰਕੇਤ ਹਨ। ਸੌਰਬ ਨੇ ਦੱਸਿਆ ਕਿ ਸੀਨੀਅਰ ਸਿਟੀਜ਼ਨ ਸੈਂਟਰ ਤੇ ਸੀਨੀਅਰ ਸਿਟੀਜ਼ਨ ਲਈ ਕੇਂਦਰ ਸਥਾਪਤ ਕਰਨਾ ਚਾਹੁੰਦੇ ਹਨ। ਉਨਾਂ ਦੱਸਿਆ ਕਿ ਫਰਵਰੀ ਤੱਕ ਛੋਟੀ ਮੀਟਿੰਗ ਕਰਕੇ ਪ੍ਰੋਗਰਾਮ ਬਣਾਉਣਗੇ ਅਤੇ ਵਲੰਟੀਅਰ ਦੇ ਤੌਰ 'ਤੇ ਕੰਮ ਕਰਨ ਵਾਲਿਆਂ ਦੀ ਲਿਸਟ ਬਣਾ ਕੇ ਇਕ ਇਕ ਕੰਮ ਕਰਨ ਲਈ ਪ੍ਰੋਗਰਾਮ ਉਲੀਕਣਗੇ। ਅਪ੍ਰੈਲ ਵਿਚ ਨੌਜਵਾਨਾਂ ਦੀ ਪੰਜਾਬੀ ਭਾਈਚਾਰੇ ਦੇ ਲੋਕਾਂ ਨਾਲ ਮੀਟਿੰਗ ਕਰਕੇ ਸ਼ੁਰੂਆਤ ਕਰਨਗੇ। ਪੰਜਾਬੀ ਭਾਈਚਾਰੇ ਵਲੋਂ ਨਵੇਂ ਸਾਲ, ਨਵੀਂ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਆਸ ਪ੍ਰਗਟ ਕੀਤੀ ਕਿ ਨੌਜਵਾਨ ਕਮਿਊਨਿਟੀ ਲਈ ਵਧੀਆ ਕੰਮ ਕਰ ਸਕਦੇ ਹਨ।



*ਫੋਟੋ : ਨੌਜਵਾਨਾਂ ਵਲੋਂ ਮੀਟਿੰਗ 'ਚ ਪਹੁੰਚੇ ਕਾਰੋਬਾਰੀ, ਬੁੱਧੀਜੀਵੀ ਅਤੇ ਸਲਾਹਕਾਰਾਂ ਦੀਆਂ ਝਲਕੀਆਂ ਅਤੇ ਗਤੀਵਿਧੀਆਂ।*

# ਕੁਕਨੁਸ ਦੀ ਰਾਖ ਵਿੱਚੋਂ ਫਿਰ ਜਨਮੀ ਫੈਜ਼ ਦੀ ਉਹ ਨਜ਼ਮ



**ਰਮਜੀਤ ਸਿੰਘ ਚੰਡੀਗੜ**
# 99150-91063

ਪਾਠਕਾਂ ਦੀ ਸੂਝ ਸਿਆਣਪ ਵਿੱਚ ਇਨਕਲਾਬੀ ਰੰਗ ਭਰਨ ਲਈ ਅਸੀਂ ਫੈਜ਼ ਅਹਿਮਦ ਫੈਜ ਦੀ ਚਰਚਿਤ ਕਵਿਤਾ "ਹਮ ਦੇਖੇਂਗੇ" ਦਾ ਸੌਖਾ ਤਰਜਮਾਂ ਪੰਜਾਬੀ ਵਿੱਚ ਪੇਸ਼ ਕਰ ਰਹੇ ਹਾਂ। ਜੇਲ ਵਿੱਚ ਲਿਖੀ ਇਹ ਕਵਿਤਾ ਫਿਰ ਬਾਅਦ ਵਿੱਚ ਇਕਬਾਲ ਬਾਨੋ ਨੇ ਗਾਈ ਜੋ ਉਰਦੂ ਦੀ ਪ੍ਰਸਿੱਧ ਤੇ ਪਿਆਰੀ ਗ਼ਜ਼ਲਗੋ ਸੀ। ਇਹ ਕਵਿਤਾ ਇੱਕ ਤਰਾਂ ਨਾਲ ਵਕਤ ਦੇ ਹਾਕਮ ਤੇ ਤਾਨਾਸ਼ਾਹ ਜ਼ਿਆ ਉਲ ਹੱਕ ਦੇ ਖਿਲਾਫ਼ ਸੀ ਹੁਣ ਇਹ ਤਿੰਨੇ ਦੁਨੀਆਂ ਵਿੱਚ ਨਹੀਂ ਰਹੇ ,ਪਰ ਇਹ ਕਵਿਤਾ ਹੁਣ ਕਾਨਪੁਰ ਦੇ ਵਿਦਿਆਰਥੀਆਂ ਦੇ ਬੁੱਲਾਂ ਤੇ ਜਦੋਂ ਆਈ ਤਾਂ ਇੱਕ ਨਵਾਂ ਤੂਫਾਨ ਦੇਸ਼ ਵਿੱਚ ਉੱਠ ਖੜਾ ਹੋਇਆ ਅਤੇ ਇਹ ਕਵਿਤਾ ਫਿਰਕਾਪ੍ਰਸਤ ਬਣਾਈ ਗਈ ।

ਹੁਣ ਤੁਸੀਂ ਹੀ ਫ਼ੈਸਲਾ ਕਰੋ।

ਇਹ ਕਵਿਤਾ ਸਭ ਲਿਤਾੜੇ ਤੇ ਲੁੱਟੇ ਪੁੱਟੇ ਅਤੇ ਆਜ਼ਾਦੀ ਦੀ ਲੜਾਈ ਲੜ ਰਹੇ ਲੋਕਾਂ ਲਈ ਪ੍ਰੇਰਨਾ ਦਾ ਚਾਨਣ ਹੈ, ਭਾਵੇਂ ਉਹ ਜੁਝਾਰੂ ਸਿੰਘ ਹੋਣ ਤੇ ਭਾਵੇਂ ਬਸਤਰ ਦੇ ਜੰਗਲਾਂ ਵਿੱਚ ਜੂਝ ਰਹੇ ਨਕਸਲੀ ਯੋਧੇ।

ਆ ਰਹੀ ਹੈ ਉਹ ਸਗਨਾਂ ਭਰੀ ਸਵੇਰ ਜਦੋਂ ਅਸੀਂ ਸਾਰੇ ਉਸ ਸਵੇਰ ਦੇ ਰੰਗ ਨੂੰ ਦੇਖਾਂਗੇ।
ਹਾਂ, ਹਾਂ, ਅਸੀਂ ਸਾਰੇ ,ਯਕੀਨਨ, ਉਹ ਦਿਨ ਉਹ ਘੜੀਆਂ ਦੇਖਾਂਗੇ।
ਉਹ ਦਿਨ -ਜਿਸ ਦਾ ਕੋਈ ਇਕਰਾਰ ਹੈ। ਕੋਈ ਵਾਅਦਾ ਹੈ ।
ਤਕਦੀਰ ਨੇ ਉਹ ਦਿਨ ਲਿਖਿਆ ਹੈ ।ਅਸੀਂ ਸਾਰੇ ਦੇਖਾਂਗੇ।
ਜਦੋਂ ਜ਼ੁਲਮ ਦੇ ਪਹਾੜ ਅੱਕ ਦੇ ਫੰਭੇ ਵਾਂਗ ਹਵਾ ਵਿੱਚ ਉੱਡ ਜਾਣਗੇ।
ਹਾਂ ਅਸੀਂ ਨਜ਼ਾਰਾ ਦੇਖਾਂਗੇ ,ਜਦੋਂ ਲਿਤਾੜੇ ਹੋਏ ਲੋਕਾਂ ਦੇ ਹੇਠਾਂ ਜ਼ਮੀਨ ਕੰਬ ਉੱਠੇਗੀ।
ਜਦੋਂ ਹਾਕਮਾਂ ਦੇ ਸਿਰ ਤੇ ਬਿਜਲੀ ਡਿੱਗੇਗੀ ।ਹਾਂ, ਅਸੀਂ ਦੇਖਾਂਗੇ, ਲਾਜ਼ਮੀ ਦੇਖਾਂਗੇ।
ਜਦੋਂ ਅਸੀਂ ਮਾਸੂਮ, ਨਿਰਦੋਸ਼ ਤੇ ਸਾਨੂੰ ਗਰੀਬ ਗੁਰਬਿਆਂ ਨੂੰ ਇੱਜ਼ਤ ਦੇ ਉੱਚੇ ਮੁਕਾਮ ਤੇ ਬਿਠਾਇਆ ਜਾਵੇਗਾ ।ਅਸੀਂ ਉਹ ਘੜੀਆਂ ਵੀ ਦੇਖਾਂਗੇ।
ਜਦੋਂ ਹਾਕਮਾਂ ਦੇ ਤਾਜ ਪੈਰਾਂ ਹੇਠ ਲਿਤਾੜੇ ਜਾਣਗੇ।
ਜਦੋਂ ਹਾਕਮ ਮੂਧੜੇ ਮੂੰਹ ਡਿੱਗਣਗੇ ਜੋ ਆਪਣੇ ਆਪ ਨੂੰ ਖ਼ੁਦ ਖ਼ੁਦਾ ਮੰਨੀ ਬੈਠੇ ਹਨ।
ਜਦੋਂ ਕੇਵਲ ਇੱਕ ਰੱਬ ਦਾ ਨਾਂ ਹੀ ਰਹੇਗਾ ਜੋ ਗਾਇਬ ਵੀ ਹੈ ਤੇ ਹਾਜ਼ਰਾ ਹਜ਼ੂਰ ਵੀ ਹੈ।
ਜਦੋਂ ਸੱਚ ਦਾ ਚੰਦਰਮਾ ਚੜੇਗਾ ਅਤੇ ਜਦੋਂ ਖਲਕਤ ਰਾਜ ਕਰੇਗੀ।
ਹਾਂ ਅਸੀਂ, ਹਾਂ ਤੁਸੀਂ, ਹਾਂ ਅਸੀਂ ਸਾਰੇ ਰਾਜ ਭਾਗ ਦੇ ਮਾਲਕ ਹੋਵਾਂਗੇ। ਹਾਂ ਅਸੀਂ ਉਹ ਦਿਨ ਦੇਖਾਂਗੇ।

ਦੋਸਤੋ! ਉਨਾਂ ਦਿਨਾਂ ਵਿੱਚ ਪਾਕਿਸਤਾਨ ਅੰਦਰ ਕਾਲੇ ਰੰਗ ਉੱਤੇ ਪਾਬੰਦੀ ਲੱਗ ਗਈ ਸੀ। ਸਾੜੀ ਪਹਿਨਣ ਉੱਤੇ ਵੀ ਪਾਬੰਦੀ ਸੀ। ਪਰ ਇਕਬਾਲ ਬਾਨੋ ਨੇ ਜੁਰਅਤ ਕੀਤੀ ਤੇ ਉਹ ਕਾਲੀ ਸਾੜੀ ਪਾ ਕੇ ਸਟੇਜ ਉੱਤੇ ਆਈ। ਇਹ ਇਕ ਤਰਾਂ ਨਾਲ ਬਗਾਵਤ ਹੀ ਸੀ।

ਤੁਹਾਨੂੰ ਦੋਸਤੋ, ਯਾਦ ਹੋਵੇਗਾ ਕਿ ਸਿੱਖ ਕੌਮ ਨੇ ਵੀ ਇੱਕ ਦੌਰ ਵਿੱਚ ਅੰਗਰੇਜ਼ਾਂ ਦੇ ਜ਼ੁਲਮ ਦੇ ਖਿਲਾਫ ਰੋਸ ਵਜੋਂ ਕਾਲੀਆਂ ਦਸਤਾਰਾਂ ਤੇ ਕਾਲੇ ਦੁਪੱਟਿਆਂ ਦਾ ਹੜ ਲੈ ਆਂਦਾ ਸੀ

ਦੋਸਤੋ ,ਜਦੋਂ ਇਕਬਾਲ ਬਾਨੋ ਗਾ ਰਹੀ ਸੀ ਤਾਂ ਮਾਹੌਲ ਇਨਕਲਾਬ ਦੇ ਨਾਅਰਿਆਂ ਨਾਲ ਗੂੰਜ ਉੱਠਿਆ ਅਤੇ ਸਾਰੇ ਲੋਕ ਇਕ ਆਵਾਜ਼ ਵਿੱਚ ਇਕਬਾਲ ਬਾਨੋ ਦੇ ਨਾਲ ਹੀ ਗਾਉਣ ਲੱਗ ਪਏ।

ਫ਼ੌਜੀ ਸਿਪਾਹੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਹ ਕੀ ਹੋ ਗਿਆ! ਲਾਈਟਾਂ ਬੁਝਾ ਦਿੱਤੀਆਂ ਗਈਆਂ ।ਮਾਈਕ ਬੰਦ ਕਰ ਦਿੱਤਾ ਗਿਆ ਪਰ ਗੀਤ ਫਿਰ ਵੀ ਚੱਲਦਾ ਰਿਹਾ ।ਲੋਕ ਇਹ ਗੀਤ ਗਾਉਂਦੇ ਰਹੇ ।ਫਿਰ ਇਹ ਗੀਤ ਕਿਸੇ ਤਰਾਂ ਬਾਹਰ ਆ ਗਿਆ ਅਤੇ ਦੁਨੀਆਂ ਭਰ ਵਿੱਚ ਪਹੁੰਚ ਗਿਆ।

ਦੋਸਤੋ !ਜਦੋਂ ਪੰਜਾਹ ਹਜ਼ਾਰ ਦੇ ਇਕੱਠ ਵਿੱਚ ਸਾਰੇ ਲੋਕ ਇਕਬਾਲ ਬਾਨੋ ਦੇ ਨਾਲ ਗਾ ਰਹੇ ਸਨ ਤਾਂ ਸਾਨੂੰ ਅਜ ਇੱਕ ਹੋਰ ਕਿੱਸਾ ਵੀ ਯਾਦ ਆ ਗਿਆ ਹੈ ਜੋ ਆਜ਼ਾਦੀ ਲਈ ਲੜ ਰਹੇ ਇਨਕਲਾਬੀ ਯੋਧੇ ਅਫ਼ਜ਼ਲ ਗੁਰੂ ਦੀ ਫਾਂਸੀ ਨਾਲ ਜੁੜਿਆ ਹੋਇਆ ਹੈ।

ਸਚੀ ਕਹਾਣੀ ਇਸ ਤਰਾਂ ਹੈ ਕਿ ਜੇਲ ਸੁਪਰਡੈਂਟ ਨੇ ਬੜੀ ਬੇਬਸੀ ਵਿੱਚ ਅਤੇ ਜਕੋਤਕੀ ਵਿੱਚ ਜਦੋਂ ਅਫਜ਼ਲ ਗੁਰੂ ਨੂੰ ਅਚਾਨਕ ਇਹ ਹੁਕਮ ਸੁਣਾਇਆ ਕਿ ਤੁਹਾਨੂੰ ਅਗਲੇ ਦੋ ਤਿੰਨ ਘੰਟੇ ਵਿੱਚ ਫਾਂਸੀ ਤੇ ਲਟਕਾਇਆ ਜਾ ਰਿਹਾ ਹੈ ਤਾਂ ਉਸ ਨੇ ਇਹ ਹੁਕਮ ਬੜੀ ਸਹਿਜ ਨਾਲ ਸੁਣਿਆ,ਅਤੇ ਕਿਹਾ ਕਿ ਹਾਂ, ਮੈਨੂੰ ਪਤਾ ਹੈ।

ਅਫਸਲ ਗੁਰੂ ਨੇ ਬਾਦਲ ਫਿਲਮ ਦਾ ਗੀਤ ਗਾਉਣਾ ਸ਼ੁਰੂ ਕਰ ਦਿੱਤਾ ਜਿਸ ਦੇ ਬੋਲ ਹਨ:
ਅਪਨੇ ਲੀਏ ਜੀਏ ਤੋਂ ਕਯਾ ਜੀਏ।
ਤੂੰ ਜੀਅ, ਐ ਦਿਲ, ਜ਼ਮਾਨੇ ਕੇ ਲੀਏ।
ਤੇ ਇਹ ਗੀਤ ਚੱਲਦਾ ਰਿਹਾ।

ਹੈਰਾਨੀ ਦੀ ਗੱਲ ਹੈ ਕਿ ਉਸ ਅੰਤਾਂ ਦੇ ਉਦਾਸ ਮਾਹੌਲ ਵਿੱਚ ਜੇਲ ਸੁਪਰਡੈਂਟ ਦੇ ਆਪਣੇ ਕਹਿਣ ਮੁਤਾਬਕ , ਉਹ ਖੁਦ ਵੀ ਅਫਜਲ ਗੁਰੂ ਦੇ ਨਾਲ ਹੀ ਗਾਉਣ ਲੱਗ ਪਿਆ ਤੇ ਗੀਤ ਦੇ ਅੰਤ ਤਕ ਗਾਉਂਦਾ ਰਿਹਾ।

ਅੰਮ੍ਰਿਤਸਰ ਟਾਈਮਜ਼
AMRITSAR TIMES
08 ਜਨਵਰੀ 2020 ਤੋਂ 14 ਜਨਵਰੀ 2020

## ਕੁਕਨੂਸ ਦੀ ਹੋਣੀ

ਕੁਕਨੂਸ ਇਕ ਖਿਆਲੀ ਪੰਛੀ ਹੈ ਜਿਸ ਬਾਰੇ ਮਿੱਥ ਹੈ ਕਿ ਇਹ ਜਦ ਆਪਣੇ ਖੰਭ ਫੈਲਾਉਂਦਾ ਅਤੇ ਉਡਾਰੀ ਲਾਉਂਦਾ ਹੈ ਤਾਂ ਇਨਾਂ ਦੀ ਥਰਥਰਾਹਟ ਵਿਚੋਂ ਖਾਸ ਸੰਗੀਤ (ਰਾਗ) ਉਪਜਦਾ ਹੈ ਜਿਸ ਨਾਲ ਇਸ ਦੇ ਖੰਭਾਂ ਨੂੰ ਅੱਗ ਲੱਗ ਜਾਂਦੀ ਹੈ ਅਤੇ ਇਹ ਸੜ ਕੇ ਰਾਖ ਹੋ ਜਾਂਦਾ ਹੈ ਤੇ ਇਸ ਦੀ ਰਾਖ ਵਿਚੋਂ ਫਿਰ ਅੰਡਾ ਪੈਦਾ ਹੁੰਦਾ ਹੈ ਜਿਸ ਵਿਚੋਂ ਨਵਾਂ ਚੂਚਾ ਨਿਕਲਦਾ ਹੈ ਫਿਰ ਉਹ ਜਵਾਨ ਹੁੰਦਾ ਵਿਗਸਦਾ ਹੈ ਤੇ ਫਿਰ ਉਸ ਨਾਲ ਉਹੀ ਹੋਣੀ ਵਾਪਰਦੀ ਹੈ। ਸਿੱਖ ਕੌਮ ਦਾ ਨਿਆਰਾਪਣ ਵੀ ਕੁਕਨੂਸ ਦੀ ਨਿਆਈਂ ਹੈ। ਸਿਰਫ਼ ਪੰਜ ਸਦੀਆਂ ਦੇ ਛੋਟੇ ਜਿਹੜੇ ਇਤਿਹਾਸ ਵਿਚ ਇਸ ਕੌਮ ’ਤੇ ਜੋ ਝੱਖੜ ਝੁੱਲੇ, ਜ਼ੁਲਮ ਦੀਆਂ ਹਨੇਰੀਆਂ ਚੱਲੀਆਂ, ਇਸ ਨੂੰ ਬੇਇੱਜ਼ਤ ਅਤੇ ਬੇਪਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਪ੍ਰੋ. ਮੋਹਨ ਸਿੰਘ ਦੀ ਜਗਤ ਪ੍ਰਸਿੱਧ ਕਵਿਤਾ ‘ਸਿੱਖੀ ਦਾ ਬੂਟਾ’ ਵਿਚੋਂ ਇਸ ਕੌਮ ਦੇ ਕਿਰਦਾਰ ਅਤੇ ਨਿਆਰੇਪਣ ਦੀ ਸਾਖਿਆਤ ਤਸਵੀਰ ਸਾਹਮਣੇ ਆ ਜਾਂਦੀ ਹੈ।

ਅੱਜ ਸਿੱਖ ਦੁਨੀਆ ਦੇ ਲਗਭਗ ਸਾਰੇ ਮੁਲਕਾਂ ਵਿਚ ਵਸਦਾ ਹੈ, ਉੱਤਰੀ ਅਮਰੀਕਾ ਦੇ ਕੈਨੇਡਾ ਅਤੇ ਯੂ.ਐਸ. ਵਿਚ ਤਾਂ ਕਿੰਨੇ ਹੀ ਪੰਜਾਬ ਵਸੇ ਹੋਏ ਹਨ। ਇਸੇ ਤਰਾਂ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਹੋਰ ਪੱਛਮੀ ਮੁਲਕਾਂ ਵਿਚ ਵੀ ਸਿੱਖਾਂ ਦਾ ਕਾਫ਼ੀ ਵਸੇਬਾ ਹੈ। ਪਿਛਲੇ ਹਫ਼ਤੇ ਸਿੱਖੀ ਦੇ ਮੂਲ ਸਥਾਨ ਨਨਕਾਣਾ ਸਾਹਿਬ ਵਿਖੇ ਵਾਪਰੀ ਇਕ ਮੰਦਭਾਗੀ ਘਟਨਾ ਨੇ ਪੂਰੀ ਦੁਨੀਆ ਦੇ ਸਿੱਖਾਂ ਦਾ ਧਿਆਨ ਖਿੱਚਿਆ ਹੈ। ਇਹ ਘਟਨਾ ਬਹੁਤ ਸਾਰੇ ਪਹਿਲੂਆਂ ਤੋਂ ਖਾਸ ਤਵੱਜੋ ਦੀ ਮੰਗ ਕਰਦੀ ਹੈ। ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ ਅਸਥਾਨ ਜੋ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ਮਾਨ ਹੋਣ ਨਾਲ ਸਬੰਧਤ ਹੈ, ਦੇ ਬਾਹਰ ਇਕ ਸਿਰਫ਼ਰੇ ਕੱਟੜਪੰਥੀ ਦੇ ਇਸ਼ਾਰੇ ’ਤੇ ਪਾਕਿਸਤਾਨ ਦੇ ਕੁਝ ਲੋਕਾਂ ਵਲੋਂ ਧਰਨਾ ਦੇਣਾ ਅਤੇ ਨਾਹਰੇਬਾਜ਼ੀ ਤੇ ਪਥਰਾਓ ਕਰਨਾ ਜਿੱਥੇ ਉਸ ਦੇਸ਼ ਵਿਚ ਘੱਟਗਿਣਤੀ ਸਿੱਖਾਂ ਦੀ ਸੁਰੱਖਿਆ ਅਤੇ ਆਜ਼ਾਦੀ ਉਪਰ ਸੁਆਲੀਆ ਨਿਸ਼ਾਨ ਲਾਉਂਦਾ ਹੈ, ਉਥੇ ਇਸ ਘਟਨਾ ਨੂੰ ਲੈ ਕੇ ਭਾਰਤ ਅਤੇ ਹੋਰਨਾਂ ਥਾਵਾਂ ਤੇ ਹੋ ਰਹੀ ਸਿਆਸਤ ਵੱਲ ਵੀ ਸੁਚੇਤ ਕਰਦਾ ਹੈ। ਜੇਕਰ ਸਿਆਸਤ ਨੂੰ ਇਕ ਪਾਸੇ ਰੱਖ ਕੇ ਸੋਚਿਆ ਜਾਵੇ ਤਾਂ ਨਨਕਾਣਾ ਸਾਹਿਬ ਪਾਕਿਸਤਾਨ ਦੇ ਸਾਰੇ ਮਜਬਾਂ ਦੇ ਲੋਕਾਂ ਲਈ ਉਨਾ ਹੀ ਮੁਕੱਦਸ ਹੈ ਜਿੰਨਾ ਸਿੱਖਾਂ ਲਈ ਅਤੇ ਹਰ ਫਿਰਕੇ ਦੇ ਲੋਕ ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚ ਨਤਮਸਤਕ ਹੁੰਦੇ ਹਨ, ਪਰ ਇਹ ਘਟਨਾ ਐਨ ਉਸ ਸਮੇਂ ਵਾਪਰੀ ਜਦ ਭਾਰਤ ਵਿਚ ਇਥੋਂ ਦੀ ਪਾਰਲੀਮੈਂਟ ਵਲੋਂ ਪਾਸ ਕੀਤੇ ਨਵੇਂ ਨਾਗਰਿਕਤਾ ਕਾਨੂੰਨ ਖਿਲਾਫ਼ ਨੌਜਵਾਨਾਂ, ਘੱਟਗਿਣਤੀਆਂ ਅਤੇ ਜਮਹੂਰੀਅਤ ਪਸੰਦ ਲੋਕਾਂ ਵਲੋਂ ਅੰਦੋਲਨ ਚੱਲ ਰਿਹਾ ਸੀ। ਇਹ ਘਟਨਾ ਭਾਵੇਂ ਇਤਫਾਕ ਹੋ ਸਕਦੀ ਹੈ ਪਰ ਇਸ ਨੇ ਭਾਰਤੀ ਹਕੂਮਤ ਵਲੋਂ ਬਣਾਏ ਨਵੇਂ ਕਾਨੂੰਨ ਉਪਰ ਇਸ ਤਰੀਕੇ ਨਾਲ ਮੋਹਰ ਲਾ ਦਿੱਤੀ ਕਿ ਉਹ ਇਕ ਹਕੀਕਤ ਜਾਪਣ ਲੱਗ ਪਈ। ਭਾਰਤੀ ਹਾਕਮਾਂ ਨੇ ਇਸ ਘਟਨਾ ਦੇ ਹਵਾਲੇ ਦੇ ਕੇ ਵਾਰ ਵਾਰ ਨਵੇਂ ਨਾਗਰਿਕਤਾ ਕਾਨੂੰਨ ਦੇ ਹੱਕ ਵਿਚ ਬਿਆਨਬਾਜ਼ੀ ਕੀਤੀ। ਬਹੁਤ ਸਾਰੀਆਂ ਜਥੇਬੰਦੀਆਂ ਅਤੇ ਸਿਆਸੀ ਮਾਹਰਾਂ ਵਲੋਂ ਇਸ ਘਟਨਾ ਨੂੰ ਭਾਰਤੀ ਖੁਫ਼ੀਆ ਏਜੰਸੀਆਂ ਦੀ ਸ਼ਰਾਰਤ ਵੀ ਕਿਹਾ ਜਾ ਰਿਹਾ ਹੈ ਪਰ ਕੋਈ ਵੀ ਅਮਨ ਪਸੰਦ ਸ਼ਹਿਰੀ ਅਜਿਹੀ ਘਟਨਾ ਨੂੰ ਜ਼ਾਤੀ ਜਾਂ ‘ਸ਼ਰਾਰਤ’ ਕਹਿ ਕੇ ਨਜ਼ਰਅੰਦਾਜ ਨਹੀਂ ਕਰ ਸਕਦਾ। ਇਹ ਗੱਲ ਵਾਰ ਵਾਰ ਸਾਹਮਣੇ ਆਉਂਦੀ ਹੈ ਕਿ ਪਾਕਿਸਤਾਨ ਵਿਚ ਘੱਟਗਿਣਤੀਆਂ ਖਾਸ ਕਰਕੇ ਹਿੰਦੂ ਅਤੇ ਸਿੱਖ ਮਹਿਫ਼ੂਜ਼ ਨਹੀਂ ਹਨ। ਕਿਉਂਕਿ ਉਨਾਂ ਨੂੰ ਆਪਣੇ ਅਕੀਦੇ ਅਨੁਸਾਰ ਜਿੰਦਗੀ ਬਸਰ ਨਹੀਂ ਕਰਨ ਦਿੱਤੀ ਜਾਂਦੀ। ਨਨਕਾਣਾ ਸਾਹਿਬ ਦੀ ਘਟਨਾ ਤੋਂ ਦੋ ਤਿੰਨ ਦਿਨ ਬਾਅਦ ਹੀ ਉੱਤਰ ਪੱਛਮੀ ਫਰੰਟੀਅਰ ਸੂਬੇ ਦੇ ਪੇਸ਼ਾਵਰ ਵਿਚ ਇਕ ਸਿੱਖ ਨੌਜਵਾਨ ਦਾ ਕਤਲ ਹੋ ਜਾਂਦਾ ਹੈ। ਭਾਰਤ ਦੀ ਹਾਕਮ ਧਿਰ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਹੋਰ ਨੇਤਾ ਵਾਰ ਵਾਰ ਇਹ ਦੁਹਰਾ ਰਹੇ ਹਨ ਕਿ ਪਾਕਿਸਤਾਨ ਭਾਰਤ ਦਾ ਕੱਟੜ ਦੁਸ਼ਮਣ ਹੈ ਜਿਸ ਕਾਰਨ ਉਥੋਂ ਦੇ ਕੱਟੜਪੰਥੀਆਂ ਵਲੋਂ ਉੱਥੇ ਹਿੰਦੂ-ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਅਜੇ ਦੋ ਮਹੀਨੇ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਦੀ ਸਰਕਾਰ ਨੇ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਲਈ ਡੇਰਾ ਬਾਬਾ ਨਾਨਕ ਤੋਂ ਲਾਂਘਾ ਖੋਲਿਆ ਹੈ ਜਿੱਥੇ ਸ਼ਰਧਾਲੂ ਦਰਸ਼ਨਾਂ ਲਈ ਜਾ ਰਹੇ ਹਨ। ਨਨਕਾਣਾ ਸਾਹਿਬ ਦੀ ਇਸ ਘਟਨਾ ਤੇ ਵੀ ਉਥੋਂ ਦੀ ਹਕੂਮਤ ਨੇ ਕਰੜਾ ਰੁਖ ਅਖਤਿਆਰ ਕੀਤਾ ਹੈ ਅਤੇ ਇਮਰਾਨ ਚਿਸ਼ਤੀ ਤੇ ਹੋਰਨਾਂ ਖਿਲ਼ਾਫ਼ ਮੁਕੱਦਮੇ ਦਰਜ ਕੀਤੇ ਹਨ। ਉਧਰ ਭਾਰਤ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਵਿਰੋਧੀ ਧਿਰ ਕਾਂਗਰਸ ਕੁਝ ਸਿੱਖਾਂ ਨੂੰ ਲੈ ਕੇ ਪਾਕਿਸਤਾਨੀ ਸਫਾਰਤਖਾਨਿਆਂ ਅੱਗੇ ਮੁਜ਼ਾਹਰੇ ਕਰ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲੱਗੀਆਂ ਹੋਈਆਂ ਹਨ।

ਜੇਕਰ ਸਿੱਖ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਉਪਰ ਸਰਸਰੀ ਨਜ਼ਰ ਮਾਰੀਏ ਤਾਂ ਇਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਮਾਨਵਤਾ ਦਾ ਸੰਦੇਸ਼ ਦਿੱਤਾ ਜਦ ਮੁਸਲਮਾਨ ਅਤੇ ਹਿੰਦੂ ਦੋਵੇਂ ਮਜਬਾਂ ਦੇ ਲੋਕ ਸਮਾਜਿਕ ਅਤੇ ਸੱਭਿਆਚਾਰਕ ਤੌਰ ’ਤੇ ਬਿਲਕੁਲ ਇਕ ਦੂਜੇ ਦੇ ਉਲਟ ਉੱਤਰੀ ਅਤੇ ਦੱਖਣੀ ਧਰੁਵਾਂ ਤੇ ਖੜੇ ਸਨ। ਗੁਰੂ ਸਾਹਿਬ ਨੇ ਦੋਹਾਂ ਫਿਰਕਿਆਂ ਵਿਚਕਾਰ ਇਕ ਪੁਲ ਦਾ ਕੰਮ ਕੀਤਾ ਅਤੇ ਇਹੋ ਇਕ ਵੱਡਾ ਇਤਿਹਾਸਕ ਕਾਰਨ ਹੈ ਕਿ ਤੁਰਕਾਂ, ਮੁਗਲਾਂ ਅਤੇ ਦੁਰਾਨੀਆਂ ਦੇ ਖਿਲਾਫ਼ ਸਿੱਖਾਂ ਦੇ ਲੰਮੇ ਸੰਘਰਸ਼ ਅਤੇ ਹਥਿਆਰਬੰਦ ਜੰਗਾਂ ਦੇ ਬਾਵਜੂਦ 1947 ਤਕ ਹਿੰਦੂ ਸਿੱਖ ਅਤੇ ਮੁਸਲਮਾਨ ਇਕੋ ਸੱਭਿਆਚਾਰਕ ਲੜੀ ਵਿਚ ਪਰੋਏ ਰਹੇ। ਹਿੰਦੋਸਤਾਨ ਦੇ ਬਟਵਾਰੇ ਸਮੇਂ ਜੋ ਵੀ ਹਿੰਦੂ ਸਿੱਖ ਪਾਕਿਸਤਾਨ ਵਿਚ ਰਹੇ, ਉਹ ਕਿਸੇ ਮਜਬੂਰੀ ਵਸ ਨਹੀਂ ਸਗੋਂ ਉਸ ਸਰਜ਼ਮੀਂ ਨਾਲ ਆਪਣੀ ਸਾਂਝ ਅਤੇ ਰਹਿਤਲ ਦੀ ਪਸੰਦ ਕਰਕੇ ਰਹੇ ਸਨ। ਸੰਸਾਰ ਵਿਚ ਸਿੱਖਾਂ ਦੀ ਮੌਜੂਦਾ ਸਥਿਤੀ ਉਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਵੀ ਧਿਆਨ ਦੀ ਮੰਗ ਕਰਦਾ ਹੈ ਜਿਨਾਂ ਨੇ ਕਿਹਾ ਕਿ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਸਿੱਖ ਮਹਿਫ਼ੂਜ ਨਹੀਂ ਹਨ। ਉਨਾਂ ਦਾ ਇਸ਼ਾਰਾ ਪਿੱਛੇ ਜਿਹੇ ਭਾਰਤ ਵਿਚ ਵਾਪਰੀਆਂ ਦੋ ਤਿੰਨ ਘਟਨਾਵਾਂ ਵੱਲ ਵੀ ਸੀ, ਜਿੱਥੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ।

11 ਸਤੰਬਰ 2001 ਨੂੰ ਨਿਊਯਾਰਕ ਵਿਚ ਵਰਲਡ ਟਰੇਡ ਸੈਂਟਰ ਉਪਰ ਹੋਏ ਦਹਿਸ਼ਤੀ ਹਮਲੇ, ਜਿਸ ਵਿਚ 2977 ਜਾਨਾਂ ਗਈਆਂ ਸਨ ਤੋਂ ਬਾਅਦ ਉੱਤਰੀ ਅਮਰੀਕਾ ਖਾਸ ਕਰਕੇ ਯੂ.ਐਸ. ਵਿਚ ਸਿੱਖਾਂ ਲਈ ਸ਼ਨਾਖਤ ਦਾ ਸੰਕਟ ਖੜਾ ਹੋ ਗਿਆ ਸੀ, ਜਿਸ ਨੂੰ ਭਾਈਚਾਰੇ ਨੇ ਸੰਗਠਤ ਕੋਸ਼ਿਸ਼ਾਂ ਅਤੇ ਵਿਦਿਅਕ ਪ੍ਰੋਗਰਾਮਾਂ ਨਾਲ ਦੂਰ ਕੀਤਾ। ਵਿਦੇਸ਼ਾਂ ਵਿਚ ਵਸਦਾ ਸਿੱਖ ਭਾਈਚਾਰਾ ਸਮਾਜ ਸੇਵਾ ਅਤੇ ਮਾਨਵਤਾ ਦੇ ਕਾਰਜਾਂ ਵਿਚ ਹਮੇਸ਼ਾ ਮੋਹਰੀ ਰਹਿੰਦਾ ਹੈ। ਹਾਲ ਹੀ ਵਿਚ ਆਸਟ੍ਰੇਲੀਆ ਵਿਚ ਲੱਗੀ ਭਿਆਨਕ ਅੱਗ ਦੇ ਪੀੜਤਾਂ ਨੂੰ ਫੌਰੀ ਰਾਹਤ ਪਹੁੰਚਾਉਣ ਵਿਚ ਸਿੱਖ ਭਾਈਚਾਰੇ ਦੇ ਵਲੰਟੀਅਰਾਂ ਦੀ ਭੂਮਿਕਾ ਦਾ ਕੌਮਾਂਤਰੀ ਮੀਡੀਆ ਨੇ ਵੀ ਨੋਟਿਸ ਲਿਆ ਹੈ। ਇਸ ਤਰਾਂ ਗੁਰੂ ਸਾਹਿਬਾਨ ਦੇ ‘ਸਰਬੱਤ ਦੇ ਭਲੇ’ ਦੇ ਸਿੱਧਾਂਤ ਉਪਰ ਚੱਲ ਰਹੀ ਸਿੱਖ ਕੌਮ ਸਮਾਜਿਕ ਅਤੇ ਰਾਜਨੀਤਕ ਤੌਰ ’ਤੇ ਔਕੜਾਂ ਦਾ ਸਾਹਮਣਾ ਵੀ ਕਰ ਰਹੀ ਹੈ ਪਰ ਫਿਰ ਸਮਾਜ ਸੇਵਾ ਦੇ ਕਾਰਜਾਂ ਵਿਚ ਅੱਗੇ ਹੋ ਕੇ ਜੁਟ ਜਾਂਦੀ ਹੈ। ‘ਸੱਪਾਂ ਨੂੰ ਦੁੱਧ ਪਿਲਾਉਣ’ ਦਾ ਵੱਲ ਵੀ ਇਸੇ ਕੌਮ ਕੋਲ ਹੀ ਹੈ। ਇਸ ਸਾਲ ਜਦ ਸਿੱਖ ਕੌਮ ਆਪਣੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਤਾਬਦੀ ਮਨਾਉਣ ਜਾ ਰਹੀ ਹੈ ਤਾਂ ਪਿਛਲੀ ਸਦੀ ਦੇ 20ਵੇਂ ਦਹਾਕੇ ਵਿਚ ਹੋਂਦ ਵਿਚ ਆਈ ਸਿੱਖਾਂ ਦੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਵੀ ਕੀਤਾ ਜਾਣਾ ਹੈ ਜਿਸ ਨੇ ਸਮੇਂ ਸਮੇਂ ਸਿੱਖਾਂ ਦੇ ਮਸਲਿਆਂ ਨੂੰ ਕੇਂਦਰੀ ਸਥਾਨ ਤੇ ਵੀ ਲਿਆਂਦਾ ਅਤੇ ਇਸ ਦੇ ਨੇਤਾਵਾਂ ਨੇ ਆਪਣੇ ਜ਼ਾਤੀ ਮੁਫ਼ਾਦ ਲਈ ਸਮੁੱਚੀ ਕੌਮ ਦੇ ਹਿੱਤਾਂ ਨੂੰ ਦਾਅ ਤੇ ਵੀ ਲਾਇਆ। ਉੱਘੇ ਪੰਜਾਬੀ ਪ੍ਰਸ਼ਾਸਕ, ਚਿੰਤਕ ਅਤੇ ਲੇਖਕ ਡਾ. ਮਹਿੰਦਰ ਸਿੰਘ ਰੰਧਾਵਾ ਦੀ 1947 ਦੇ ਬਟਵਾਰੇ ਮਗਰੋਂ ਭਾਰਤ ਵਿਚ ਸਿੱਖਾਂ ਦੇ ਮੁੜ ਵਸੇਬੇ ਸਮੇਂ ਲਿਖੀ ਪੁਸਤਕ ‘ਆਊਟ ਆਫ਼ ਐਸ਼ਜ਼ (ਰਾਖ ’ਚੋਂ ਉਪਜੇ)’ ਵੀ ਸਿੱਖ ਕੌਮ ਦੇ ਕੁਕਨੂਸ ਵਾਲੇ ਚਰਿਤਰ ਨੂੰ ਦੁਹਰਾਉਂਦੀ ਹੈ। ਮੌਜੂਦਾ ਸਥਿਤੀ ਵਿਚ ਜਦ ਇਕ ਪਾਸੇ ਸਮੁੱਚੀ ਕੌਮ ਮਾਨਵਤਾ ਦੇ ਭਲੇ ਦੀਆਂ ਅਰਦਾਸਾਂ ਅਤੇ ਕਾਰਜਾਂ ਵਿਚ ਜੁਟੀ ਹੋਈ ਹੈ ਦੂਜੇ ਪਾਸੇ ਭਾਰਤੀ ਰਾਜਤੰਤਰ ਸਿੱਖਾਂ ਨੂੰ ਵਡੇਰੀ ਹਿੰਦੂ ਤਾਕਤ ਦਾ ਹਿੱਸਾ ਬਣਾਉਣ ਲਈ ਆਤੁਰ ਹੈ। ਇਸ ਲਈ ਸਾਰੀਆਂ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਗਤੀਵਿਧੀਆਂ ਨੂੰ ਗੁਰੂ ਨਾਨਕ ਸਾਹਿਬ ਦੇ ਇਸ ਉਪਦੇਸ਼ ‘ ਨਾ ਹਮ ਹਿੰਦੂ ਨਾ ਹਮ ਮੁਸਲਮਾਨ’ ਦੀ ਰੋਸ਼ਨੀ ਵਿਚ ਵੇਖਿਆ ਜਾਣਾ ਚਾਹੀਦਾ ਹੈ।

# ਅਸਾਮ ਦਾ ਮਸਲਾ ਕੱਟੜ ਹਿੰਦੂਤਵੀਆਂ ਨੇ ਵਿਗਾੜਿਆ

ਅਸਾਮ ਵਿਚ ਵਿਦੇਸ਼ੀਆਂ ਦੀ ਸੰਖਿਆ 50 ਤੋਂ 80 ਲੱਖ ਦੇ ਵਿਚਾਲੇ ਹੈ ਤੇ ਫਿਰ ਜਲਦ ਹੀ ਇਹ ਅੰਦੋਲਨ ਹਿੰਸਕ ਹੋ ਗਿਆ। ਕਤਲ, ਸਾੜ ਫੂਕ, ਬੰਬ ਧਮਾਕੇ ਅਤੇ ਪ੍ਰਦਰਸ਼ਨ ਨੇ ਘੁਸਪੈਠੀਆਂ ਦੇ ਖਿਲਾਫ਼ ਦੁਸ਼ਮਣੀ ਵਾਲਾ ਮਾਹੌਲ ਬਣਾ ਦਿੱਤਾ। 1979 ਦੇ ਦੌਰਾਨ ਅਸਾਮ ਬੁਰੀ ਤਰਾਂ ਹਿੰਸਾ ਦੀ ਲਪੇਟ ਵਿਚ ਆ ਗਿਆ।



**ਹਾਲਾਂਕਿ ਇਹ ਅੰਦੋਲਨ ਮੂਲ ਰੂਪ ਵਿਚ ਬੰਗਾਲੀ ਭਾਸ਼ਾਈ ਲੋਕਾਂ ਦੇ ਖਿਲਾਫ਼ ਸੀ। ਪਰ ਇਸ ਅੰਦੋਲਨ ਦੇ ਅੰਦਰ ਸਰਗਰਮ ਫਿਰਕੂ ਹਿੰਦੂ ਤਾਕਤਾਂ ਨੇ ਇਸ ਨੂੰ ਮੁਸਲਮ ਵਿਰੋਧੀ ਰੰਗ ਦੇ ਦਿੱਤਾ। 1983 ਦੌਰਾਨ ਨੇਲੀ ਨਸਲਕੁਸ਼ੀ ਦੇ ਰੂਪ ਵਿਚ ਇਸ ਦਾ ਭਿਆਨਕ ਰੂਪ ਸਾਹਮਣੇ ਆਇਆ। 6 ਘੰਟਿਆਂ ਤੱਕ ਚੱਲੇ ਇਸ ਹੱਤਿਆ ਕਾਂਡ ਨੇ ਬੰਗਾਲ ਮੂਲ ਦੇ ਦੋ ਹਜ਼ਾਰ ਮੁਸਲਮਾਨਾਂ ਦਾ ਕਤਲ ਕਰ ਦਿੱਤਾ ਗਿਆ। ਅਣ-ਅਧਿਕਾਰਿਤ ਅੰਕੜੇ ਮਾਰੇ ਜਾਣ ਵਾਲੇ ਮੁਸਲਮਾਨਾਂ ਦੀ ਸੰਖਿਆ ਦੁੱਗਣੀ ਦੱਸਦ ਹਨ। ਪੁਲੀਸ ਰਿਕਾਰਡ ਅਨੁਸਾਰ ਹਥਿਆਰੇ ਗੁਆਂਢੀ ਪਹਾੜੀ ਮੂਲ ਨਿਵਾਸੀ ਸਨ। ਅਚਾਨਕ ਹੋਈ ਇਸ ਖਤਰਨਾਕ ਹਿੰਸਾ ਦੇ ਪਿੱਛੇ ਦਾ ਕਾਰਨ ਅੱਜ ਵੀ ਰਹੱਸ ਬਣਿਆ ਹੋਇਆ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਸ ਦੇ ਲਈ ਅਸਾਮ ਦੇ ਆਰ. ਐਸ. ਐਸ. ਦੇ ਕਾਰਜਕਰਤਾ ਜ਼ਿੰਮੇਵਾਰ ਹਨ।**



-ਅਰੁੰਧਤੀ ਰਾਇ

ਭਾਰਤ ਸਰਕਾਰ ਨੂੰ ਬੰਗਲਾਦੇਸ ਦੇ ਮੁਕਤੀ ਯੁਧ ਵਿਚ ਆਪਣੀ ਭੂਮਿਕਾ ’ਤੇ ਬਹੁਤ ਫਖਰ ਹੈ। ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਕਿਸਤਾਨ ਦੇ ਸਹਿਯੋਗੀ ਦੇਸ ਚੀਨ ਤੇ ਅਮਰੀਕਾ ਦੀਆਂ ਧਮਕੀਆਂ ਦੀ ਪ੍ਰਵਾਹ ਨਹੀਂ ਕੀਤੀ ਅਤੇ ਨਸਲਕੁਸ਼ੀ ਨੂੰ ਰੋਕਣ ਲਈ ਭਾਰਤੀ ਫੌਜ ਭੇਜ ਦਿੱਤੀ। ਨਿਆਂਪੂਰਨ ਯੁਧ ਲੜਨ ਦਾ ਮਾਣ ਅਸਲੀ ਮੁੱਦਿਆਂ ਦੇ ਹੱਲ ਦਾ ਕਾਰਨ ਨਹੀਂ ਬਣ ਸਕਿਆ ਤੇ ਨਾ ਹੀ ਅਸਾਮ ਤੇ ਗੁਆਂਢੀ ਰਾਜਾਂ ਦੇ ਲੋਕਾਂ ਤੇ ਸ਼ਰਨਾਰਥੀਆਂ ਦੇ ਲਈ ਕੋਈ ਸੋਚੀ ਸਮਝੀ ਨੀਤੀ ਅਪਨਾਈ ਗਈ। ਇਸ ਅਨੋਖੇ ਤੇ ਜਟਿਲ ਇਤਿਹਾਸ ਦੇ ਦੌਰਾਨ ਹੀ ਅਸਾਮ ਵਿਚ ਰਾਸ਼ਟਰੀ ਨਾਗਰਿਕ ਰਜਿਸਟ੍ਰੇਸ਼ਨ ਦੀ ਮੰਗ ਪੈਦਾ ਹੋਈ। ਵਿਅੰਗ ਤਾਂ ਇਹ ਹੈ ਕਿ ਇਥੇ ਰਾਸ਼ਟਰ ਦਾ ਅਰਥ ਹਿੰਦੁਸਤਾਨ ਘੱਟ ਤੇ ਅਸਾਮ ਜ਼ਿਆਦਾ ਹੈ। 1979 ਤੇ 1985 ਦੇ ਵਿਚਾਲੇ ਅਸਾਮ ਦੇ ਵਿਦਿਆਰਥੀਆਂ ਦੀ ਅਗਵਾਈ ਵਿਚ ਚਲੇ ਅਸਾਮੀ ਰਾਸ਼ਟਰੀ ਅੰਦੋਲਨ ਦੇ ਦੌਰਾਨ 1951 ਵਿਚ ਤਿਆਰ ਕੀਤੀ ਗਈ ਪਹਿਲੀ ਐਨ ਆਰ ਸੀ ਨੂੰ ਅਪਡੇਟ ਕਰਨ ਦੀ ਮੰਗ ਉਠੀ। ਵਿਦਿਆਰਥੀ ਅੰਦੋਲਨ ਦੇ ਨਾਲ ਹੀ ਅਲਗ ਰਾਜ ਦੇ ਲਈ ਹਿੰਸਕ ਅੰਦੋਲਨ ਸ਼ੁਰੂ ਹੋ ਗਿਆ, ਜਿਸ ਵਿਚ ਹਜ਼ਾਰਾਂ ਲੋਕਾਂ ਦੀ ਜਾਨ ਗਈ। ਅਸਾਮੀ ਰਾਸ਼ਟਰਵਾਦੀ ਅੰਦੋਲਨ ਨੇ ਵੋਟਰ ਸੂਚੀ ਵਿਚ ਵਿਦੇਸ਼ੀਆਂ ਦੇ ਨਾਮ ਹਟਾਏ ਜਾਣ ਤੱਕ ਚੋਣਾਂ ਦਾ ਬਾਈਕਾਟ ਦਾ ਐਲਾਨ ਕੀਤਾ। ਥ੍ਰੀ ਡੀ ਦਾ ਨਾਅਰਾ ਗੂੰਜਣ ਲੱਗਾ, ਡਿਟੇਕਟ, ਡਿਲੀਟ ਐਂਡ ਡਿਪੋਟ (ਪਤਾ ਕਰੋ, ਹਟਾਓ ਤੇ ਕੱਢੋ) । ਅਨੁਮਾਨ ਦੇ ਆਧਾਰ ’ਤੇ ਦੱਸਿਆ ਗਿਆ ਕਿ ਅਸਾਮ ਵਿਚ ਵਿਦੇਸ਼ੀਆਂ ਦੀ ਸੰਖਿਆ 50 ਤੋਂ 80 ਲੱਖ ਦੇ ਵਿਚਾਲੇ ਹੈ ਤੇ ਫਿਰ ਜਲਦ ਹੀ ਇਹ ਅੰਦੋਲਨ ਹਿੰਸਕ ਹੋ ਗਿਆ। ਕਤਲ, ਸਾੜ ਫੂਕ, ਬੰਬ ਧਮਾਕੇ ਅਤੇ ਪ੍ਰਦਰਸ਼ਨ ਨੇ ਘੁਸਪੈਠੀਆਂ ਦੇ ਖਿਲਾਫ਼ ਦੁਸ਼ਮਣੀ ਵਾਲਾ ਮਾਹੌਲ ਬਣਾ ਦਿੱਤਾ। 1979 ਦੇ ਦੌਰਾਨ ਅਸਾਮ ਬੁਰੀ ਤਰਾਂ ਹਿੰਸਾ ਦੀ ਲਪੇਟ ਵਿਚ ਆ ਗਿਆ। ਹਾਲਾਂਕਿ ਇਹ ਅੰਦੋਲਨ ਮੂਲ ਰੂਪ ਵਿਚ ਬੰਗਾਲੀ ਭਾਸ਼ਾਈ ਲੋਕਾਂ ਦੇ ਖਿਲਾਫ਼ ਸੀ। ਪਰ ਇਸ ਅੰਦੋਲਨ ਦੇ ਅੰਦਰ ਸਰਗਰਮ ਫਿਰਕੂ ਹਿੰਦੂ ਤਾਕਤਾਂ ਨੇ ਇਸ ਨੂੰ ਮੁਸਲਮ ਵਿਰੋਧੀ ਰੰਗ ਦੇ ਦਿੱਤਾ। 1983 ਦੌਰਾਨ ਨੇਲੀ ਨਸਲਕੁਸ਼ੀ ਦੇ ਰੂਪ ਵਿਚ ਇਸ ਦਾ ਭਿਆਨਕ ਰੂਪ ਸਾਹਮਣੇ ਆਇਆ। 6 ਘੰਟਿਆਂ ਤੱਕ ਚੱਲੇ ਇਸ ਹੱਤਿਆ ਕਾਂਡ ਨੇ ਬੰਗਾਲ ਮੂਲ ਦੇ ਦੋ ਹਜ਼ਾਰ ਮੁਸਲਮਾਨਾਂ ਦਾ ਕਤਲ ਕਰ ਦਿੱਤਾ ਗਿਆ। ਅਣ-ਅਧਿਕਾਰਿਤ ਅੰਕੜੇ ਮਾਰੇ ਜਾਣ ਵਾਲੇ ਮੁਸਲਮਾਨਾਂ ਦੀ ਸੰਖਿਆ ਦੁੱਗਣੀ ਦੱਸਦੇ ਹਨ। ਪੁਲੀਸ ਰਿਕਾਰਡ ਅਨੁਸਾਰ ਹਥਿਆਰੇ ਗੁਆਂਢੀ ਪਹਾੜੀ ਮੂਲ ਨਿਵਾਸੀ ਸਨ। ਅਚਾਨਕ ਹੋਈ ਇਸ ਖਤਰਨਾਕ ਹਿੰਸਾ ਦੇ ਪਿੱਛੇ ਦਾ ਕਾਰਨ ਅੱਜ ਵੀ ਰਹੱਸ ਬਣਿਆ ਹੋਇਆ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਸ ਦੇ ਲਈ ਅਸਾਮ ਦੇ ਆਰ ਐਸ ਐਸ ਦੇ ਕਾਰਜਕਰਤਾ ਜ਼ਿੰਮੇਵਾਰ ਹਨ।

ਬ੍ਰਹਮਪੁੱਤਰ ਦਲਦਲੇ ਚਾਰ ਦੀਪਾਂ ਵਿਚੋਂ ਇਕ ਹੈ। ਇਨਾਂ ਦੂਰ ਦੁਰਾਡੇ ਦੇ ਦੀਪਾਂ ਦੇ ਬਦਨਾਮ ਲੋਕਾਂ ਦਾ ਅਰਥ ਹੈ ਜ਼ਮੀਨ ਦੇ ਦਸਤਾਵੇਜ਼ਾਂ, ਸਕੂਲਾਂ, ਹਸਪਤਾਲਾਂ ਆਧੁਨਿਕਤਾ ਦੇ ਚਿੰਨਾਂ ਦੀ ਗੈਰ ਮੌਜੂਦਗੀ। ਇੱਥੇ ਐਨ ਆਰ ਸੀ ਨੇ ਇਕ ਨਵੀਂ ਸ਼ਬਦਾਵਲੀ ਪੈਦਾ ਕੀਤੀ ਹੈ, ‘ਲੀਗੇਸੀ ਡਾਕੂਮੈਂਟ’, ‘ਲਿੰਕ ਪੇਪਰ’, ‘ਸਰਟੀਫਾਈਡ ਕਾਪੀ’, ‘ਰੀ-ਵੈਰੀਫੀਕੇਸ਼ਨ’, ‘ਰੀ-ਫ੍ਰੇਸ਼ ਕੇਸ’, ‘ਡੀ-ਵੋਟਰ’, ‘ਡਿਕਲੇਅਰਡ ਫਾਰਨਰ’, ‘ਵੋਟਰ ਲਿਸਟ’, ‘ਰਿਫਿਊਜ਼ੀ ਸਰਟੀਫਿਕੇਟ’। ਇਹਨਾਂ ਵਿਚੋਂ ਸਭ ਤੋਂ ਉਦਾਸ ਸ਼ਬਦ ਹੈ ਜੈਨੂਅਨ ਸਿਟੀਜ਼ਨ ਅਰਥਾਤ ਅਸਲੀ ਨਾਗਰਿਕ। ਇਸ ਨਸਲਕੁਸ਼ੀ ’ਤੇ ਬਣੀ ਡਾਕੂਮੈਂਟਰੀ ਫ਼ਿਲਮ ਵਹਾਟ ਦਾ ਫੀਲਡਰਜ਼ ਰਿਮੈਂਬਰ ਵਿਚ ਇਕ ਬਜ਼ੁਰਗ ਮੁਸਲਮਾਨ ਜਿਸ ਦੇ ਸਾਰੇ ਬੱਚੇ ਇਸ ਹਿੰਸਾ ਵਿਚ ਮਾਰੇ ਜਾਂਦੇ ਹਨ, ਦੱਸਦੇ ਹਨ ਕਿ ਕਿਵੇਂ ਮਾਰੇ ਜਾਣ ਦੇ ਇਕ ਦਿਨ ਪਹਿਲੇ ਉਨਾਂ ਦੀ ਬੇਟੀ ਨੇ ਵਿਦੇਸ਼ੀਆਂ ਨੂੰ ਬਾਹਰ ਕੱਢਣ ਦੀ ਮੰਗ ਕਰਨ ਵਾਲੇ ਮਾਰਚ ਵਿਚ ਹਿੱਸਾ ਲਿਆ। ਮਰਦੇ ਵਕਤ ਉਸ ਲੜਕੀ ਦੇ ਸ਼ਬਦ ਸਨ, ‘ਬਾਬਾ ਕੀ ਅਸੀਂ ਲੋਕ ਵਿਦੇਸ਼ੀ ਹਾਂ।’

1985 ਵਿਚ ਅਸਾਮ ਅੰਦੋਲਨ ਦੇ ਵਿਦਿਆਰਥੀ ਨੇਤਾਵਾਂ ਨੇ ਰਾਜ ਵਿਧਾਨ ਸਭਾ ਦੀ ਚੋਣ ਜਿੱਤ ਲਈ ਸੀ ਤੇ ਰਾਜ ਵਿਚ ਸਰਕਾਰ ਬਣਾ ਲਈ ਸੀ। ਇਸੇ ਸਾਲ ਲੋਕਾਂ ਨੇ ਕੇਂਦਰ ਸਰਕਾਰ ਦੇ ਨਾਲ ਅਸਾਮ ਸਮਝੌਤਾ ਕੀਤਾ। ਇਸ ਸਮਝੌਤੇ ਤਹਿਤ ਹੋਇਆ ਕਿ 24 ਮਾਰਚ 1971 ਦੀ ਅੱਧੀ ਰਾਤ ਦੇ ਬਾਅਦ (ਇਸ ਦਿਨ ਪਾਕਿਸਤਾਨੀ ਫੌਜ ਦੇ ਸਾਬਕਾ ਪਾਕਿਸਤਾਨ ਵਿਚ ਨਾਗਰਿਕਾਂ ’ਤੇ ਹਮਲਾ ਸ਼ੁਰੂ ਕੀਤਾ ਸੀ) ਅਸਾਮ ਆਉਣ ਵਾਲੇ ਲੋਕਾਂ ਨੂੰ ਰਾਜ ਤੋਂ ਬਾਹਰ ਕੱਢਿਆ ਜਾਵੇਗਾ। ਐਨ ਆਰ ਸੀ ਦਾ ਮਕਸਦ 1971 ਦੇ ਬਾਅਦ ਆਏ ਘੁਸਪੈਠੀਆਂ ਨੂੰ ਰਾਜ ਦੇ ਮੂਲ ਨਾਗਰਿਕਾਂ ਤੋਂ ਅਲੱਗ ਕਰਨਾ ਸੀ। 1983 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਨੇ ਨਾਜਾਇਜ਼ ਕਬੀਲਿਆਂ ਬਾਰੇ ਕਾਨੂੰਨ ਪਾਸ ਕੀਤਾ ਸੀ, ਇਸ ਦੇ ਤਹਿਤ ਅਗਲੇ ਕਈ ਸਾਲਾਂ ਤੱਕ ਬਾਰਡਰ ਪੁਲੀਸ ਦੁਆਰਾ ਪਛਾਣੇ ਗਏ ਘੁਸਪੈਠੀਆਂ ਤੇ ਚੋਣ ਅਧਿਕਾਰੀਆਂ ਦੁਆਰਾ ਸ਼ੱਕੀ ਵੋਟਰ ਅਰਥਾਤ ਡੀ ਵੋਟਰ ਐਲਾਨੇ ਲੋਕਾਂ ’ਤੇ ਨਿਰੰਤਰ ਮੁਕੱਦਮੇ ਚਲਾਏ ਗਏ। ਘੱਟ ਗਿਣਤੀਆਂ ਨੂੰ ਤਕਲੀਫਾਂ ਤੋਂ ਬਚਾਉਣ ਲਈ ਆਈਐਮਡੀਟੀ ਕਾਨੂੰਨ ਦੇ ਤਹਿਤ ਨਾਗਰਿਕਤਾ ਪ੍ਰਮਾਣਿਤ ਕਰਨ ਦਾ ਅਧਿਕਾਰ ਪੁਲੀਸ ਅਤੇ ਦੋਸ਼ ਲਗਾਉਣ ਵਾਲਿਆਂ ਦਾ ਸੀ, ਦੋਸ਼ੀ ’ਤੇ ਨਹੀਂ। 1997 ਦੌਰਾਨ ਹੁਣ ਤੱਕ ਤਿੰਨ ਲੱਖ ਤੋਂ ਜ਼ਿਆਦਾ ਡੀ ਵੋਟਰ ਤੇ ਐਲਾਨੇ ਵਿਦੇਸ਼ੀ ਲੋਕਾਂ ’ਤੇ ਮੁਕੱਦਮੇ ਚਲਾਏ ਚੁੱਕੇ ਹਨ। ਸੈਂਕੜੇ ਲੋਕ ਅੱਜ ਵੀ ਜੇਲਾਂ ਵਿਚ ਬੰਦ ਹਨ। ਇੱਥੇ ਬੰਦ ਲੋਕਾਂ ਦੇ ਕੋਲ ਆਮ ਅਪਰਾਧੀਆਂ ਜਿੰਨੇ ਅਧਿਕਾਰ ਵੀ ਨਹੀਂ ਹਨ। 2005 ਵਿਚ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਫੈਸਲਾ ਦਿੰਦੇ ਹੋਏ ਆਈਐਮਡੀਟੀ ਕਾਨੂੰਨ ਨੂੰ ਰੱਦ ਕਰਨ ਲਈ ਕਿਹਾ, ਕਿਉਂਕਿ ਇਸ ਦੇ ਤਹਿਤ ਨਾਜਾਇਜ਼ ਨਾਗਰਿਕਾਂ ਦੀ ਪਛਾਣ ਤੇ ਉਨਾਂ ਨੂੰ ਬਾਹਰ ਕਰਨਾ ਲਗਭਗ ਅਸੰਭਵ ਸੀ। ਅਦਾਲਤ ਨੇ ਆਪਣੇ ਫੈਸਲੇ ਵਿਚ ਲਿਖਿਆ ਕਿ ਇਸ ਬਾਰੇ ਕੋਈ ਸ਼ੱਕ ਨਹੀਂ ਕਿ ਬੰਗਲਾਦੇਸ਼ੀ ਨਾਗਰਿਕਾਂ ਦੀ ਨਾਜਾਇਜ਼ ਘੁਸਪੈਠ ਦੇ ਕਾਰਨ ਅਸਾਮ ਰਾਜ ਬਾਹਰੀ ਹਮਲਿਆਂ ਤੇ ਅੰਦਰੂਨੀ ਸ਼ਾਂਤੀ ਦਾ ਸਾਹਮਣਾ ਕਰ ਰਿਹਾ ਹੈ। ਹੁਣ ਨਾਗਰਿਕਤਾ ਸਾਬਤ ਕਰਨ ਦੀ ਜ਼ਿੰਮੇਵਾਰੀ ਨਾਗਰਿਕ ’ਤੇ ਸੁੱਟ ਦਿੱਤੀ ਗਈ ਹੈ। ਇਸ ਨੇ ਸਾਰੇ ਸਮੀਕਰਣ ਨੂੰ ਬਦਲ ਦਿੱਤਾ ਹੈ ਤੇ ਇਕ ਨਵੇਂ ਐਨ ਆਰ ਸੀ ਦਾ ਰਸਤਾ ਖੁੱਲ ਗਿਆ ਹੈ। ਸੁਪਰੀਮ ਕੋਰਟ ਵਿਚ ਇਹ ਮਾਮਲਾ ਆਲ ਅਸਾਮ ਸਟੂਡੈਂਟ ਯੂਨੀਅਨ ਦੇ ਸਾਬਕਾ ਮੁਖੀ ਸਰਵਨੰਦ ਸੋਨੋਵਾਲ ਨੇ ਦਾਇਰ ਕੀਤਾ ਸੀ, ਜੋ ਹੁਣ ਭਾਜਪਾ ਦੇ ਨਾਲ ਹੈ ਤੇ ਅਸਾਮ ਦਾ ਮੁਖ ਮੰਤਰੀ ਹੈ।

ਚਲਦਾ....

# ਜਗਨਨਾਥ ਪੁਰੀ ਦਾ ਮਸਲਾ ਤੇ ਸਿੱਖ

**-ਤਿਰਲੋਚਨ ਸਿੰਘ**

ਅਖ਼ਬਾਰਾਂ ਵਿਚ ਬੜੇ ਚਿਰ ਤੋਂ ਉੜੀਸਾ ਵਿਚ ਇਤਿਹਾਸਕ ਪਵਿੱਤਰ ਸ਼ਹਿਰ ਜਗਨਨਾਥ ਪੁਰੀ ਬਾਰੇ ਸਿੱਖ ਸੰਸਥਾਵਾਂ ਤੇ ਕਈ ਲੀਡਰਾਂ ਦੇ ਬਿਆਨ ਪੜ ਕੇ ਹੈਰਾਨਗੀ ਹੋ ਰਹੀ ਹੈ। ਸਾਡੀ ਆਦਤ ਬਣ ਚੁੱਕੀ ਹੈ ਕਿ ਕਿਵੇਂ ਕੋਈ ਨਵਾਂ ਮਸਲਾ ਲੱਭ ਜਾਏ ਤਾਂ ਜੋ ਅਸੀਂ ਅੱਗੇ ਆ ਕੇ ਸਿੱਖੀ ਦੇ ਸੱਚੇ ਸੇਵਕ ਬਣਨ ਦਾ ਅਹਿਸਾਸ ਕਰਵਾ ਸਕੀਏ। ਇਸ ਨਵੇਂ ਲੱਭੇ ਮਸਲੇ ਬਾਰੇ ਮੈਂ ਜੋ ਜਾਣਕਾਰੀ ਰੱਖਦਾ ਹਾਂ, ਪਾਠਕਾਂ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਭਾਰਤ ਵਿਚ ਹਰ ਪ੍ਰਸਿੱਧ ਧਾਰਮਿਕ ਅਸਥਾਨ ਦੀ ਯਾਤਰਾ ਕੀਤੀ। ਉੜੀਸਾ ਵਿਚ ਹਿੰਦੂ ਧਰਮ ਦੇ ਵੱਡੇ ਧਾਮ ਜਗਨਨਾਥ ਪੁਰੀ ਵਿਚ ਬਣੇ ਮੰਦਰ ਦੀ ਉਸ ਸਮੇਂ ਵੀ ਬੜੀ ਮਾਨਤਾ ਸੀ। ਭਗਵਾਨ ਜਗਨਨਾਥ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਨਾਂਅ ਆਉਂਦਾ ਹੈ। ਹਿੰਦੂ ਮਿਥਿਹਾਸ ਮੁਤਾਬਿਕ ਇਸ ਮੰਦਰ ਨੂੰ ਬ੍ਰਹਮਾ ਜੀ ਨੇ ਆਪ ਬਣਾਇਆ ਹੈ।

ਇਥੇ ਹੁਣ ਵੀ ਸਾਲਾਨਾ ਪੁਰਬ 'ਤੇ 10 ਲੱਖ ਸ਼ਰਧਾਲੂ ਆਉਂਦੇ ਹਨ। ਗੁਰੂ ਜੀ ਰਸਤੇ ਵਿਚ ਕਈ ਥਾਂ ਠਹਿਰੇ, ਜਿਥੇ ਹੁਣ ਵੀ ਉਨਾਂ ਦੀ ਸੰਗਤ ਮੌਜੂਦ ਹੈ। ਕੱਟਕ ਦੇ ਨੇੜੇ ਦਾਤਣ ਸਾਹਿਬ ਗੁਰਦੁਆਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਨਨਾਥ ਪੁਰੀ ਮੰਦਰ ਵਿਚ ਰੋਜ਼ ਹੁੰਦੀ ਆਰਤੀ ਵੇਖੀ, ਗੁਰੂ ਜੀ ਨੇ 'ਗਗਨ ਮੈ ਥਾਲੁ' ਵਾਲਾ ਸ਼ਬਦ ਇਥੇ ਹੀ ਉਚਾਰਨ ਕੀਤਾ, ਜਿਸ ਨੂੰ ਰਾਬਿੰਦਰ ਨਾਥ ਟੈਗੋਰ ਨੇ ਵਿਸ਼ਵ ਦਾ ਗੀਤ ਮੰਨਿਆ ਹੈ। ਜਨਮਸਾਖੀ ਅਨੁਸਾਰ ਗੁਰੂ ਜੀ ਨੇ ਮੰਦਰ ਦੇ ਨੇੜੇ ਪਾਣੀ ਲਈ ਇਕ ਬਾਉਲੀ ਬਣਵਾਈ ਸੀ। ਗੁਰੂ ਜੀ ਦੇ ਸੇਵਕਾਂ ਵਿਚੋਂ ਹੀ ਭਾਈ ਹਿੰਮਤ ਸਿੰਘ ਇਸੇ ਸ਼ਹਿਰ ਵਿਚ ਪੈਦਾ ਹੋਏ ਤੇ ਪੰਜ ਪਿਆਰਿਆਂ ਵਿਚ ਸ਼ਾਮਿਲ ਹੋਏ ਸਨ। ਉੜੀਸਾ ਨਾਲ ਪਟਿਆਲਾ ਰਾਜ ਘਰਾਣੇ ਦੇ ਬੜੇ ਸਬੰਧ ਰਹੇ। ਉੜੀਸਾ ਦਾ ਸਾਬਕਾ ਮੁੱਖ ਮੰਤਰੀ ਕੇ.ਐਨ. ਸਿੰਘ ਪਟਿਆਲੇ ਵਿਆਹਿਆ ਹੋਇਆ ਸੀ। ਮਹਾਰਾਜਾ ਯਾਦਵਿੰਦਰ ਸਿੰਘ ਦੀ ਸ਼ਾਦੀ ਉੜੀਸਾ ਵਿਚ ਹੋਈ ਸੀ। ਅੱਜ ਦੇ ਮੁੱਖ ਮੰਤਰੀ ਪਟਨਾਇਕ ਦੀ ਮਾਂ ਸਿੱਖ ਹੈ ਤੇ ਭੈਣ ਇਕ ਸਿੱਖ ਨਾਲ ਵਿਆਹੀ ਹੈ। ਉੜੀਸਾ ਵਿਧਾਨ ਸਭਾ ਵਿਚ ਦੋ ਸਿੱਖ ਵਿਧਾਇਕ ਹਨ। ਉੜੀਸਾ ਵਿਚ ਸਿੱਖਾਂ ਦੀ ਆਬਾਦੀ ਬੜੀ ਥੋੜੀ ਹੈ। ਉਥੇ ਸਿੱਖਾਂ ਨੇ ਬੜੀ ਦੇਰ ਤੋਂ ਇਕ ਕੇਂਦਰੀ ਸਿੱਖ ਬੋਰਡ ਸਰਬਸੰਮਤੀ ਨਾਲ ਬਣਾਇਆ ਹੋਇਆ ਹੈ। ਜਦ ਮੈਂ ਕੌਮੀ ਘੱਟ-ਗਿਣਤੀ ਕਮਿਸ਼ਨ ਦਾ ਚੈਅਰਮੈਨ ਬਣਿਆ ਤੇ ਉੜੀਸਾ ਦੌਰੇ 'ਤੇ ਗਿਆ ਤਾਂ ਸਿੱਖ ਬੋਰਡ ਨੇ ਜਗਨਨਾਥ ਪੁਰੀ ਵਿਚ ਜੋ ਸਥਾਨ ਗੁਰੂ ਨਾਨਕ ਦੇਵ ਜੀ ਦੇ ਠਹਿਰਨ ਦਾ ਸੀ, ਦੇ ਮੈਨੂੰ ਦਰਸ਼ਨ ਕਰਵਾਏ। ਉਥੇ ਇਕ ਮਹੰਤ ਰਹਿੰਦਾ ਸੀ। ਮੈਂ ਉਸ ਵਕਤ ਉੜੀਸਾ ਸਰਕਾਰ ਤੇ ਪੁਰੀ ਦੇ ਮਹਾਰਾਜਾ, ਜੋ ਮੰਦਰ ਦੇ ਪ੍ਰਬੰਧਕ ਵੀ ਸਨ, ਨੂੰ ਮਿਲ ਕੇ ਇਹ ਬੇਨਤੀ ਕੀਤੀ ਸੀ ਕਿ ਉਹ ਇਹ ਥਾਂ ਸਿੱਖ ਬੋਰਡ ਨੂੰ ਦੇ ਦੇਣ। ਕਮਿਸ਼ਨ ਦੀ ਸੈਕਟਰੀ ਉੜੀਸਾ ਕਾਡਰ ਦੀ ਸੀ, ਮੈਂ ਉਸ ਨੂੰ ਇਸ ਕੰਮ ਲਈ ਲਗਾ ਦਿੱਤਾ ਸੀ।




ਇਕ ਸਾਲ ਵਿਚ ਮੰਦਰ ਬੋਰਡ ਤੇ ਮੁੱਖ ਮੰਤਰੀ ਵਲੋਂ ਇਹ ਫ਼ੈਸਲਾ ਹੋ ਗਿਆ ਕਿ ਇਹ ਗੁਰਦੁਆਰਾ ਬੋਰਡ ਨੂੰ ਦੇ ਦਿੱਤਾ ਜਾਵੇਗਾ। ਇਸ ਫ਼ੈਸਲੇ ਵਿਰੁੱਧ ਮਹੰਤ ਨੇ ਅਦਾਲਤ ਵਿਚ ਮੁਕੱਦਮਾ ਕਰ ਕੇ ਸਟੇਅ ਲੈ ਲਿਆ। ਉਸ ਸਮੇਂ ਕਿਸੇ ਹੋਰ ਥਾਂ ਦਾ ਵਰਣਨ ਨਹੀਂ ਕੀਤਾ ਗਿਆ ਸੀ। ਮੈਂ ਕਈ ਵਾਰ ਇਸ ਮੰਦਰ ਦੀ ਯਾਤਰਾ ਕਰ ਚੁੱਕਾ ਹਾਂ ਕਦੇ ਵੀ ਕਿਸੇ ਹੋਰ ਮੱਠ ਬਾਰੇ ਨਹੀਂ ਸੀ ਸੁਣਿਆ। ਪਿਛਲੇ ਦੋ ਸਾਲ ਤੋਂ ਗੁਰਦੁਆਰਾ ਬੋਰਡ ਦੀ ਹਿੰਮਤ ਨਾਲ ਸਰਕਾਰ ਨੇ ਬਾਉਲੀ ਸਾਹਿਬ ਵਾਲੀ ਥਾਂ ਉਨਾਂ ਨੂੰ ਦੇਣ ਲਈ ਫ਼ੈਸਲਾ ਕਰ ਲਿਆ ਸੀ। ਪਰ ਉਥੇ ਇਕ ਸਿੱਖ ਬਾਬਾ ਜੀ ਆ ਕੇ ਇਹ ਸਥਾਨ ਲੈਣ ਦੇ ਅਧਿਕਾਰੀ ਬਣ ਗਏ। ਇਸ ਕਰਕੇ ਕੁਝ ਦੇਰੀ ਹੋ ਗਈ। ਪਰ ਹੁਣ ਸਰਕਾਰ ਗੁਰਦੁਆਰਾ ਬੋਰਡ ਨੂੰ ਇਹ ਸਥਾਨ ਦੇਣ ਵਾਲੀ ਹੈ।

ਇਕ ਬੁਨਿਆਦੀ ਸਵਾਲ ਦਾ ਹੱਲ ਹੋਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਸਰਕਾਰ ਦੇ ਐਕਟ ਅਨੁਸਾਰ ਪੰਜਾਬ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਬਣੀ ਹੋਈ ਹੈ, ਇਸ ਦਾ ਸਤਿਕਾਰ ਹਰ ਥਾਂ ਹੈ।

ਭਾਰਤ ਦੇ ਕਈ ਸੂਬਿਆਂ ਵਿਚ ਸਟੇਟ ਸਿੱਖ ਗੁਰਦੁਆਰਾ ਬੋਰਡ ਬਣੇ ਹੋਏ ਹਨ, ਜੋ ਬੜੀ ਸੇਵਾ ਕਰ ਰਹੇ ਹਨ। ਸ਼੍ਰੋ: ਗੁ: ਪ੍ਰੰ: ਕਮੇਟੀ ਉਨਾਂ ਦੇ ਮਾਣ ਤੇ ਅਖ਼ਤਿਆਰ ਨੂੰ ਕਿਉਂ ਨਹੀਂ ਮੰਨਦੀ? ਕਿਧਰੇ ਵੀ ਕੋਈ ਅਵਸਰ ਮਿਲੇ ਤਾਂ ਤੁਰੰਤ ਸ਼੍ਰੋ: ਗੁ: ਪ੍ਰ: ਕਮੇਟੀ ਆਪਣੇ ਅਧੀਨ ਇਕ ਉਪ ਕਮੇਟੀ ਬਣਾ ਕੇ ਉਥੇ ਰਿਪੋਰਟ ਲੈਣ ਲਈ ਭੇਜ ਦਿੰਦੀ ਹੈ। ਲੱਖਾਂ ਰੁਪਏ ਖਰਚ ਕਰਦੀ ਹੈ ਇਨਾਂ ਦੌਰਿਆਂ 'ਤੇ। ਉਸ ਸੂਬੇ ਦੇ ਸਿੱਖਾਂ ਨੂੰ ਕਿਉਂ ਹੱਕ ਨਹੀਂ ਕਿ ਉਹ ਉਥੋਂ ਦੀ ਸਥਿਤੀ ਬਾਰੇ ਆਪਣੀ ਰਾਇ ਰੱਖਣ? ਹਰ ਰਾਜ ਵਿਚ ਸਿੱਖਾਂ ਨੇ ਆਪਣੇ ਵੱਕਾਰ ਬਾਰੇ ਆਪ ਫ਼ੈਸਲਾ ਕਰਨਾ ਹੈ। ਬਾਹਰੋਂ ਜਾ ਕੇ ਅਸੀਂ ਬੇਲੋੜਾ ਦਖ਼ਲ ਦੇ ਕੇ ਜਮਹੂਰੀ ਢਾਂਚੇ ਨੂੰ ਆਪੇ ਹੀ ਤੋੜ ਰਹੇ ਹਾਂ। ਮੈਨੂੰ ਇਹ ਪਤਾ ਹੈ ਕਿ ਜੋ ਬਾਬਾ ਜਗਨਨਾਥ ਪੁਰੀ ਬੈਠਾ ਹੈ ਉਸ ਦੀ ਅੰਮ੍ਰਿਤਸਰ ਤੋਂ ਕਿਵੇਂ ਮਦਦ ਹੁੰਦੀ ਸੀ, ਇਸ ਬਾਰੇ ਵੀ ਕੌਮ ਨੂੰ ਜਾਣਕਾਰੀ ਮਿਲਣੀ ਚਾਹੀਦੀ ਹੈ।

ਅੱਜ ਮੰਗੂ ਮੱਠ ਦੀ ਚਰਚਾ ਚੱਲ ਪਈ ਹੈ। ਕੀ ਉੜੀਸਾ ਦੇ ਸਿੱਖਾਂ ਨੂੰ ਇਸ ਬਾਰੇ ਅੱਜ ਤੱਕ ਪਤਾ ਨਹੀਂ ਸੀ ਲੱਗਾ? ਦੂਜਾ ਸਰਬਉੱਚ ਅਦਾਲਤ ਮੰਦਰ ਦੇ ਆਸ-ਪਾਸ ਦਾ ਇਲਾਕਾ ਚੌੜਾ ਕਰਨ ਦੇ ਆਦੇਸ਼ ਦੇ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਗਲਿਆਰੇ ਨੂੰ ਬਣਾਉਣ ਲਈ 1985 ਵਿਚ ਕਿੰਨੇ ਇਲਾਕੇ ਢਾਹੇ ਗਏ ਸਨ। ਉੜੀਸਾ ਸਿੱਖ ਬੋਰਡ ਨੇ ਬਿਆਨ ਦਿੱਤਾ ਹੈ ਕਿ ਕੋਈ ਮੱਠ ਨਹੀਂ ਢਾਹਿਆ ਗਿਆ। ਇਸ ਸਾਰੇ ਮਸਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ, ਤਾਂ ਹੀ ਉਚਿਤ ਪਹੁੰਚ ਅਖ਼ਤਿਆਰ ਕੀਤੀ ਜਾ ਸਕਦੀ ਹੈ। ਇਸ ਸਬੰਧੀ ਸਥਾਨਕ ਸਿੱਖਾਂ ਦੀ ਰਾਇ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਸਥਾਨਕ ਸਿੱਖਾਂ ਨੇ ਸਰਕਾਰ ਦੀ ਮਦਦ ਨਾਲ ਦੋ ਸਕੂਲ ਖੋਲੇ ਹੋਏ ਹਨ ਉਹ ਸਰਕਾਰ ਦੀ ਨੀਤੀ ਤੋਂ ਖ਼ੁਸ਼ ਹਨ। ਉਹ ਸ਼ਰਧਾਲੂ ਸਿੱਖ ਹਨ ਉਨਾਂ ਹੀ ਗੁਰਦੁਆਰੇ ਚਲਾਉਣੇ ਹਨ। ਪੰਜਾਬ ਤੋਂ ਸੰਗਤ ਜਾ ਕੇ ਉਥੇ ਗੁਰਦੁਆਰੇ ਨਹੀਂ ਚਲਾ ਸਕਦੀ। ਮੈਂ ਯਾਦ ਕਰਵਾ ਦੇਵਾਂ ਕਿ ਸਾਡੇ ਵਿਚ ਉਬਾਲ ਆਉਂਦਾ ਹੈ, ਅਸੀਂ ਸਾਰੀ ਕੌਮ ਨੂੰ ਹਿਲਾ ਦਿੰਦੇ ਹਾਂ ਫਿਰ ਆਪ ਚੁਪ ਹੋ ਜਾਂਦੇ ਹਾਂ। ਫਿਰ ਕੋਈ ਨਵਾਂ ਮਸਲਾ ਲੱਭ ਜਾਂਦਾ ਹੈ। ਹਰਿਦੁਆਰ ਦਾ ਗੁਰਦੁਆਰਾ ਗੋਦੜੀ ਸਾਹਿਬ, ਫਿਰ ਗੁਰਦੁਆਰਾ ਡਾਂਗਮਾਰ। ਇਸ ਸਮੇਂ ਤੱਕ ਕੀ ਹੋਇਆ? ਭੁੱਲ ਗਏ? ਹਰਿਦੁਆਰ ਦਾ ਮਸਲਾ ਉਥੋਂ ਦੀ ਸੰਗਤ ਨਾਲ ਗੱਲ ਕਰ ਕੇ ਮੈਂ 2004 ਵਿਚ ਹੱਲ ਕਰਵਾ ਦਿੱਤਾ ਸੀ। ਵੱਖਰਾ ਪਲਾਟ ਗੁਰਦੁਆਰੇ ਲਈ ਅਲਾਟ ਹੋ ਚੁੱਕਾ ਹੈ ਜੋ ਸਿੱਖਾਂ ਕੋਲ ਹੈ। ਅਸੀਂ ਹਰਿ ਕੀ ਪਉੜੀ ਦਾ ਨਾਂਅ ਲੈ ਕੇ ਝਗੜਾ ਕਰਨਾ ਚਾਹੁੰਦੇ ਹਾਂ? ਮੇਰੀ ਬੇਨਤੀ ਹੈ ਕਿ ਬਿਨਾਂ ਮਤਲਬ ਤੋਂ ਪੰਜਾਬੋਂ ਬਾਹਰ ਵੱਸਦੇ ਸਿੱਖਾਂ ਨੂੰ ਮੁਸ਼ਕਿਲ ਵਿਚ ਨਾ ਪਾਵੋ। ਉਨਾਂ ਦੀ ਸਲਾਹ ਲਵੋ ਜੇ ਉਨਾਂ ਨੂੰ ਮਦਦ ਦੀ ਲੋੜ ਹੈ ਫਿਰ ਅੱਗੇ ਆਵੋ। ਆਪੇ ਹੀ ਪਹਿਲ ਕਰਨ ਲਈ ਨਾ ਪੁੱਜ ਜਾਵੋ। ਇਸ ਨਾਲ ਉਨਾਂ ਨੂੰ ਦੁੱਖ ਪੁੱਜਦਾ ਹੈ। ਦੂਜੀ ਬੇਨਤੀ ਹੈ ਕਿ ਦੂਜੇ ਧਰਮਾਂ ਦੀਆਂ ਧਾਰਮਿਕ ਕਮੇਟੀਆਂ ਨਾਲ ਵੀ ਸੰਪਰਕ ਕਰੋ ਤੇ ਮਸਲੇ ਹੱਲ ਕਰਨ ਲਈ ਗੱਲਬਾਤ ਦਾ ਰਸਤਾ ਅਪਣਾਓ।

# ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ

**-ਪ੍ਰਮਿੰਦਰ ਸਿੰਘ ਪ੍ਰਵਾਨਾ**



ਦਸ ਗੁਰੂਆਂ ਦੀ ਇਕ ਜੋਤ ਨਿਰੰਤਰ ਰੱਬੀ ਸੀ। ਅਵਤਾਰੀ ਪੁਰਸ਼ ਧਰਤੀ ਦੇ ਉਧਾਰ ਨਮਿਤ ਆਇਆ ਕਰਦੇ ਹਨ। ਜਦੋਂ ਸੰਸਾਰ ਵਿਚ ਪਾਪ ਦੀ ਅਤਿ ਹੋ ਜਾਵੇ ਤਾਂ ਕੋਈ ਉਪਕਾਰੀ ਆਉਂਦਾ ਹੈ। ਦਸਮੇਸ਼ ਪਿਤਾ ਪਰਉਪਕਾਰੀਆਂ ਦੇ ਸਿਰਤਾਜ ਬਣ ਆਏ। ਗੁਰੂ ਜੀ ਦੀ ਸ਼ਖਸੀਅਤ ਬਾਰੇ ਇਤਿਹਾਸਕਾਰਾਂ ਨੇ ਆਪਣੀ ਯਥਾ ਸ਼ਕਤੀ ਅਤੇ ਸੂਝ ਨਾਲ ਲਿਖਿਆ ਹੈ, ਅੱਲਾ ਯਾਰ ਖਾਂ ਜੋਗੀ ਨੇ ਗੰਜ-ਏ-ਸ਼ਹੀਦਾਂ ਵਿਚ ਲਿਖਿਆ ਹੈ ਕਿ :

**ਕਰਤਾਰ ਕੀ ਸੌਗੰਦ ਹੈ, ਨਾਨਕ ਕੀ ਕਸਮ ਹੈ।**
**ਜਿਤਨੀ ਭੀ ਹੋ, ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।**

ਦਸਮੇਸ਼ ਪਿਤਾ ਨੇ ਅਜਿਹੀ ਕੌਮ ਤਿਆਰ ਕੀਤੀ ਜੋ ਜ਼ੁਲਮ ਅਤੇ ਅਤਿਆਚਾਰ ਦੇ ਵਿਰੁਧ ਆਪਣੀ ਜਾਨ ਦੀ ਬਾਜੀ ਲਗਾ ਕੇ ਸੀਸ ਭੇਟ ਕਰਨ ਲਈ ਤਿਆਰ ਹੋਈ। ਉਨਾਂ ਦਾ ਪ੍ਰਕਾਸ਼ 5 ਜਨਵਰੀ, 1666 ਨੂੰ ਪਟਨਾ ਸਾਹਿਬ ਵਿਖੇ ਮਾਤਾ ਗੁਜਰ ਕੌਰ ਜੀ ਦੀ ਕੁੱਖੋਂ ਹੋਇਆ। ਗੁਰੂ ਜੀ ਨੇ ਸੰਸਕ੍ਰਿਤ ਅਤੇ ਫਾਰਸੀ ਵਿਦਿਆ ਦਾ ਅਧਿਐਨ ਕੀਤਾ। ਗੁਰਬਾਣੀ ਦੀ ਰਚਨਾ ਵੀ ਕੀਤੀ। ਉਨਾਂ ਸ਼ਸਤਰ ਵਿਦਿਆ ਦਾ ਅਭਿਆਸ ਵੀ ਕੀਤਾ। ਉਨਾਂ ਦੇ ਜੀਵਨ ਦਾ ਮਨੋਰਥ ਸੀ ਕਿ ਮਨੁੱਖਤਾ ਨੂੰ ਜ਼ੁਲਮ ਅਤੇ ਅਨਿਆਂ ਤੋਂ ਬਚਾਉਣਾ ਹੈ। ਗੁਰੂ ਜੀ ਨੇ ਸਮਾਜਿਕ, ਆਰਥਿਕ, ਧਾਰਮਿਕ, ਸੱਭਿਆਚਾਰਕ ਅਤੇ ਰਾਜਨੀਤਕ ਪੱਖੋਂ ਮਾਰੀ ਕੁੱਟੀ, ਲੁੱਟੀ-ਪੁੱਟੀ ਲੋਕਾਈ ਨੂੰ ਹੱਕ ਸੱਚ ਲਈ ਡਟ ਜਾਣ ਲਈ ਜਾਗ੍ਰਿਤ ਕੀਤਾ। ਅਣਖ ਅਤੇ ਸਵੈ ਮਾਨ ਵਾਲਾ ਜੀਵਨ ਜਿਊਣ ਦੀ ਜਾਚ ਸਿਖਾਈ। ਇਯ ਲਈ ਬਹੁਤ ਸਾਰੀਆਂ ਜੰਗਾਂ ਵਿਚ ਜੂਝਣਾ ਪਿਆ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਧਰਮ ਸਿਧਾਂਤ ਨੂੰ ਸਿਖਰ ਤੇ ਪਹੁੰਚਾਇਆ।

ਸਮਾਜ ਵਿਚੋਂ ਹਾਊਮੈ ਕੱਢ ਕੇ ਅਜਿਹਾ ਖ਼ਾਲਸਾ ਸਾਜਿਆ ਜਿਸ ਨੇ ਕੌਮ ਦੀ ਚੜਦੀ ਕਲਾ ਲਈ ਆਪਾ ਵਾਰਿਆ। ਦੇਸ਼ ਕੌਮ ਨੂੰ ਸੁਤੰਤਰਤਾ ਮਿਲੀ। ਸੰਸਾਰ ਨੂੰ ਸੱਚਾ ਨਿਵੇਕਲਾ ਧਰਮ ਮਿਲਿਆ। ਗੁਰੂ ਜੀ ਨੇ ਮਨੁੱਖ ਦੀ ਪੂਰਨ ਆਜਾਦੀ ਦਾ ਰਾਹ ਦੱਸਿਆ। ਗੋਬਿੰਦ ਰਾਏ ਜੀ ਅਜੇ ਨੌਂ ਸਾਲਾਂ ਦੇ ਹੀ ਸਨ ਕਿ ਧਰਮ ਦੀ ਰਾਖੀ ਲਈ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਉਸ ਸਮੇਂ ਇਕ ਪਾਸੇ ਨਿਰਦਈ ਬਾਦਸ਼ਾਹ ਔਰੰਗਜੇਬ ਤੇ ਕਾਇਰ ਪਹਾੜੀ ਰਾਜੇ। ਦੂਸਰੇ ਗੁਰੂ ਜੀ ਦੇ ਪਾਸੇ ਜੰਗਾਂ ਦੇ ਸਤਾਏ ਭੁੱਖਣ ਭਾਣੇ ਸਿੰਘ ਜੋ ਜ਼ੁਲਮ ਵਿਰੁਧ ਟੱਕਰ ਲੈਣ ਲਈ ਰਾਹ ਤੁਰੇ ਸਨ। ਧਰਮ ਬਚਾਉਣ ਲਈ ਖ਼ਾਲਸਾ ਜੂਝਦਾ ਰਿਹਾ। ਗੁਰੂ ਜੀ ਨੇ ਵੈਰੀ ਦੀਆਂ ਝੂਠੀਆਂ ਕਸਮਾਂ ਵਿਚ ਅਨੰਦਗੜ ਦਾ ਕਿਲਾ ਛੱਡ ਦਿੱਤਾ। ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦੀ ਪਾ ਗਏ। ਦੋ ਛੋਟੇ ਸਾਹਿਬਜ਼ਾਦੇ ਠੰਢੇ ਬੁਰਜ ਸਰਹਿੰਦ ਵਿਚ ਕੈਦ ਰਹੇ, ਮਾਤਾ ਗੁਜਰ ਜੀ ਨਾਲ ਸਨ। ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ। ਮਾਤਾ ਗੁਜਰ ਕੌਰ ਜੀ ਵੀ ਠੰਢੇ ਬੁਰਜ ਸਰਹਿੰਦ ਵਿਚ ਸ਼ਹੀਦ ਹੋ ਗਏ।

ਗੁਰੂ ਜੀ ਫਿਰ ਵੀ ਚੜਦੀ ਕਲਾ ਵਿਚ ਰਹੇ। ਸੱਚ ਧਰਮ ਲਈ ਜੂਝਣ ਦੀ ਤਾਂਘ ਸੀ ਕਿ ਸੰਤ ਸਿਪਾਹੀਆਂ ਦੀ ਫੌਜ ਤਿਆਰ ਕਰ ਲਈ। ਸੰਨ 1699 ਦੀ ਵਿਸਾਖੀ ਦੇ ਦਿਨ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਣ ਤੋਂ ਬਾਅਦ ਉਨਾਂ ਪਾਸੋਂ ਆਪ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ 'ਆਪੇ ਗੁਰ ਚੇਲਾ' ਦੀ ਮਿਸਾਲ ਕਾਇਮ ਕੀਤੀ। ਸਮਾਜ ਵਿਚ ਅਜਿਹਾ ਅਹਿਸਾਸ ਪੈਦਾ ਕੀਤਾ ਕਿ ਉਹ ਬਲ ਹੀਣ ਨਹੀਂ ਹਨ। ਉਨਾਂ ਨੂੰ ਆਪਣੇ ਅੰਦਰ ਹੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਹੱਕ ਸੱਚ ਲਈ ਹਮੇਸ਼ਾ ਤਿਆਰ ਰਹਿਣਾ, ਇਸੇ ਵਿਚ ਸੱਚੇ ਧਰਮ ਦੀ ਪ੍ਰਾਪਤੀ ਹੈ। ਗੁਰੂ ਜੀ ਨੇ ਤਲਵਾਰ ਹਥਿਆਰ ਨੂੰ ਸੰਘਰਸ਼ ਵਿਚ ਸ਼ਕਤੀ ਦਾ ਪ੍ਰਤੀਕ ਮੰਨਿਆ। ਉਨਾਂ ਬਹੁਤ ਸਾਰੇ ਜੰਗ ਸਹੇੜੇ ਅਤੇ ਜਿੱਤੇ ਵੀ। ਪਰ ਕਿਸੇ ਦੇ ਇਲਾਕੇ 'ਤੇ ਕਬਜ਼ਾ ਨਹੀਂ ਕੀਤਾ। ਗੁਰੂ ਜੀ ਦਾ ਹੁਕਮ ਸੀ ਕਿ ਕਿਸੇ ਦੇ ਧੰਨ, ਮਾਲ, ਇੱਜਤ ਲੁੱਟੇ ਜਾਦਾ, ਭੱਜੇ ਜਾਂਦੇ ਤੇ ਜਾਂ ਸੁੱਤੇ ਪਏ ਵੈਰੀ ਤੇ ਹਮਲਾ, ਕਿਸੇ ਬੱਚੇ, ਬੁੱਖੇ, ਔਰਤ ਤੇ ਵਾਰ ਨਹੀਂ ਕਰਨਾ ਆਦਿ ਵਰਜਿਤ ਸਨ। ਉਨਾਂ ਨੇ ਪਹਿਲਾਂ ਕਿਸੇ ਤੇ ਹਮਲਾ ਨਹੀਂ ਕੀਤਾ। ਜਿੱਤ ਲਈ ਜੂਝਣ ਤੇ ਜਿੱਤ ਦਾ ਅਟੁੱਟ ਵਿਸ਼ਵਾਸ ਰੱਖਦੇ ਸਨ। ਕੋਈ ਵੀ ਲੜਾਈ ਜਰ, ਜੋਰੂ ਜਾਂ ਜ਼ਮੀਨ ਲਈ ਨਹੀਂ ਲੜੀ। ਉਨਾਂ ਹਮੇਸ਼ਾ ਨਿਮਾਣਿਆਂ, ਨੀਵਿਆਂ, ਨਿਤਾਣਿਆਂ ਅਤੇ ਲਿਤਾੜਿਆਂ ਦੇ ਹੱਕ ਸੱਚ ਦੀ ਬਰਾਬਰੀ ਲਈ ਸੰਘਰਸ਼ ਕੀਤਾ। ਆਪਣਾ ਸਾਰਾ ਸਰਬੰਸ ਧਰਮ ਦੀ ਸ਼ਾਨ ਬਦਲੇ ਵਾਰ ਦਿੱਤਾ।

**ਇਨ ਪੁਤਰਨ ਕੇ ਸੀਸ ਪੈ, ਵਾਰ ਦੀਏ ਸੁਤ ਚਾਰ॥**
**ਚਾਰ ਮੁਏ ਤੋਂ ਕਿਆ ਭਇਆ, ਜੀਵਤ ਕਈ ਹਜ਼ਾਰ॥**

ਉਨਾਂ ਪੰਜ ਪਿਆਰਿਆਂ, ਚਾਲੀ ਮੁਕਤਿਆਂ ਦੀ ਲਾਸਾਨੀ ਵਫ਼ਾਦਾਰੀ ਅਤੇ ਕੁਰਬਾਨੀ ਤੋਂ ਲੈ ਕੇ ਸਿੱਖਾ ਵਿਚ ਇੰਨੀ ਸ਼ਰਧਾ ਅਤੇ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖੁਸ਼ੀ ਖੁਸ਼ੀ ਅੱਗੇ ਆਉਣ ਲੱਗੇ। ਧਰਮ ਯੁੱਘ ਵਿਚ ਔਰਤ, ਮਰਦ ਅਤੇ ਬੱਚਿਆਂ ਨੇ ਵੀ ਸ਼ਹੀਦੀਆਂ ਪਾਈਆਂ ਗਾਉਂਦੇ ਰਹੇ।

ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।

ਬਰਾਬਰਤਾ ਬਾਰੇ ਉਨਾਂ ਦਾ ਉਪਦੇਸ਼ ਹੈ ਕਿ ਭਾਵੇਂ ਧਰਮ ਆਪਣੀ ਵੱਖਰੀ ਵੱਖਰੀ ਸ਼ਰਧਾ ਰੱਖਦੇ ਹਨ ਤੇ ਆਪਣੇ ਮਾਰਗ ਤੇ ਚਲਦੇ ਹਨ। ਪਰ ਇਨਸਾਨੀਅਤ ਇਕੋ ਅਕਾਲ ਪੁਰਖ ਦੀ ਰਚਨਾ ਹੈ। ਗੁਰੂ ਜੀ ਦੇ ਜੀਵਨ ਦਾ ਇਕ ਅਹਿਮ ਪੜਾਅ ਹੈ ਪਾਉਂਟਾ ਸਾਹਿਬ ਜਿੱਥੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਪਾਉਂਟਾ ਸਾਹਿਬ ਦੀ ਨੀਂਹ 29 ਅਪ੍ਰੈਲ, 1685 ਦੇ ਦਿਨ ਰੱਖੀ। ਗੁਰੂ ਜੀ ਨੇ ਦੇਸ਼ ਦੇ ਕੋਨੇ ਕੋਨੇ ਤੋਂ ਵਿਦਵਾਨ ਮੰਗਵਾ ਕੇ ਦੂਸਰੀਆਂ ਭਾਸ਼ਾਵਾਂ ਦਾ ਅਨੁਵਾਦ ਪੰਜਾਬੀ ਵਿਚ ਕਰਕੇ ਪ੍ਰਚਾਰ ਕੀਤਾ। ਆਪ ਜੀ ਦੀ ਪ੍ਰਤੀਪਾਲਣਾ ਹੇਠ ਆਏ ਵਿਦਵਾਨਾਂ ਵਿਚ 52 ਦਰਬਾਰੀ ਰਤਨ ਕਵੀ ਪੱਕੇ ਤੌਰ 'ਤੇ ਕਾਵਿ-ਗੋਸ਼ਟੀਆਂ ਕਰਵਾਉਂਦੇ ਅਤੇ ਕਵੀਆਂ ਦਾ ਸਨਮਾਨ ਕਰਦੇ।

ਗੁਰੂ ਜੀ ਦਾ ਜੀਵਨ ਸੰਘਰਸ਼ ਜ਼ਾਲਮ ਰਾਜ ਪ੍ਰਬੰਧ, ਵਿਤਕਰੇ ਅਤੇ ਲਾਲਚ ਵਿਰੁਧ ਸੀ। ਉਹ ਇਨਸਾਨੀਅਤ ਨੂੰ ਪਿਆਰ ਕਰਦੇ ਸਨ। ਇਸੇ ਲਈ ਜਦੋਂ ਭਾਈ ਘਨੱਈਆ ਜੀ ਦੀ ਸ਼ਿਕਾਇਤ ਹੋਈ ਕਿ ਦੁਸ਼ਮਣ ਨੂੰ ਵੀ ਪਾਣੀ ਪਿਲਾਈ ਜਾ ਰਿਹਾ ਹੈ, ਗੁਰਾਂ ਨੇ ਉਨਾਂ ਨੂੰ ਮੱਲਮ ਵੀ ਦਿੱਤੀ ਕਿ ਮੱਲਮ ਪੱਟੀ ਵੀ ਕਰ ਦਿਆ ਕਰੋ। ਉਹ ਸਰੀਰਕ ਅਤੇ ਫੌਜੀ ਸ਼ਕਤੀ ਨਾਲ ਆਤਮਿਕ ਬੱਲ ਅਤੇ ਚੰਗੇ ਚਰਿੱਤਰ ਦੀ ਸ਼ਕਤੀ ਨੂੰ ਮਹੱਤਵਪੂਰਨ ਸਮਝਦੇ ਸਨ। ਜਦੋਂ ਲੱਖਾਂ ਦੀ ਫੌਜ ਦੀ ਟਾਕਰਾ 40 ਭੁੱਖੇ ਤਿਹਾਏ ਸਿੰਘਾਂ ਨੂੰ ਕਰਨਾ ਪਿਆ ਤਦ ਵੀ ਆਪ ਜੀ ਦੀ ਦ੍ਰਿੜਤਾ ਅਤੇ ਧਰਮ ਯੁੱਧ ਦਾ ਚਾਅ ਜਿਵੇਂ ਦਾ ਤਿਉਂ ਕਾਇਮ ਰਿਹਾ। ਸਾਰੇ ਪਰਿਵਾਰ ਨੂੰ ਵਾਰ ਕੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਚੜਦੀ ਕਲਾ ਵਿਚ ਰਹਿਣ ਦੀ ਮਿਸਾਲ ਕਾਇਮ ਕੀਤੀ। ਗੁਰੂ ਜੀ ਦੇ ਸਿੱਖ ਵਚਨ ਪਾਲਣ ਵਿਚ ਸਿਰਧੜ ਦੀ ਬਾਜ਼ੀ ਲਗਾਉਣ ਵਿਚ ਦ੍ਰਿੜ ਵਿਸ਼ਵਾਸ ਰੱਖਦੇ ਹਨ। ਉਨਾਂ ਨੇ ਕੋਈ ਯੰਤਰ ਮੰਤਰ ਦੀ ਵਿਧਾ ਨਹੀਂ ਸਮਝਾਈ, ਆਪਣੇ ਸਿੱਖਾਂ ਨੂੰ ਗੁਰੂ ਗ੍ਰੰਥ ਅਤੇ ਪੰਥ ਦੇ ਲੜ ਲਾ ਕੇ ਵਿਅਕਤੀ ਪੂਜਾ ਤੋਂ ਬਚਾਇਆ। ਉਨਾਂ ਉਪਦੇਸ਼ ਦਿੱਤਾ ਕਿ ਪੂਜਾ ਅਕਾਲ ਦੀ, ਪ੍ਰਚਾ ਸ਼ਬਦ ਦਾ, ਦੀਦਾਰ ਖਾਲੇ ਦਾ। ਆਪ 42 ਕੁ ਵਰਿਆਂ ਦੀ ਸੰਸਾਰ ਫੇਰੀ ਨਾਲ 1708 ਈ. ਨੂੰ ਨਾਂਦੇੜ ਦੇ ਸਥਾਨ ਤੇ ਜੋਤੀ ਜੋਤ ਸਮਾ ਗਏ। ਸੰਸਾਰ ਫੇਰੀ ਵਿਚ ਉਨਾਂ ਨੇ ਜੋ ਕਮਾਲ ਕਰ ਵਿਖਾਇਆ, ਉਹ ਸੰਸਾਰ ਵਿਚ ਸੰਤੁਲਿਤ ਧਰਮੀ ਜੀਵਨ ਪ੍ਰਦਾਨ ਕਰਦਾ ਹੈ।

**ਅੰਤਿਕਾ : ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥**
**ਤੁਧ ਬਿਨ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ।**
**ਸੂਲ ਸੁਰਾਹੀ ਖੰਜਰੁ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ।**
**ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ।**

# ਜੇਐੈਨਯੂ ਦੀ ਗੁੰਡਾਗਰਦੀ ਪਿੱਛੇ ਕੌਣ ?

**-ਰਵੀਸ਼ ਕੁਮਾਰ**



ਜਦ ਜੇਐੈਨਯੂ ਵਿਚ ਨਕਾਬਪੋਸ਼ ਆ ਸਕਦੇ ਹਨ ਤਾਂ ਉਹ ਕਿਤੇ ਵੀ ਆ ਸਕਦੇ ਹਨ। ਰਾਤ ਦੇ ਹਨੇਰੇ ਵਿਚ ਰਾਡਾਂ, ਤਲਵਾਰਾਂ ਤੇ ਹੋਰ ਤਿੱਖੇ ਹਥਿਆਰਾਂ ਦੇ ਨਾਲ ਜਦ ਅਪਰਾਧੀ ਨਕਾਬ ਪਾ ਲੈਣ ਤਾਂ ਤੁਸੀਂ ਟਾਰਚ ਕੱਢ ਕੇ ਰੱਖੋ। ਅਪਰਾਧੀ ਤਾਂ ਨਹੀਂ ਭਾਲ ਸਕੋਗੇ, ਪਰ ਘੱਟੋ ਘੱਟ ਰਾਤ ਦੇ ਹਨੇਰੇ ਵਿਚ ਪਲੰਘ ਦੇ ਹੇਠਾਂ ਕੋਨੇ ਵਿਚ ਛੁਪ ਕੇ ਲੋਕਤੰਤਰ ਨੂੰ ਭਾਲ ਸਕੋਗੇ, ਜਿਸ ਨੂੰ ਹਿੰਸਾ ਦੀਆਂ ਇਹਨਾਂ ਤਸਵੀਰਾਂ ਦੇ ਰਾਹੀਂ ਖਤਮ ਕੀਤਾ ਜਾ ਰਿਹਾ ਹੈ। ਤੁਹਾਡੇ ਅੰਦਰ ਜੇਐੈਨਯੂ ਨੂੰ ਖਤਮ ਕੀਤਾ ਜਾ ਰਿਹਾ ਹੈ ਤਾਂ ਕਿ ਤੁਸੀਂ ਨਕਾਬਪੋਸ਼ ਗੁੰਡਿਆਂ ਨੂੰ ਦੇਸ਼ਭਗਤ ਸਮਝਣ ਲਗ ਜਾਵੋ।

5 ਸਾਲਾਂ ਦੇ ਦੌਰਾਨ ਗੋਦੀ ਮੀਡੀਆ ਤੇ ਸ਼ੋਸ਼ਲ ਮੀਡੀਆ ਦੇ ਰਾਹੀਂ ਇਕ ਚੰਗੀ ਯੂਨੀਵਰਸਿਟੀ ਨੂੰ ਇਸ ਢੰਗ ਨਾਲ ਖਤਮ ਕਰ ਦਿੱਤਾ ਕਿ ਬਹੁਤ ਸਾਰੇ ਨਕਾਬਪੋਸ਼ ਗੁੰਡਿਆਂ ਨੂੰ ਦੇਖਦੇ ਹੋਏ ਨਹੀਂ ਦੇਖਿਆ ਜਾ ਰਿਹਾ। ਕੋਈ 90 ਸਾਲ ਪਹਿਲਾਂ ਲੋਕ ਇਸ ਤਰਾਂ ਨਹੀਂ ਦੇਖ ਸਕੇ ਸਨ, ਜਦ ਕਪਟੀ ਪ੍ਰਾਪੇਗੰਡੇ ਦਾ ਪ੍ਰਭਾਵ ਉਹਨਾਂ ’ਤੇ ਹਾਵੀ ਹੋ ਗਿਆ ਸੀ। ਉਹ ਦੇਸ ਕੁਝ ਹੋਰ ਸੀ, ਇਹ ਦੇਸ ਭਾਰਤ ਹੈ। ਆਮ ਤੌਰ ’ਤੇ ਭਾਰਤ ਦੀ ਦੂਸਰੇ ਨੰਬਰ ਦੀ ਇਸ ਯੂਨੀਵਰਸਿਟੀ ਦੇ ਹੋਸਟਲ ਵਿਚ ਅਰਾਮ ਨਾਲ ਰਾਡਾਂ ਲੈ ਕੇ ਨਕਾਬਪੋਸ਼ ਵੜ ਆਏ। ਇਸ ਨੂੰ ਦੇਖ ਕੇ ਕਿਸੇ ਦਾ ਦਿਲ ਕੰਬ ਜਾਣਾ ਚਾਹੀਦਾ ਹੈ। ਪਰ ਗੱਲ ਹੋ ਰਹੀ ਹੈ ਨਕਸਲ ਦੀ, ਦੇਸ਼ ਵਿਰੋਧੀ ਦੀ ਤੇ ਜਿਹਾਦੀਆਂ ਦੀ। ਤੁਸੀਂ ਜੋ ਸਾਹਮਣੇ ਤੋਂ ਦੇਖ ਰਹੇ ਹੋ ਉਹ ਛੱਡ ਕੇ ਨਕਸਲ ਤੇ ਐਂਟੀ ਨਕਸਲ ਨੂੰ ਹੀ ਸੁਣਨ ਤੇ ਦੇਖਣ ਲੱਗਦੇ ਹੋ। ਤੁਸੀਂ ਤੱਥਾਂ ਨੂੰ ਛੱਡ ਦਿੰਦੇ ਹੋ। ਜੋ ਇਮੇਜ ਤੁਹਾਡੇ ਦਿਮਾਗ ਵਿਚ ਵਟਸਐਪ ਯੂਨੀਵਰਸਿਟੀ ਨੇ ਬਣਾਇਆ ਹੈ, ਉਹੀ ਕੁਝ ਤੁਸੀਂ ਜੇਐੈਨਯੂ ਬਾਰੇ ਦੇਖਣ ਲਗ ਜਾਂਦੇ ਹੋ। ਤੁਸੀਂ ਚੈਕ ਕਰੋ ਕੀ ਅਜੇ ਤੱਕ ਤੁਹਾਨੂੰ ਨਕਾਬਪੋਸ਼ ਗੁੰਡੇ ਯਾਦ ਹਨ ਜਾਂ ਭੁੱਲ ਕੇ ਤੁਸੀਂ ਨਕਸਲ ਬਨਾਮ ਰਾਸ਼ਟਰਵਾਦ ਦੀ ਬਹਿਸ ਵਿਚ ਉਲਝ ਗਏ ਹੋ ? ਇਸ ਤਰਾਂ ਦੇ ਬਹੁਤ ਸਾਰੇ ਲੋਕ ਇਕ ਵਾਰ ਫਿਰ ਜੇਐੈਨਯੂ ਨਾਲ ਨਫ਼ਰਤ ਕਰਨ ਲਗਦੇ ਹਨ ਤੇ ਨਕਾਬਪੋਸ਼ ਗੁੰਡਿਆਂ ਨੂੰ ਦੇਖ ਕੇ ਖੁਸ਼ ਹੋਣ ਲਗਦੇ ਹਨ। ਸੱਚ ਸੱਚ ਦਸੋ ਕੀ ਤੁਹਾਨੂੰ ਵਟਸਐਪ ਯੂਨੀਵਰਸਿਟੀ ਵਿਚ ਜੇਐੈਨਯੂ ਨੂੰ ਲੈ ਕੇ ਅਜਿਹੇ ਮੈਸੇਜ ਮਿਲੇ ਹਨ, ਜਿਸ ਵਿਚ ਜੇਐੈਨਯੂ ਨੂੰ ਜਿਹਾਦੀਆਂ ਦਾ ਅੱਡਾ ਦੱਸਿਆ ਜਾ ਰਿਹਾ ਹੈ ਤੇ ਬੰਦ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਦਰਸ਼ਕ ਦੇ ਲਈ ਇਹ ਸਮਾਂ ਇਮਤਿਹਾਨ ਦਾ ਹੈ। ਜਦ ਤੱਕ ਤੁਸੀਂ ਇਕ ਮੁੱਦੇ ਨੂੰ ਠੀਕ ਤਰਾਂ ਸਮਝ ਨਹੀਂ ਪਾਉਂਦੇ ਤਾਂ ਦੂਸਰੀ ਘਟਨਾ ਸਾਹਮਣੇ ਆ ਜਾਂਦੀ ਹੈ। ਤੁਸੀਂ ਪਹਿਲੇ ਵਾਲਾ ਛੱਡ ਦੂਸਰੇ ਵਾਲੇ ਮੁੱਦੇ ਵਿਚ ਉਲਝ ਜਾਂਦੇ ਹੋ, ਤਦ ਤੀਸਰਾ ਮਸਲਾ ਆ ਜਾਂਦਾ ਹੈ। ਇਸ ਲਈ ਨਾ ਤੁਸੀਂ ਘਟਨਾ ਸਮਝ ਸਕਦੇ ਹੋ ਤੇ ਨਾ ਹੀ ਘਟਨਾ ਪਿੱਛੇ ਲੁੱਕਿਆ ਸੱਚ ਸਮਝ ਪਾਉਂਦੇ ਹੋ। ਉਹੀ ਸਮਝਦੇ ਹੋ ਜੋ ਗੋਦੀ ਮੀਡੀਆ ਤੇ ਵਟਸਐਪ ਯੂਨੀਵਰਸਿਟੀ ਤੁਹਾਨੂੰ ਦੱਸਦੀ ਹੈ। ਕੁਝ ਸਮਾਂ ਪਹਿਲਾਂ ਐਤਵਾਰ ਦੌਰਾਨ ਜਾਮੀਆ ਦੀ ਲਾਇਬਰੇਰੀ ਵਿਚ ਪੁਲੀਸ ਦਾ ਹਮਲਾ ਹੋਇਆ ਤੇ ਬੀਤੇ ਐਤਵਾਰ ਨੂੰ ਹੀ ਜੇਐੈਨਯੂ ਦੇ ਹੋਸਟਲ ਵਿਚ ਹਮਲਾ ਹੋਇਆ। ਤੁਰੰਤ ਹੀ ਇਸ ਖ਼ਬਰ ਨੂੰ ਬੇਲੈਂਸ ਕੀਤਾ ਜਾਣ ਲੱਗਾ ਕਿ ਇਹ ਲੈਫਟ ਬਨਾਮ ਰਾਈਟ ਦਾ ਝਗੜਾ ਹੈ। ਨਕਾਬਪੋਸ਼ ਗਾਇਬ ਹੋ ਗਏ, ਉਹ ਅਜੇ ਤੱਕ ਗ੍ਰਿਫ਼ਤਾਰ ਨਹੀਂ ਹੋ ਸਕੇ। ਅਜਿਹੀ ਹੀ ਥਿਊਰੀ ਜਾਮੀਆ ਦੇ ਵਕਤ ਲਾਗੂ ਕੀਤੀ ਗਈ। ਤੁਸੀਂ ਜਾਮੀਆ ਵਿਚ ਚੱਲੀ ਗੋਲੀ ਨਾਲ ਜੁੜੀਆਂ ਖ਼ਬਰਾਂ ਦੇ ਹਵਾਲੇ ਨਾਲ ਇਸ ਥਿਊਰੀ ਦੀ ਗੇਮ ਨੂੰ ਸਮਝੋ। ਅਸੀਂ ਤੁਹਾਨੂੰ ਸਮਝਾਉਂਦੇ ਹਾਂ। 15 ਦਸੰਬਰ ਨੂੰ ਜਾਮੀਆ ਮਿਲੀਆ ਕੈਂਪਸ ਵਿਚ ਪੁਲੀਸ ਵੜਦੀ ਹੈ ਤੇ ਵਿਦਿਆਰਥੀਆਂ ਦੀ ਕੁੱਟਮਾਰ ਕਰਦੀ ਹੈ। 16 ਦਸੰਬਰ ਨੂੰ ਦਿੱਲੀ ਪੁਲੀਸ ਕਹਿੰਦੀ ਹੈ ਕਿ ਉਸ ਵੱਲੋਂ ਕੋਈ ਗੋਲੀ ਨਹੀਂ ਚਲਾਈ ਗਈ। ਉਸੇ ਦਿਨ ਨਿਰਪੱਖ ਮੀਡੀਏ ਵਲੋਂ ਰਿਪੋਰਟ ਆਉਂਦੀ ਹੈ ਕਿ ਤਿੰਨ ਲੋਕਾਂ ਨੂੰ ਗੋਲੀ ਲੱਗੀ ਹੈ। ਦੋ ਸਫਦਰਜੰਗ ਵਿਚ ਭਰਤੀ ਹਨ ਤੇ ਇਕ ਹੋਲੀ ਫੈਮਿਲੀ ਵਿਚ। ਅਗਲੇ ਦਿਨ 17 ਸਤੰਬਰ ਦੀ ਖਬਰ ਵਿਚ ਹੋਲੀ ਫੈਮਿਲੀ ਦੇ ਡਾਇਰੈਕਟਰ ਕਹਿੰਦੇ ਹਨ ਕਿ ਤਮੀਮ ਨੂੰ ਗੋਲੀ ਨਹੀਂ ਲੱਗੀ। ਇੰਡੀਅਨ ਐਕਸਪ੍ਰੈੱਸ ਵਿਚ ਖਬਰ ਛਪਦੀ ਹੈ ਕਿ ਦਿੱਲੀ ਪੁਲੀਸ ਹੁਣ ਮੰਨਦੀ ਹੈ ਕਿ ਗੋਲੀ ਚੱਲੀ ਹੈ, ਜਾਂਚ ਹੋਵੇਗੀ ਕਿ ਇਹ ਪੁਲੀਸ ਨੇ ਗੋਲੀ ਚਲਾਈ ਜਾਂ ਕਿਸੇ ਅਣਪਛਾਤੇ ਨੇ। 18 ਦਸੰਬਰ ਨੂੰ ਵੀਡੀਓ ਆਉਂਦਾ ਹੈ ਕਿ ਦੋ ਪੁਲੀਸ ਵਾਲੇ ਗੋਲੀ ਚਲਾ ਰਹੇ ਹਨ ਤੇ ਨਾਲ ਇਕ ਪੁਲੀਸ



ਅਫ਼ਸਰ ਉਹਨਾਂ ਨੂੰ ਗੋਲੀ ਚਲਾਉਣ ਦਾ ਆਰਡਰ ਦੇ ਰਿਹਾ ਹੈ। ਇੰਡੀਅਨ ਐਕਸਪ੍ਰੈੱਸ ਦੀ ਖਬਰ ਛਪਦੀ ਹੈ ਕਿ ਪੁਲੀਸ ਨੇ ਕਿਹਾ ਹੈ ਕਿ ਉਸ ਨੇ ਗੋਲੀ ਨਹੀਂ ਚਲਾਈ, ਪਰ ਇਲਾਕੇ ਵਿਚ ਖਾਲੀ ਗੋਲੀਆਂ ਮਿਲੀਆਂ ਹਨ। 5 ਜਨਵਰੀ ਨੂੰ ਇੰਡੀਅਨ ਐਕਸਪ੍ਰੈੱਸ ਤੇ ਹੋਰ ਅਖਬਾਰਾਂ ਵਿਚ ਇਹ ਖਬਰ ਛਪਦੀ ਹੈ ਕਿ ਕੇਸ ਡਾਇਰੀ ਦੇ ਹਵਾਲੇ ਨਾਲ ਤਿੰਨ ਗੋਲੀਆਂ ਚੱਲੀਆਂ। ਦੋ ਪੁਲੀਸ ਵਾਲਿਆਂ ਨੇ ਚਲਾਈਆਂ ਤੇ ਉਹਨਾਂ ਨਾਲ ਹੀ ਐਸਪੀ ਰੈਂਕ ਦੇ ਅਫ਼ਸਰ ਸਨ। ਜਾਮੀਆ ਨੂੰ ਲੈ ਕੇ ਦਿੱਲੀ ਪੁਲੀਸ ਦਾ ਪਹਿਲੇ ਦਿਨ ਦਾਅਵਾ ਸੀ ਕਿ ਗੋਲੀ ਚੱਲੀ ਨਹੀਂ ਤੇ ਕਈ ਦਿਨ ਬੀਤਣ ਦੇ ਬਾਅਦ ਖਬਰ ਛਪਦੀ ਹੈ ਕਿ ਪੁਲੀਸ ਨੇ ਗੋਲੀ ਚਲਾਈ। ਯੂਨੀਵਰਸਿਟੀ ਵਿਦਿਆਰਥੀਆਂ ’ਤੇ ਗੋਲੀ ਚੱਲਦੀ ਹੈ ਤੇ ਇਹ ਗੱਲ ਚਰਚਾ ਦਾ ਵਿਸ਼ਾ ਨਹੀਂ ਬਣਦੀ, ਕਿਉਂਕਿ ਇਸ ਦੀ ਥਾਂ ’ਤੇ ਦੂਸਰੀਆਂ ਊਲ ਜਲੂਲ ਘਟਨਾਵਾਂ ਜਗਾ ਲੈ ਲੈਂਦੀਆਂ ਹਨ। ਇਸ ਵਾਰ ਜਦੋਂ ਜੇਐੈਨਯੂ ਦੇ ਵਿਦਿਆਰਥੀਆਂ ਉੱਪਰ ਹਮਲਾ ਹੋਇਆ ਤਾਂ ਗੋਦੀ ਮੀਡੀਆ ਇਹ ਖਬਰ ਚਲਾ ਰਿਹਾ ਕਿ ਜੇਐੈਨਯੂ ਵਿਚ ਲੈਫਟ ਦੇ ਗੁੰਡਿਆਂ ਨੇ ਹਮਲਾ ਕੀਤਾ ਹੈ। ਗੋਦੀ ਮੀਡੀਆ ਦੀ ਇਸ ਖਬਰ ’ਤੇ ਸੁਆਲ ਹੋਣਾ ਚਾਹੀਦਾ ਹੈ ਕਿ ਲੈਫਟ ਦੇ ਗੁੰਡੇ ਜੇਐੈਨਯੂ ਵਿਦਿਆਰਥੀ ਸੰਘ ਦੇ ਪ੍ਰਧਾਨ ਆਈਸੀ ਘੋਸ਼ ਨੂੰ ਮਾਰਨ ਦੇ ਲਈ ਨਕਾਬ ਪਾ ਕੇ ਆਉਣਗੇ ?

ਇਕ ਵੀਡੀਓ ਵਿਚ ਇਹ ਦਿਖਾਈ ਦੇ ਰਿਹਾ ਹੈ ਕਿ ਨਕਾਬਪੋਸ਼ ਗੁੰਡੇ ਅਰਾਮ ਨਾਲ ਰਾਡਾਂ ਲੈ ਕੇ ਜੇਐੈਨਯੂ ਤੋਂ ਟਹਿਲਦੇ ਹੋਏ ਬਾਹਰ ਆ ਰਹੇ ਹਨ ਤੇ ਨਾ ਹੀ ਉਹਨਾਂ ਨੂੰ ਜੇਐੈਨਯੂ ਗੇਟ ਦੀ ਸੁਰੱਖਿਆ ਰੋਕਦੀ ਹੈ ਤੇ ਨਾ ਹੀ ਦਿੱਲੀ ਪੁਲੀਸ। ਦੋਨਾਂ ਦੇ ਹੁੰਦੇ ਲੈਫਟ ਦੇ ਗੁੰਡੇ ਅਰਾਮ ਨਾਲ ਜਾ ਰਹੇ ਹਨ, ਜਿਨਾਂ ਨੂੰ ਸਰਕਾਰ ਸਮਰਥਕ ਨੇਤਾ ਲੈਫਟ ਅੱਤਵਾਦੀ ਆਖਦੀ ਹੈ। ਕੀ ਤੁਹਾਨੂੰ ਲਗਦਾ ਹੈ ਕਿ ਆਇਸ਼ੀ ਨੂੰ ਉਹਨਾਂ ਦੇ ਵਿਦਿਆਰਥੀ ਸੰਗਠਨ ਦੇ ਮੈਂਬਰਾਂ ਨੇ ਮਾਰਿਆ ਹੋਵੇਗਾ, ਉਸ ਦੇ ਸਿਰ ’ਤੇ 15 ਟਾਂਕੇ ਲੱਗੇ ਹਨ। ਇਹ ਸਹੀ ਹੈ ਕਿ ਜੇਐੈਨਯੂ ਕੈਂਪ ਵਿਚ ਹਮਲੇ ਤੋਂ ਦੋ ਤਿੰਨ ਦਿਨ ਪਹਿਲਾਂ ਤਣਾਅ ਦਾ ਮਾਹੌਲ ਸੀ। ਹੁਣ ਇਕ ਵੀਡੀਓ ਦਿਖਾਇਆ ਜਾ ਰਿਹਾ ਹੈ, ਜੋ ਦਿਨ ਦੇ ਵਕਤ ਦਾ ਹੈ। ਘਟਨਾ ਤੋਂ ਬਹੁਤ ਪਹਿਲਾਂ ਦਾ ਹੈ। ਇਸ ਵੀਡੀਓ ਫੁਟੇਜ ਨੂੰ ਲੈ ਕੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਨਕਾਬਪੋਸ਼ ਹਨ, ਲੈਫਟ ਦੇ ਗੁੰਡੇ ਹਨ। ਹੁਣ ਖੁਦ ਦੇਖੋ ਇਸ ਵੀਡੀਓ ਨੂੰ। ਇਸ ਵੀਡੀਓ ਵਿਚ ਜੋ ਵਿਦਿਆਰਥੀ ਦੌੜਦੇ ਨਜ਼ਰ ਆ ਰਹੇ ਹਨ, ਸਾਰੇ ਲੋਕਾਂ ਨੇ ਆਪਣਾ ਚਿਹਰਾ ਨਹੀਂ ਢੱਕਿਆ ਹੈ, ਕਈਆਂ ਦਾ ਚਿਹਰਾ ਦੇਖਿਆ ਜਾ ਸਕਦਾ ਹੈ। ਇਕ ਦੋ ਦੇ ਸਿਰ ’ਤੇ ਹੁਡੀ ਹੈ। ਚਾਰ ਪੰਜ ਨੇ ਮਫਰਲ ਨਾਲ ਚਿਹਰਾ ਢੱਕਿਆ ਹੈ। ਇਕ ਨੇ ਪੂਰੀ ਤਰਾਂ ਲਪੇਟਿਆ ਹੈ। ਕਿਸੇ ਨੇ ਨਕਾਬ ਨਹੀਂ ਪਾਇਆ ਹੈ। ਉਨਾਂ ਦੇ ਹੱਥਾਂ ਵਿਚ ਹਥਿਆਰ ਨਹੀਂ ਹਨ। ਆਇਸ਼ੀ ਦੇ ਹੱਥ ਵਿਚ ਹਥਿਆਰ ਨਹੀਂ ਹੈ। ਦੋਸ਼ ਹੈ ਕਿ ਇਨਾਂ ਦੇ ਨਾਲ ਆਇਸ਼ੀ ਘੋਸ਼ ਹੈ। ਇਸ ਤੋਂ ਸਾਬਤ ਨਹੀਂ ਹੁੰਦਾ ਕਿ ਸ਼ਾਮ ਦੇ ਹਮਲਾਵਰ ਇਹੀ ਹਨ ? ਜਾਂ ਇਸ ਵਕਤ ਦੀ ਘਟਨਾ ਦਾ ਸ਼ਾਮ ਦੀ ਘਟਨਾ ਨਾਲ ਕੋਈ ਸੰਬੰਧ ਹੈ। ਜੇਕਰ ਇਹ ਹਮਲਾਵਰ ਸਨ ਤੇ ਲੈਫਟ ਦੇ ਸਨ ਤਾਂ ਜੇਐੈਨਯੂ ਪ੍ਰਸਾਸ਼ਣ ਤੇ ਪੁਲੀਸ ਨੇ ਕੰਟਰੋਲ ਕਿਉਂ ਨਹੀਂ ਕੀਤਾ ? ਕੀ ਏਬੀਵੀਪੀ ਨੇ ਇਸ ਦੀ ਸ਼ਿਕਾਇਤ ਜੇਐੈਨਯੂ ਪ੍ਰਸ਼ਾਸ਼ਣ ਨੂੰ ਕੀਤੀ ਸੀ ? ਕੀ ਹੁਣ ਕਿਹਾ ਜਾਏਗਾ ਕਿ ਆਇਸ਼ੀ ਘੋਸ਼ ਆਪਣੇ ਨਾਲ ਗੁੰਡੇ ਲੈ ਕੇ ਜਾ ਰਹੀ ਹੈ ਤਾਂ ਕਿ ਉਹ ਬਾਅਦ ਵਿਚ ਉਸ ਦਾ ਸਿਰ ਪਾੜ ਦੇਣ। ਇਕ ਟੀਚਰ ਦਾ ਸਿਰ ਭੰਨ ਦੇਣ। ਇਹ ਸਮੁੱਚੀ ਜਾਂਚ ਦਾ ਵਿਸ਼ਾ ਹੈ।

ਸੁਆਲ ਇਹ ਹੈ ਕਿ ਨਕਾਬਪੋਸ਼ ਗੁੰਡੇ ਹਥਿਆਰਾਂ ਨਾਲ ਕਿਥੋਂ ਆਏ ? ਇਸ ਸੁਆਲ ਨੂੰ ਹਟਾਉਣ ਦੇ ਲਈ ਕਿੰਨੀ ਮਿਹਨਤ ਕੀਤੀ ਜਾ ਰਹੀ ਹੈ। ਮੈਂ ਇਸ ਹਮਲੇ ਵਿਚ ਘਾਇਲ ਮਹਾਂ ਵਿਦਵਾਨ ਭੂਗੋਲ ਦੀ ਪ੍ਰੋਫੈਸਰ ਸੁਚਾਰਿਤਾ ਸੈਨ ਜੋ ਜੇਐੈਨਯੂ ਵਿਚ 1997 ਤੋਂ ਪੜਾ ਰਹੀ ਹੈ, ਨਾਲ ਗੱਲ ਕੀਤੀ। ਉਸ ਨੇ ਦੱਸਿਆ ਕਿ ਕੈਂਪਸ ਵਿਚ ਝਗੜਾ ਵਧ ਰਿਹਾ ਸੀ ਤਾਂ ਸ਼ਾਂਤੀ ਦੇ ਲਈ ਸਿਖਿਅਕ ਸੰਘ ਨੇ ਇਕ ਕਾਲ ਦਿੱਤੀ ਕਿ ਸਾਬਰਮਤੀ ਟੀ-ਪੁਆਇੰਟ ’ਤੇ ਜਮਾ ਹੋ ਕੇ ਸ਼ਾਂਤੀ ਦੇ ਲਈ ਅਪੀਲ ਕੀਤੀ ਜਾਵੇ ਤੇ ਹਿੰਸਾ ਦੀ ਨਿੰਦਾ ਕੀਤੀ ਜਾਵੇ। ਸਾਬਰਮਤੀ ਹੋਸਟਲ ਦਾ ਨਾਮ ਹੈ। ਉੱਥੇ ਤਕਰੀਬਨ 40 ਦੇ ਕਰੀਬ ਅਧਿਆਪਕ ਸਨ ਤੇ 200-300 ਵਿਦਿਆਰਥੀ ਸਨ। ਪ੍ਰੋ. ਸੈਨ ਨੇ ਦੇਖਿਆ ਭੀੜ ਸਾਹਮਣਿਓ ਆ ਰਹੀ ਹੈ। ਪ੍ਰੋ. ਸੈਨ ਤੇ ਔਰਤ ਪ੍ਰੋਫੈਸਰਾਂ ਨੇ ਤੈਅ ਕੀਤਾ ਕਿ ਅੱਗੇ ਜਾ ਕੇ ਘੇਰਾ ਬਣਾਉਂਦੇ ਹਾਂ ਤਾਂ ਕਿ ਕੋਈ ਹਮਲਾ ਨਾ ਕਰੇ। ਪਰ ਉਸ ਹਿੰਸਕ ਨਕਾਬਪੋਸ਼ ਭੀੜ ਨੇ ਉਨਾਂ ’ਤੇ ਹੱਲਾ ਬੋਲ ਦਿੱਤਾ। ਜੇਐੈਨਯੂ ਦੀ ਸੁਰੱਖਿਆ ਅਧਿਕਾਰੀਆਂ ਨੇ ਨਾ ਵਿਦਿਆਰਥੀਆਂ ਨੂੰ ਬਚਾਇਆ ਤੇ ਨਾ ਹੀ ਆਪਣੇ ਪ੍ਰੋਫੈਸਰਾਂ ਨੂੰ। ਵਾਈਸ ਚਾਂਸਲਰ ਨੇ ਇਸ ਘਟਨਾ ਦੀ ਗਿਣੇ ਮਿੱਥੇ ਸ਼ਬਦਾਂ ਵਿਚ ਨਿਖੇਧੀ ਕਰਕੇ ਆਪਣੀ ਜ਼ਿੰਮੇਵਾਰੀ ਪੂਰੀ ਕਰ ਲਈ। ਇਸ ਸੁਆਲ ਬਹੁਤ ਜ਼ਰੂਰੀ ਹੈ ਕਿ ਜੇਕਰ ਜੇਐੈਨਯੂ ਵਿਚ ਪੁਲੀਸ ਕੁਝ ਨਹੀਂ ਕਰ ਸਕੀ ਤਾਂ ਜੇਐੈਨਯੂ ਦੀ ਆਪਣੀ ਸੁਰੱਖਿਆ ਫੋਰਸ ਕਿੱਥੇ ਹੈ ? ਘਟਨਾ ਦੇ ਦੌਰਾਨ ਕਿਸੇ ਗੁੰਡੇ ਨੂੰ ਕਿਉਂ ਨਹੀਂ ਫੜਿਆ ਗਿਆ। ਇਹ ਗੁੰਡੇ ਅਰਾਮ ਨਾਲ ਯੂਨੀਵਰਸਿਟੀ ਵਿਚੋਂ ਕਿੱਦਾ ਨਿਕਲ ਗਏ। ਕੀ ਤੁਹਾਨੂੰ ਪਤਾ ਹੈ ਕਿ ਜੇਐੈਨਯੂ ਦੀ ਲਾਇਬਰੇਰੀ ਦਾ ਬਜਟ 4 ਕਰੋੜ ਹੈ ਤੇ ਸੁਰੱਖਿਆ ਦਾ ਬਜਟ 2017-18 ਦੇ ਅਨੁਸਾਰ 17-18 ਕਰੋੜ ਹੈ। ਜੇਐੈਨਯੂ ਵਿਚ ਦਿੱਲੀ ਪੁਲੀਸ ਅੰਦਰ ਹੁੰਦੇ ਹੋਏ ਵੀ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ ਦਾ ਇਤਜ਼ਾਰ ਕਰਦੀ ਰਹੀ। ਨਕਾਬਪੋਸ਼ ਆਏ ਤੇ ਫਰਾਰ ਹੋ ਗਏ। ਕੀ ਤੁਸੀਂ ਇਸ ਲੁਕਵੇ ਏਜੰਡੇ ਨੂੰ ਸਮਝ ਸਕਦੇ ਹੋ ?

ਜਿਸ ਲੜਕੀ ਨੇ ਚਿਹਰੇ ’ਤੇ ਨਕਾਬ ਪਾਇਆ ਹੋਇਆ ਹੈ, ਉਸ ਦੇ ਹੱਥ ਵਿਚ ਤਖਤੀ ਦਾ ਟੁਕੜਾ ਹੈ, ਕਲੋਜ਼ਅੱਪ ਕਰੋ ਚਿਹਰਾ ਸਾਫ ਨਜ਼ਰ ਆ ਜਾਂਦਾ ਹੈ, ਪਰ ਪੁਲੀਸ ਅਜੇ ਤੱਕ ਪਤਾ ਨਹੀਂ ਲਗਾ ਸਕੀ ਕਿ ਇਹ ਕੌਣ ਹੈ ? ਸ਼ੋਸ਼ਲ ਮੀਡੀਆ ਵਿਚ ਇਸ ਸੰਬੰਧ ਵਿਚ ਏਬੀਵੀਪੀ ਨਾਲ ਸੰਬੰਧ ਦੱਸਣ ਵਾਲੇ ਕੀ ਮੈਸੇਜ ਚਲ ਰਹੇ ਹਨ। ਕੀ ਪੁਲੀਸ ਨੂੰ ਇਸ ਬਾਰੇ ਵੀ ਪਤਾ ਨਹੀਂ ਹੈ ? ਜਿਹੜੇ ਰਾਡਾਂ ਲੈ ਕੇ ਏਬੀਵੀਪੀ ਦੇ ਲੋਕ ਸਾਫ-ਸਾਫ ਦਿਖ ਰਹੇ ਹਨ, ਜਿਨਾਂ ’ਤੇ ਦੋਸ਼ ਲਗ ਰਹੇ ਹਨ, ਉਨਾਂ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ ? ਇਕ ਦਾ ਨਾਮ ਵਿਕਾਸ ਪਟੇਲ ਦੱਸਿਆ ਜਾ ਰਿਹਾ ਹੈ, ਉਹ ਏਬੀਵੀਪੀ ਦਾ ਅਹਿਮ ਮੈਂਬਰ ਹੈ। ਪਿਛਲੇ ਸਾਲ ਇਹ ਜੇਐੈਨਯੂ ਦਾ ਸੀਨੀਅਰ ਮੀਤ ਪ੍ਰਧਾਨ ਸੀ। ਹੁਣ ਇਹ ਜੇਐੈਨਯੂ ਦਾ ਸਾਬਕਾ ਵਿਦਿਆਰਥੀ ਹੈ। ਰਾਡ ਦੇ ਨਾਲ ਖਲੌਤਾ ਹੈ। ਇਸ ਦੀ ਤਸਵੀਰ ਨੂੰ ਜੂਮ ਕਰੋ, ਉਸ ਨੇ ਨੀਲੇ ਤੇ ਪੀਲੇ ਰੰਗ ਦੀ ਸਵੈਟ ਸ਼ਰਟ ਪਹਿਨੀ ਹੋਈ ਹੈ। ਇਹ ਕਈ ਤਸਵੀਰਾਂ ਵਿਚ ਦਿੱਖਦਾ ਹੈ। ਏਬੀਵੀਪੀ ਦੂਸਰੇ ਪਾਸੇ ਦੱਸ ਰਹੀ ਹੈ ਕਿ ਉਹ ਇਸ ਹਮਲੇ ਵਿਚ ਸ਼ਾਮਲ ਨਹੀਂ ਹੈ। ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਬੀਤੇ ਐਤਵਾਰ ਬਹੁਤ ਸਾਰੇ ਵਟਸਐਪ ਗਰੁੱਪ ਦੇ ਸਕਰੀਨ ਸ਼ਾਟ ਘੁੰਮਣ ਲੱਗੇ। ਇਨਾਂ ਵਿਚ ਇਕ ਗਰੁੱਪ ਹੈ ‘ਫਰੈਂਡਜ਼ ਆਫ਼ ਆਰਐਸਐਸ’ ਦੂਸਰਾ ਗਰੁੱਪ ਹੈ ‘ਯੂਨਿਟੀ ਅਗੇਂਸਟ ਲੈਫਟ’। ਇਹਨਾਂ ਮੈਸੇਜਾਂ ਦੀ ਜਦ ਪੜਤਾਲ ਕੀਤੀ ਗਈ ਤਾਂ ਇਨਾਂ ਦੀ ਗੱਲਬਾਤ ਦਸ ਰਹੀ ਸੀ ਕਿ ਜੇਐੈਨਯੂ ’ਤੇ ਬਾਹਰੀ ਹਮਲੇ ਦੀ ਸਾਜ਼ਿਸ਼ ਰਚੀ ਗਈ ਸੀ। ਸਮਾਂ ਸਾਢੇ ਪੰਜ ਵਜੇ ਦਾ ਹੈ, ਜਦ ਯੋਗੇਂਦਰ ਸ਼ੋਰੀਆ ਇਕ ਲਿੰਕ ਪਾਉਂਦਾ ਹੈ ਕਿ ਇਸ ਗਰੁੱਪ ਵਿਚ ਸ਼ਾਮਲ ਹੋ ਕੇ ਲੈਫਟ ਟੇਰਰ ਦੇ ਖਿਲਾਫ਼ ਇਕਜੁਟ ਹੋਵੋ। ਫਿਰ ਤਿੰਨ ਮਿੰਟ ਬਾਅਦ 5.35 ਮਿੰਟ ’ਤੇ ਮੈਸੇਜ ਭੇਜਦਾ ਹੈ ਕਿ ਹੁਣ ਪਕੜ ਕੇ ਇਨਾਂ ਲੋਕਾਂ ਨੂੰ ਗੋਲੀ ਮਾਰਨੀ ਚਾਹੀਦੀ ਹੈ। 5.39 ਮਿੰਟ ’ਤੇ ਵਿਕਾਸ ਪਟੇਲ ਦਾ ਮੈਸੇਜ ਆਉਂਦਾ ਹੈ ਕਿ ਦਿੱਲੀ ਯੂਨੀਵਰਸਿਟੀ ਦੇ ਲੋਕਾਂ ਐਂਟਰੀ ਤੁਸੀਂ ਖਜ਼ਾਨ ਸਿੰਘ ਸਵੀਮਿੰਗ ਸਾਈਡ ਤੋਂ ਕਰਵਾਓ। ਅਸੀਂ ਲੋਕ 25-30 ਹਾਂ। ਯੋਗੇਂਦਰ ਸ਼ੋਰੀਆ ਭਾਰਦਵਾਜ ਵੀ ਏਬੀਵੀਪੀ ਨਾਲ ਜੁੜਿਆ ਹੋਇਆ ਹੈ, ਜਿਸ ਨੇ ਟਵਿੱਟਰ ਤੇ ਫੇਸਬੁਕ ਪ੍ਰੋਫਾਈਲ ਹੁਣ ਡਲੀਟ ਕਰ ਦਿੱਤੀ ਹੈ। ਖਜ਼ਾਨ ਸਿੰਘ ਸਵੀਮਿੰਗ ਸਾਈਡ ਤੋਂ ਐਂਟਰੀ ਦੀ ਗੱਲ ’ਤੇ ਸੰਦੀਪ ਸਿੰਘ ਕਹਿੰਦੇ ਹਨ ਕਿ ਮਾਲ ਗੇਟ ਵੀ ਹੈ, ਜਿਸ ਦਾ ਜੁਆਬ ਆਉਂਦਾ ਹੈ, ਯੋਗੇਂਦਰ ਸ਼ੋਰੀਆ ਦਾ ਆਈਸੀ ਐਸਐਸਆਰ ਤੋਂ ਵੀ ਐਂਟਰੀ ਹੈ। ਸੰਦੀਪ ਪੀਐਚਡੀ ਦਾ ਵਿਦਿਆਰਥੀ ਹੈ। ਸੰਦੀਪ ਨੇ ਪ੍ਰੋਫਾਈਲ ਡਿਲੀਟ ਨਹੀਂ ਕੀਤੀ। ਦਿੱਲੀ ਪੁਲੀਸ ਦੇ ਪ੍ਰਤੀਨਿਧ ਮਨਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਐਤਵਾਰ ਸ਼ਾਮ ਜੇਐੈਨਯੂ ਵਿਚ ਕੁੱਲ 34 ਵਿਦਿਆਰਥੀਆਂ ਤੇ ਵਿਦਿਆਰਥਣਾਂ ਨੂੰ ਸੱਟਾਂ ਲੱਗੀਆਂ ਤੇ ਸਾਰਿਆਂ ਨੂੰ ਸੋਮਵਾਰ ਡਿਸਚਾਰਜ ਕਰ ਦਿੱਤਾ। ਹੁਣ ਏਬੀਵੀਪੀ ਦਾਅਵਾ ਕਰਦੀ ਹੈ ਕਿ ਉਸ ਦੇ 25 ਤੋਂ ਜ਼ਿਆਦਾ ਵਿਦਿਆਰਥੀ ਘਾਇਲ ਹੋਏ ਹਨ ਤਾਂ ਕੀ ਸਾਰੇ ਵਿਦਿਆਰਥੀ ਏਬੀਵੀਪੀ ਦੇ ਹਨ ? ਏਬੀਵੀਪੀ ਨੇ ਦਿੱਲੀ ਪੁਲੀਸ ਤੇ ਜੇਐੈਨਯੂ ਦੇ ਪ੍ਰਸਾਸ਼ਨ ’ਤੇ ਇਸ ਤਰਾਂ ਦੇ ਦੋਸ਼ ਕਿਉਂ ਨਹੀਂ ਲਗਾਏ ਕਿ ਦੋਨੋ ਫੇਲ ਰਹੇ। ਆਸ ਹੈ ਕਿ ਏਬੀਵੀਪੀ ਆਪਣੇ 25 ਘਾਇਲ ਵਿਦਿਆਰਥੀਆਂ ਨੂੰ ਮੀਡੀਆ ਸਾਹਮਣੇ ਪੇਸ਼ ਕਰੇਗੀ। ਇੱਥੇ ਜ਼ਿਕਰਯੋਗ ਹੈ ਕਿ ਏਬੀਵੀਪੀ ਨੇ ਆਪਣੀ ਪ੍ਰੈੱਸ ਰਿਲੀਜ਼ ਵਿਚ ਕਿਹਾ ਸੀ ਕਿ ਹਮਲਾਵਰ ਖੱਬੇ ਪੱਖੀ ਵਿਦਿਆਰਥੀ ਸੰਗਠਨਾਂ ਨਾਲ ਜੁੜੇ ਹੋਏ ਸਨ, ਜਿਸ ਕਾਰਨ ਏਬੀਵੀਪੀ ਦੇ ਵਰਕਰ ਜ਼ਖ਼ਮੀ ਹੋ ਗਏ। ਥੀਮ ਐਂਡ ਥਿਊਰੀ ਦੇ ਨਾਮ ’ਤੇ ਜੇਐੈਨਯੂ ਦੇ ਮਾਮਲੇ ਨੂੰ ਉਲਝਾਇਆ ਜਾ ਰਿਹਾ ਹੈ। ਯੋਗੇਂਦਰ ਯਾਦਵ ਦੇ ਨਾਲ ਵੀ ਬਹੁਤ ਬੁਰਾ ਹੋਇਆ। ਯੋਗੇਂਦਰ ਏਸੀ ਕਮਰੇ ਵਾਲੇ ਬੁੱਧੀਜੀਵੀ ਨਹੀਂ ਹਨ। ਜਾਮੀਆ ਦੇ ਵਕਤ ਵੀ ਯੋਗੇਂਦਰ ਨੇ ਆਪਣੀ ਜ਼ਿੰਮੇਵਾਰੀ ਸਮਝੀ ਤੇ ਉੱਥੇ ਤੁਰੰਤ ਗਏ। ਉਹ ਜੇਐੈਨਯੂ ਦੀ ਖਬਰ ਸੁਣਦੇ ਹੋਏ ਆਏ। ਕੀ ਤੁਹਾਨੂੰ ਲਗਦਾ ਹੈ ਕਿ ਲੈਫਟ ਦੇ ਵਿਦਿਆਰਥੀ ਯੋਗੇਂਦਰ ਨੂੰ ਮਾਰ ਰਹੇ ਹਨ ?

# ਤੁਹਾਡੇ ਬੱਚੇ ਕਿਹੜੇ ਕਾਰਟੂਨ ਵੇਖ ਰਹੇ ਨੇ ?

**-ਬਲਤੇਜ**

ਇਹ ਲੇਖ ਲਿਖਣ ਦਾ ਮੇਰਾ ਮਕਸਦ ਪੂਰਾ ਸਿਆਸੀ ਹੈ। ਸਾਡੇ ਕਈ ਸਿਆਸੀ ਮਿੱਤਰ ਹਨ ਜੋ ਖੁਦ ਬਹੁਤ ਚੌਕੰਨੇ ਰਹਿੰਦੇ ਹਨ, ਤੇ ਚਾਹੁੰਦੇ ਹਨ ਕਿ ਬੱਚਿਆਂ ਨੂੰ ਆਜ਼ਾਦ ਵਿਚਾਰ ਚੁਣਨ ਦਾ ਮੌਕਾ ਦਿੱਤਾ ਜਾਵੇ। ਇਹ ਲੇਖ ਅਸਲ ਵਿੱਚ ਉਹਨਾਂ ਸੱਜਣਾਂ ਲਈ ਹੀ ਹੈ। ਸਿਰਫ ਤੁਹਾਡਾ ਆਪਣੇ ਬਾਰੇ ਚੌਕੰਨਾ ਹੋਣਾ ਹੀ ਕਾਫੀ ਨਹੀਂ। ਤੁਹਾਨੂੰ ਦੇਖਣਾ ਪਵੇਗਾ ਕਿ ਤੁਹਾਡੇ ਬੱਚੇ ਕੀ ਸਿੱਖ ਕੇ ਵੱਡੇ ਹੋ ਰਹੇ ਹਨ? ਅਸੀਂ ਜਿਹੜੀਆਂ ਕਿਤਾਬਾਂ, ਰਸਾਲੇ ਜਾਂ ਅਖ਼ਬਾਰ ਪੜਦੇ ਹਾਂ, ਬਹੁ ਗਿਣਤੀ ਉਸ ਤੋਂ ਕੋਹਾਂ ਦੂਰ ਖੜੀ ਹੈ। ਸਮਾਜ ਦੀ ਸੱਚਾਈ ਰੋਜ਼ ਬਦਲ ਰਹੀ ਹੈ। ਅਜਿਹੇ ਵਿੱਚ ਜਾਣੋ ਕਿ ਤੁਹਾਡੇ ਬੱਚੇ ਕਿਹੜੇ ਕਾਰਟੂਨ ਵੇਖ ਰਹੇ ਹਨ। ਕੋਈ ਦਸ ਕੁ ਸਾਲ ਪਹਿਲਾਂ ਤੋਂ ਕਾਰਟੂਨਾਂ ਦਾ ਤਾਣਾ ਬਾਣਾ ਲੱਗਭਗ ਬਦਲ ਹੀ ਗਿਆ, ਪਹਿਲਾਂ ਦੇ ਮੁੱਖ ਧਾਰਾ ਵਿੱਚ ਚੱਲਣ ਵਾਲੇ ਕਾਰਟੂਨਾਂ ਵਿੱਚ ਜਾਨਵਰਾਂ ਨੂੰ ਮੁੱਖ ਪਾਤਰਾਂ ਵਿੱਚ ਮਨੁੱਖਾਂ ਵਾਂਗ ਵਿਹਾਰ ਕਰਦੇ ਵਿਖਾਇਆ ਜਾਂਦਾ ਸੀ, ਉਹਨਾਂ ਕਾਰਟੂਨਾਂ ਵਿੱਚ ਮੁੱਖ ਟਾਮ ਐਂਡ ਜੈਰੀ, ਲੂਨੀ ਟੂਨਸ, ਬੇਬੀ ਲੂਨੀ ਟੂਨਸ, ਸਕੂਬੀ ਡੌਗ, ਰਿਛੀ ਰਿਚ ਵਰਗੇ ਕਾਰਟੂਨ ਸਨ। ਇਹਨਾਂ ਸਾਰਿਆਂ 'ਚੋਂ ਜੋ ਸਿੱਧਾ ਕਿਸੇ ਵਿਚਾਰਧਾਰਾ ਨਾਲ ਜੁੜੇ ਹੋਏ ਸਨ ਉਹ ਰਿਛੀ ਰਿਚ ਤੇ ਸਕੂਬੀ ਡੌਗ ਸਨ ਬਾਕੀਆਂ ਬਾਰੇ ਕੁਝ ਸਿੱਧਾ ਨਹੀਂ ਕਿਹਾ ਜਾ ਸਕਦਾ, ਸਕੂਬੀ ਡੌਗ ਭਾਵੇਂ ਵਿਚਾਰਧਾਰਾ ਫੈਲਾਉਣ ਲਈ ਨਾ ਵੀ ਚਲਾਇਆ ਗਿਆ ਹੋਵੇ ਤਾਂ ਵੀ ਉਹ ਅਮਰੀਕੀ ਨਸਲਵਾਦ ਦਾ ਨੁਮਾਇੰਦਾ ਸੀ ਜੋ ਉਹ ਨਸਲਵਾਦ ਦਰਸਾਉਂਦਾ ਸੀ ਕਿ ਕਿਵੇਂ ਇੱਕ ਗੋਰਿਆਂ ਦਾ ਸਮੂਹ ਕਿਸੇ ਵੀ ਬਾਹਰੀ ਚੀਜ਼ ਤੇ ਹੱਲਾ ਕਰਨਾ ਚਾਹੁੰਦਾ ਹੈ ਜੋ ਸਾਡੇ ਤੋਂ ਵੱਖਰੀ ਹੈ ਸਾਨੂੰ, ਸਮਾਜ ਨੂੰ ਡਰਾ ਰਹੀ ਹੈ। ਤੇ ਰਿਛੀ ਰਿਚ ਦੀ ਵਿਚਾਰਧਾਰਾ ਸੀ ਕਿ ਗਰੀਬ ਅਮੀਰਾਂ ਤੋਂ ਮੱਚਦੇ ਹਨ ਜਦਕਿ ਅਮੀਰਾਂ ਤੋਂ ਜਲਣਾ ਨਹੀਂ ਚਾਹੀਦਾ। ਖੈਰ ਆਪਣੀ ਚਰਚਾ ਦਾ ਵਿਸ਼ਾ ਮੌਜੂਦਾ ਕਾਰਟੂਨ ਨੇ ਤਾਂ ਆਪਾਂ ਉਸੇ ਵਿਸ਼ੇ ਤੇ ਜਿਆਦਾ ਜੋਰ ਦੇਵਾਂਗੇ।

ਹੁਣ ਦੇ ਜਿਹੜੇ ਮੁੱਖ ਕਾਰਟੂਨ ਨੇ ਉਹ ਨੇ ਰੋਲ ਨੰ.21, ਛੋਟਾ ਭੀਮ, ਮਾਈਟੀ ਰਾਜੂ, ਮੋਟੂ ਪਤਲੂ, ਐਡਵੇਂਚਰ ਆਫ ਤੇਨਾਲੀ ਰਮਨ, ਰੁਦਰਾ। ਡੋਰੈਮੋਨ, ਨਿੰਜਾ ਹਥੌੜੀ ਵਰਗੇ ਕਾਰਟੂਨ ਵੀ ਹੁਣ ਮੁੱਖ ਧਾਰਾ ਵਿੱਚ ਨਹੀਂ ਰਹੇ, ਇਹਨਾਂ ਦੇ ਨਵੇਂ ਅਧਿਆਇ ਨਹੀਂ ਆ ਰਹੇ। ਹੁਣ ਬਾਕੀ ਜਿੰਨੇ ਵੀ ਮੁੱਖ ਕਾਰਟੂਨ ਨੇ ਆਪਾਂ ਉਹਨਾਂ ਇਕੱਲੇ ਇਕੱਲੇ ਦੇ ਪਾਤਰਾਂ ਤੇ ਕੇਂਦਰੀ ਭਾਵ ਨਾਲ ਜਾਣ ਪਛਾਣ ਕਰਾਉਂਦੇ ਹਾਂ, ਕਿਵੇਂ ਇਹ ਕਾਰਟੂਨ ਹਿੰਦੂਤਵੀ ਭਾਰਤ ਦੀ ਨੁਮਾਇੰਦਗੀ ਕਰਦੇ ਨੇ, ਜਾਤ-ਪਾਤ ਤੇ ਨਸਲਵਾਦ ਕਿਵੇਂ ਇਹ ਸਾਡੇ ਬੱਚਿਆਂ ਵਿੱਚ ਭਰਦੇ ਹੀ ਜਾ ਰਹੇ ਨੇ। ਉਂਝ ਤਾਂ ਇਹ ਕਾਰਟੂਨਾਂ ਦੇ ਇਕੱਲੇ ਇਕੱਲੇ ਪਾਤਰਾਂ ਤੇ ਗੱਲ ਕਰਨੀ ਹੋਵੇ ਤਾਂ ਕਈ ਲੇਖ ਲਿਖਣੇ ਪੈਣਗੇ ਪਰ ਆਪਾਂ ਇਹਨਾਂ ਸਾਰੇ ਕਾਰਟੂਨਾਂ ਦੇ ਮੂਲ ਵਿਚਾਰ ਤੇ ਗੱਲ ਕਰਾਂਗੇ।

ਇਹਨਾਂ ਸਾਰੇ ਕਾਰਟੂਨਾਂ ਦੀਆਂ ਦੋ ਕਿਸਮਾਂ ਹਨ ਇੱਕ ਕਿਸਮ ਜੋ ਮਿੱਥਾਂ ਦਾ ਪ੍ਰਚਾਰ ਹਨ ਉਹਨਾਂ ਚੋਂ ਮੁੱਖ ਹੈ। ਰੋਲ ਨੰ 21, ਇਸ ਦੇ ਪਾਤਰ ਇਓਂ ਹਨ, ਮੁੱਖ ਪਾਤਰ- ਕ੍ਰਿਸ ਉਸਦੇ ਦੋਸਤ ਪਿੰਕੀ, ਬਬਲੂ, ਅਤੇ ਵਿਰੋਧ ਵਿੱਚ ਕਨਿਸ਼ਕ ਅਤੇ ਡਾਕਟਰ-ਜੇ ਹਨ। ਇਸ ਕਾਰਟੂਨ ਵਿੱਚ ਕਨਿਸ਼ਕ ਜੋ ਕੰਸ ਦਾ ਆਧੁਨਿਕ ਰੋਲ ਹੈ, ਡਾਕਟਰ-ਜੇ ਨਾਲ ਮਿਲ ਕੇ ਕ੍ਰਿਸ ਜੋ ਭਗਵਾਨ ਕ੍ਰਿਸ਼ਨ ਦਾ ਆਧੁਨਿਕ ਰੋਲ ਹੈ ਤੇ ਹਮਲਾ ਕਰਨ ਦੀ ਸਕੀਮ ਲੜਾਉਂਦਾ ਹੈ ਜੋ ਹਰ ਵਾਰ ਫੇਲ ਹੁੰਦੀ ਹੈ ਕ੍ਰਿਸ ਜਿੱਤ ਜਾਂਦਾ ਹੈ। ਸੁੱਖੀ ਜੋ ਨਾਰਦ ਮੁਨੀ ਦਾ ਆਧੁਨਿਕ ਰੂਪ ਹੈ, ਹਰ ਗੱਲ ਸਵਰਗ ਦੇ ਦੇਵਤਿਆਂ ਨੂੰ ਦੱਸਦਾ ਹੈ। ਇੱਕ ਗੱਲ ਜੋ ਸਾਰੇ ਕਾਰਟੂਨਾਂ 'ਚ ਸਾਂਝੀ ਹੈ ਉਹ ਹੈ ਮਰਦਾਵਾਂ ਨਾਇਕਵਾਦ। ਕ੍ਰਿਸ ਤੋਂ ਲੈ ਕੇ ਸ਼ਿਵਾ, ਰੁਦਰਾ ਸਾਰੇ ਕਾਰਟੂਨਾਂ ਵਿੱਚ ਇਹ ਬਹੁਤ ਭਾਰੂ ਹੈ। ਮੁੱਖ ਮਰਦ ਪਾਤਰ ਨਾਲ ਇੱਕ ਕੁੜੀ ਹੁੰਦੀ ਹੈ ਜੋ ਗੱਲ਼ਾਂ ਤੇ ਲਾਲੀ ਲਾ ਕੇ ਲੜਾਈ ਵਿੱਚ ਬੱਸ ਹੌਂਸਲਾ ਦੇ ਸਕਦੀ ਹੈ।



ਦੂਜੀ ਕਿਸਮ ਦੇ ਕਾਰਟੂਨ ਵਿਚਾਰਧਾਰਕ ਪੱਖੋਂ ਜਿਆਦਾ ਮਜ਼ਬੂਤ ਹਨ ਇਸ ਵਿੱਚ ਛੋਟਾ ਭੀਮ ਵਰਗੇ ਹਨ। ਇਸ ਵਿੱਚ ਮੁੱਖ ਪਾਤਰ ਛੋਟਾ ਭੀਮ ਇੱਕ ਗੁਸੈਲ ਤੇ ਗਠੇ ਹੋਏ ਸਰੀਰ ਦਾ ਹੈ, ਹੱਥ ਵਿੱਚ ਸੋਨੇ ਦੇ ਕੰਗਣ ਗਲੇ ਵਿੱਚ ਸੋਨੇ ਦਾ ਤਵੀਤ ਤੇ ਕੇਸਰੀ ਧੋਤੀ ਪਹਿਨਦਾ ਹੈ ਧੜ ਨੰਗਾ ਰੱਖਦਾ ਹੈ। ਤੇ ਉਸ ਦਾ ਮੁੱਖ ਵਿਰੋਧੀ ਕਾਲੀਆ ਹੈ ਜੋ ਭੀਮ ਤੋਂ ਉਲਟ ਭੂਰੇ ਰੰਗ ਦਾ ਹੈ ਕਾਲੀਆ ਦੇ ਦੋ ਮਾੜਚੂ ਜਿਹੇ ਦੋਸਤ ਵੀ ਉਸੇ ਜਿਹੇ ਭੂਰੇ ਨੇ। ਕਾਲੀਆ ਭੀਮ ਖਿਲਾਫ ਸਾਜਿਸ਼ਾਂ ਰਚਦਾ ਹੀ ਰਹਿੰਦਾ ਹੈ ਪਰ ਹਰ ਵਾਰ ਮੂੰਹ ਦੀ ਖਾਂਦਾ ਹੈ। ਭੀਮ ਦੁਸ਼ਮਣਾਂ ਨਾਲ ਲੱਡੂ ਖਾ ਕੇ ਲੜਦਾ ਹੈ। ਇਸ ਵਿੱਚ ਭੀਮ ਦੇ ਦੋ ਤਰਾਂ ਦੇ ਵਿਰੋਧੀ ਹਨ ਇੱਕ ਆਪਣੇ ਇਲਾਕੇ ਤੋਂ ਬਾਹਰੀ ਲੋਕ ਜੋ ਉਸਦੇ ਇਲਾਕੇ ਵਿੱਚ ਘੁਸਪੈਠੀਏ ਨੇ ਜਿਵੇਂ ਡਾਕੂ ਮੰਗਲ ਸਿੰਘ ਵਰਗੇ ਤੇ ਦੂਜੇ ਆਪਣੇ ਇਲਾਕੇ ਦੇ ਕਾਲੀਆ ਹੁਣੀ ਜੋ ਉਸਦੀ ਪ੍ਰਸਿੱਧੀ ਤੋਂ ਜਲਦੇ ਨੇ ਤੇ ਅੜਿੱਕੇ ਪਾਉਂਦੇ ਨੇ। ਭੀਮ ਦੇ ਇਲਾਕੇ ਢੋਲਕਪੁਰ ਤੇ ਜਦ ਕਦੀ ਕੋਈ ਆਂਚ ਆਉਂਦੀ ਹੈ ਤਾਂ ਰਾਜਾ ਇੰਦਰਵਰਮਾ ਭੀਮ ਨੂੰ ਸੱਦਦਾ ਹੈ।

ਮਾਈਟੀ ਰਾਜੂ ਵੀ ਛੋਟਾ ਭੀਮ ਦਾ ਵਧਾਅ ਹੈ, ਰਾਜੂ ਛੋਟਾ ਭੀਮ ਵਿੱਚ ਉਸਦਾ ਮਿੱਤਰ ਸੀ। ਪਰ ਇਹ ਬਾਕੀਆਂ ਤੋਂ ਕੁਝ ਜਿਆਦਾ ਖਤਰਨਾਕ ਹੈ। ਹੁਣ ਉਹੀ ਰਾਜੂ ਕਾਨਵੈਂਟ ਸਕੂਲ ਵਿੱਚ ਪੜਦਾ ਹੈ। ਇਸ ਵਿਚ ਕੋਈ ਰਾਜਾ ਇੰਦਰਵੀਰ ਨਹੀਂ ਹੈ ਜੋ ਰਾਜੂ ਨੂੰ ਮਦਦ ਲਈ ਸੱਦੇ ਸਗੋਂ ਰਾਜੂ ਕਈ ਵਾਰ ਵਾਰਦਾਤ ਕਰਕੇ ਪੁਲਿਸ ਨੂੰ ਦੱਸਦਾ ਹੈ. ਰਾਜੂ ਦੀ ਸਰਕਾਰੇ ਦਰਬਾਰੇ ਸਿੱਧੀ ਹੈ, ਪੁਲਿਸ ਰਾਜੂ ਦੀ ਇੱਜਤ ਕਰਦੀ ਹੈ। ਇੱਕ ਐਪੀਸੋਡ ਹੈ, 'ਨਿਊਟਰੀਨੋ ਵਾਰ' ਉਸ ਤੇ ਗੱਲ ਕਰਦੇ ਹਾਂ, ਕੋਈ ਵਿਦੇਸ਼ੀ ਹੈ ਜੋ ਭਾਰਤ ਦੇ ਝੰਡੇ ਤੇ ਹਮਲੇ ਕਰਦਾ ਹੈ ਪਰ ਰਾਜੂ ਬਚਾਉਂਦਾ ਹੈ, ਉਹ ਵਿਦੇਸ਼ੀ ਆਰਿਆ ਕਾਲੋਨੀ ਦੇ ਗਰੀਬ ਇਲਾਕੇ ਦੇ ਨਿਆਣਿਆਂ ਨੂੰ ਕੁਝ ਤਾਕਤਾਂ ਦੇ ਕੇ ਆਪਣੀ ਫੌਜ ਤਿਆਰ ਕਰਦਾ ਹੈ ਜੋ ਇਲਾਕੇ ਵਿੱਚ ਦੰਗੇ ਕਰਦੀ ਹੈ ਰਾਜੂ ਅਤੇ ਹੋਰ ਦੋਸਤ ਬਚਾਉਂਦੇ ਹਨ। ਇਸ ਕਾਰਟੂਨ ਵਿੱਚ ਵੀ ਰਾਜੂ ਦੇ ਦੋ ਤਰਾਂ ਦੇ ਵਿਰੋਧੀ ਆਉਂਦੇ ਹਨ, ਇੱਕ ਵਿਦੇਸ਼ੀ ਜੋ ਇਲਾਕੇ ਦੀ ਸ਼ਾਂਤੀ ਖਰਾਬ ਕਰਨਾ ਚਾਹੁੰਦੇ ਹਨ ਤੇ ਦੂਜਾ ਇੱਕ ਰਾਜੂ ਦਾ ਸਹਿਪਾਠੀ ਹੈ ਚਾਰਲੀ, ਗੱਲ ਦਿਲਚਸਪ ਹੈ ਕਿ ਚਾਰਲੀ ਪੂਰੀ ਜਮਾਤ ਵਿੱਚ ਇੱਕੋ ਇੱਕ ਭੂਰਾ ਨਿਆਣਾ ਹੈ ਤੇ ਉਹ ਰਾਜੂ ਤੇ ਉਸਦੇ ਦੋਸਤਾਂ ਨੂੰ ਤੰਗ ਕਰਦਾ ਰਹਿੰਦਾ ਹੈ। ਪਰ 'ਸਾਡਾ' ਰਾਜੂ ਨਿੱਕੇ ਮੋਟੇ ਲੋਕਾਂ ਨੂੰ ਗੌਲਦਾ ਨਹੀਂ ਉਹ ਸਿੱਧਾ ਵੱਡੇ ਦੁਸ਼ਮਣਾਂ ਨਾਲ ਲੜਦਾ ਹੈ ਤੇ ਪੁਲਿਸ ਉਸਦਾ ਪਾਣੀ ਭਰਦੀ ਹੈ। ਤੇ ਚਾਰਲੀ ਬਾਕੀ ਬੱਚਿਆਂ ਤੋਂ ਵੱਖਰਾ ਹੀ ਰਹਿੰਦਾ ਹੈ।

ਮੋਟੂ ਪਤਲੂ ਵੀ ਇਸੇ ਹੀ ਕਿਸਮ ਦਾ ਇੱਕ ਕਾਰਟੂਨ ਹੈ ਇਹਨਾਂ ਦੀਆਂ ਦਿੱਕਤਾਂ ਕੋਈ ਬਹੁਤੀਆਂ ਵੱਡੀਆਂ ਨਹੀਂ ਨੇ। ਮੋਟੂ ਇੱਕ ਬੇਡਮਾਕਾ ਤਾਕਤਵਰ ਇਨਸਾਨ ਹੈ ਜੋ ਸਮੋਸੇ ਖਾ ਕੇ ਕੁਝ ਵੀ ਕਰ ਲੈਂਦਾ ਹੈ। ਪਰ ਪਤਲੂ ਬੋਦੀਧਾਰੀ ਬਾਹਮਣ ਹੈ ਜੋ ਕਾਫੀ ਸਿਆਣਾ ਹੈ, ਹਰ ਮੁਸੀਬਤ ਵਿੱਚੋਂ ਨਿੱਕਲਣ ਲਈ ਮੂਲ ਵਿਚਾਰ ਉਸੇ ਦੇ ਹੁੰਦੇ ਨੇ। ਮੁਹੱਲੇ ਵਿੱਚ ਇੱਕ ਪੁਲਿਸ ਵਾਲਾ ਚਿੰਗਮ ਹੈ ਜੋ ਆਪਣੇ ਲਹਿਜੇ ਤੋਂ ਮਦਰਾਸੀ ਲੱਗਦਾ ਹੈ। ਉਹ ਵੀ ਕੁਲ ਮਿਲਾ ਕੇ ਨਿਕੰਮਾ ਹੀ ਹੈ ਤੇ ਇਹਨਾਂ ਨਾਇਕਾਂ ਦਾ ਪਾਣੀ ਹੀ ਭਰਦਾ ਹੈ। ਇਸ ਤੋਂ ਬਿਨਾਂ ਇੱਕ ਚੋਰ ਹੈ ਜੋਨ ਉਹਦੇ ਨਾਲਦੇ ਵੀ ਉਹੋ ਜਿਹੇ ਰੰਗ ਵੰਨ ਦੇ ਨੇ ਤੇ ਤਿੰਨੋ ਲਗਭੱਗ ਬੇਦਮਾਗੇ ਨੇ। ਹੈ ਮੋਟੂ ਵੀ ਬੇਦਮਾਗਾ ਹੀ ਪਰ ਪਤਲੂ ਦੇ ਨਾਲ ਹੁੰਦਿਆਂ ਦੋਵੇਂ ਹਰ ਵਾਰ ਦੁਸ਼ਮਣ ਤੋਂ ਜਿੱਤ ਜਾਂਦੇ ਹਨ।

ਏਦਾਂ ਦਾ ਹੀ ਇੱਕ ਕਾਰਟੂਨ ਹੈ ਉਹਦਾ ਨਾਮ ਹੈ 'ਸ਼ਿਵਾ'। ਸ਼ਿਵਾ ਵੀ ਇੱਕ ਸ਼ਹਿਰੀ ਨਿਆਣਾ ਏ ਜੋ ਦੁਸ਼ਮਣਾਂ ਨੂੰ ਇਕੱਲਾ ਸਬਕ ਸਿਖਾਉਂਦਾ, ਸ਼ਿਵਾ ਦੀ ਤਾਕਤ ਵੀ ਅਦਭੁੱਤ ਹੈ, ਉਸਦਾ ਇੱਕੋ ਡਾਇਲਾਗ ਹਰ ਵਾਰ ਹੁੰਦਾ, 'ਬੱਚਾ ਨਹੀਂ ਕਹਿਣਾ, ਸ਼ਿਵਾ ਨਾਮ ਏ ਮੇਰਾ'। ਇਹ ਸ਼ਿਵਾ ਦੀ ਲੜਾਈ ਵੀ ਕਿਸੇ ਇਲਾਕੇ ਤੋਂ ਬਾਹਰ ਦੇ ਸ਼ਹਿਰੀ ਨਾਲ ਰਹਿੰਦੀ ਹੈ ਜੋ ਉਸਦੇ ਇਲਾਕੇ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ ਤੇ ਇਸ ਵਿੱਚ ਕੁਝ ਇਲਾਕੇ ਦੇ ਬਦਮਾਸ਼ ਲੋਕ ਵੀ ਨਾਲ ਹੁੰਦੇ ਹਨ। ਇਸ ਕਾਰਟੂਨ ਵਿੱਚ ਪੁਲਿਸ ਵਾਲੇ ਦਾ ਨਾਮ ਲੱਡੂ ਸਿੰਘ ਹੈ, ਜੋ ਹੱਦ ਦਰਜੇ ਦਾ ਨਿਕੰਮਾ ਹੈ। ਉਸ ਤੋਂ ਕੁਝ ਨਹੀਂ ਕਰ ਹੋ ਰਿਹਾ ਉਹ ਹਰ ਵਾਰ ਸ਼ਿਵਾ ਨੂੰ ਫੋਨ ਮਿਲਾਉਂਦਾ ਹੈ। ਇਹ ਵਰਤਾਰਾ ਮੋਟੂ ਪਤਲੂ, ਸ਼ਿਵਾ ਤੇ ਇਹੋ ਜਿਹੇ ਹੋਰਾਂ ਦਾ ਵੀ ਹੈ ਇਹਨਾਂ ਅਨੁਸਾਰ ਹੁਣ ਸਟੇਟ ਦੁਸ਼ਮਣਾਂ ਖਿਲਾਫ ਕੁਝ ਨਹੀਂ ਕਰਦੀ ਕਿਉਂਕਿ ਦੁਸ਼ਮਣ ਕਾਫੀ ਤਕਨਾਲੋਜੀ ਨਾਲ ਲੈਸ ਹੈ ਤੇ ਪੁਲਿਸ ਕੋਲ ਕੁਝ ਖਾਸ ਨਹੀਂ ਜੋ ਕਰੇਗਾ ਜਾਂ ਸ਼ਿਵਾ, ਮਾਈਟੀ ਰਾਜੂ ਜਾਂ ਬੋਦੀਧਾਰੀ ਪਤਲੂ ਕਰੇਗਾ। ਇਹ ਅਸਲ 'ਚ ਫਾਸੀਵਾਦ ਦੀ ਵਿਚਾਰਧਾਰਾ ਦੇ ਨਿਪੁੰਨ ਵਾਹਕ ਹਨ।

ਇੱਕ ਹੋਰ ਕਾਰਟੂਨ ਹੈ ਰੁਦਰਾ। ਰੁਦਰਾ ਦਾ ਜ਼ਿਕਰ ਰਿਗਵੇਦ ਵਿੱਚ ਆਉਂਦਾ ਹੈ, ਜਿਹੜਾ ਇੱਕ ਤਰਾਂ ਦਾ ਸ਼ਿਕਾਰੀ ਦੇਵਤਾ ਏ, ਸ਼ਿਵ ਜੀ ਨੂੰ ਵੀ ਕਈ ਥਾਵੇਂ ਰੁਦਰਾ ਆਖਿਆ ਜਾਂਦਾ ਹੈ। ਇਹ ਕਾਰਟੂਨ ਬਿਲਕੁਲ ਹੀ ਤੰਤਰਾ ਮੰਤਰਾਂ ਤੇ ਹੈ, ਇਹਦੇ ਵਿੱਚ ਰੁਦਰਾ ਕਿਸੇ ਰਾਜੇ ਜੈ ਸਿੰਘ ਦਾ ਮੁੰਡਾ ਹੈ ਜੋ 'ਸਨ ਸਿਟੀ' ਵਿੱਚ ਰਹਿੰਦੇ ਨੇ, ਜਿਸ ਤੋਂ ਕਾਲ ਸਿਟੀ ਦਾ ਸ਼ਾਕਾਲ ਖਾਰ ਖਾਂਦਾ ਹੈ। ਇਸ ਕਾਰਟੂਨ ਸਿਰੀਜ਼ ਵਿੱਚ ਬਾਕੀਆਂ ਨਾਲੋਂ ਕੁਝ ਵੱਖਰਾ ਹੈ ਰੁਦਰਾ 'ਸਨ ਸਿਟੀ' ਯਾਨਿ ਆਪਣੇ ਇਲਾਕੇ ਦਾ ਰੱਖਿਅਕ ਸਾਬਿਤ ਹੋ ਰਿਹਾ ਹੈ ਭਾਵੇਂ ਉਹ 9 ਸਾਲਾਂ ਦਾ ਹੈ। ਪਰ ਆਪਣੇ ਵਿਰੋਧੀ ਸ਼ਾਕਾਲ ਤੋਂ ਹਮੇਸ਼ਾਂ ਜਿੱਤਦਾ ਹੈ। ਇਸ ਕਾਰਟੂਨ ਦੇ ਹੀਰੋ ਪਾਤਰਾਂ ਅਤੇ ਦੁਸ਼ਮਣ ਪਾਤਰਾਂ ਦੇ ਨਾਮ ਲਿਖ ਰਿਹਾ ਹਾਂ। ਹੀਰੋ ਪਾਤਰ- ਰੁਦਰਾ, ਜੈ ਸਿੰਘ ਚੌਹਾਨ, ਵਰੁਣ, ਮਾਇਰਾ, ਰੰਗੀਲਾ, ਜ਼ਿਮ-ਜ਼ੁਮ (ਰੁਦਰਾ ਦੇ ਪਾਲਤੂ ਜਾਨਵਰ) ਤੇ ਦੁਸ਼ਮਣ ਪਾਤਰ ਹਨ- ਸ਼ਾਕਾਲ, ਜੋਗਾ, ਸਪੋਲਾ (ਸ਼ਾਕਾਲ ਦਾ ਸੱਪ), ਸ਼ਕਲੀਨਾ, ਜੌਡੀ ਤੇ ਜੈਨੀ। ਇਨਾਂ ਨਾਵਾਂ ਤੋਂ ਸਪਸ਼ਟ ਹੈ ਕਿ ਕਿਸੇ ਹਿੰਦੂ ਹੀਰੋ ਦੇ ਗੈਰ ਹਿੰਦੂ ਵਿਰੋਧੀ. ਕੁੱਲ ਮਿਲਾ ਇਹ ਭਾਰਤ ਦੀ ਇੱਕ ਕੌਮ ਵਾਲੀ ਪੇਸ਼ਕਾਰੀ ਕਰ ਰਹੇ ਹਨ.

ਇੰਨਾਂ ਸਾਰੇ ਕਾਰਟੂਨਾਂ ਨੂੰ ਵੇਖਦੇ ਨਿਆਣੇ ਪਤਾ ਨਹੀਂ ਕਿੰਝ ਦਾ ਸੋਚਦੇ ਹੋਣਗੇ, ਕਿੰਝ ਦੀਆਂ ਰੋਜ਼ਮਰਾ ਹਰਕਤਾਂ ਕਰਦੇ ਹੋਣਗੇ। ਇਹ ਕਾਰਟੂਨ ਨਿਆਣਿਆਂ ਵਾਲੇ ਤਾਂ ਹੈ ਹੀ ਨਹੀਂ ਤੇ ਸਿਆਣਿਆਂ ਵਾਲੇ ਵੀ ਨਹੀਂ, ਇਹ ਬੇਲੋੜੇ ਨੇ। ਬੱਚਿਆਂ ਵਿੱਚ ਮਰਦਵਾਦੀ ਸੋਚ ਤੇ ਨਸਲਵਾਦ ਭਰ ਰਹੇ ਨੇ। ਬੱਚਿਆਂ ਵਿੱਚ ਹੀਰੋ ਪਾਤਰਾਂ ਵਰਗਾ ਲੱਗਣ ਦੀ ਪ੍ਰਵਿਰਤੀ ਬਹੁਤ ਹੁੰਦੀ ਹੈ, ਮੇਰੇ ਯਾਦ ਹੈ ਜਦ ਅਸੀਂ ਨਿੱਕੇ ਸੀ ਤਾਂ ਅਸੀਂ ਸ਼ਕਤੀਮਾਨ ਬਹੁਤ ਬਣਦੇ ਸੀ, ਸਾਡਾ ਨਾਇਕ ਉਹੋ ਸੀ। ਪਰ ਉਸ ਵੇਲੇ ਦਾ ਪ੍ਰਬੰਧ ਇੰਨਾਂ ਤੇਜ਼ ਨਹੀਂ ਸੀ ਤੇ ਨਾ ਹੀ ਟੀ.ਵੀ ਕੋਲ ਇੰਨਾਂ ਕੁਝ ਸੀ ਕਿ ਅਸੀਂ ਸਾਰਾ ਦਿਨ ਉਸ ਨੂੰ ਸੁਣਦੇ ਇਸ ਲਈ ਅਸੀਂ ਮੁਕਾਬਲਤਨ ਆਜ਼ਾਦ ਜਿਹੇ ਮਾਹੌਲ ਵਿੱਚ ਵੱਡੇ ਹੋਏ। ਹੁਣ ਜਦ ਨਿਆਣਿਆਂ ਕੋਲ ਸਾਰਾ ਦਿਨ ਇਹੋ ਖ਼ੁਰਾਕ ਪਹੁੰਚ ਰਹੀ ਤਾਂ ਅਗਲੀ ਪੀੜੀ ਕਿਹੋ ਜਿਹੀ ਹੋਵੇਗੀ ਇਹ ਬੜੀ ਫਿਕਰਮੰਦੀ ਦੀ ਗੱਲ ਹੈ।

# ਸਰਹਿੰਦ ਫਤਿਹ ਨਾਲ ਖਮਾਣੋਂ ਦਾ ਤਾਅਲੁਕ

**-ਨਵਨੀਤ ਸਿੰਘ ਕੰਗ**

ਖਮਾਣੋਂ ਜ਼ਿਲਾ ਫਤਿਹਗੜ ਸਾਹਿਬ ਦੀ ਸਬ ਡਿਵੀਜ਼ਨ ਹੈ । ਇਸ ਸ਼ਹਿਰ ਦੇ ਆਬਾਦ ਹੋਣ ਦੀ ਦਾਸਤਾਨ ਬੜੀ ਦਿਲਚਸਪ ਅਤੇ ਸਿੱਖਿਆਦਾਇਕ ਹੈ। ਸਾਡੇ ਖਾਨਦਾਨ ਦੇ ਬਜ਼ੁਰਗ ਇਸ ਦਾਸਤਾਨ ਨੂੰ ਸੀਨਾ-ਬ-ਸੀਨਾ ਮਹਿਫੂਜ਼ ਰੱਖ ਕੇ ਆਪਣੀ ਔਲਾਦ ਨੂੰ ਸੁਣਾਉਂਦੇ ਆਏ ਹਨ।

ਇਸ ਸ਼ਹਿਰ ਦੀ ਤਾਰੀਖ ਦਾ ਤਾਅਲੁਕ ਸਰਹਿੰਦ ਨੂੰ ਸਿੱਖ ਸਰਦਾਰਾਂ ਵੱਲੋਂ ਫਤਿਹ ਕਰਨ ਨਾਲ ਜੁੜਦਾ ਹੈ। ਸਰਹਿੰਦ ਨੂੰ ਸਿੱਖਾਂ ਨੇ ਦੋ ਵਾਰ ਫਤਿਹ ਕੀਤਾ ਸੀ। ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਸਿੱਖਾਂ ਨੇ ਜੰਗ ਲੜੀ ਸੀ। ਇਹ ਜੰਗ ਬਾਬਾ ਬੰਦਾ ਸਿੰਘ ਬਹਾਦਰ ਦੀ ਕਿਆਦਤ (ਚੌਧਰ) ਵਿੱਚ ਮਈ 1710 ਦੇ ਕਰੀਬ ਸੂਬਾ ਸਰਹਿੰਦ ਵਜ਼ੀਰ ਖਾਂ ਨਾਲ ਹੋਈ ਸੀ ਜਿਸ ਵਿੱਚ ਸੂਬਾ ਸਰਹਿੰਦ ਮਾਰਿਆ ਗਿਆ। ਸਰਹਿੰਦ ਫਤਿਹ ਕਰਕੇ ਵੀ ਸਿੱਖ ਫ਼ੌਜ ਇਸ ਨੂੰ ਆਪਣੇ ਹਾਲ 'ਤੇ ਹੀ ਛੱਡ ਗਈ ਕਿਉਂਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਸਾਹਿਬ ਦਾ ਇਹ ਹੁਕਮ ਸੀ ਕਿ ਸਾਹਿਬਜ਼ਾਦਿਆਂ ਉਜ਼ੱਪਰ ਜ਼ੁਲਮ ਕਰਨ ਵਾਲੀ ਇਨਸਾਨੀ ਮਸ਼ੀਨਰੀ ਨੂੰ ਹੀ ਖਤਮ ਕਰ ਦਿੱਤਾ ਜਾਵੇ। ਸਿੱਖ ਫ਼ੌਜ ਨੇ ਆਪਣੇ ਆਪ ਨੂੰ ਇਸ ਹੁਕਮ ਦਾ ਪਾਬੰਦ ਰੱਖਿਆ।

ਦੂਜੀ ਵਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਮੁ.ਗਲ ਫੌਜ ਹੱਥੋਂ ਗ੍ਰਿ.ਫਤਾਰ ਹੋ ਕੇ ਸ਼ਹੀਦ ਹੋ ਜਾਣ ਤੋਂ ਬਾਅਦ ਸਿੱਖਾਂ ਦੀਆਂ ਬਾਰਾਂ ਮਿਸਲਾਂ ਨੇ ਇਕੱਠਿਆਂ ਹੋ ਕੇ 30 ਦਸੰਬਰ, 1762 ਤੋਂ 1 ਜਨਵਰੀ, 1763 ਤਕ ਲੜਾਈ ਲੜ ਕੇ ਸਰਹਿੰਦ ਨੂੰ ਜਿੱਤਿਆ ਸੀ। ਇਹ ਜੰਗ ਜੈਨ ਖਾਂ ਸੂਬਾ ਸਰਹਿੰਦ ਨਾਲ ਹੋਈ ਸੀ। ਦੂਜੀ ਜੰਗ ਤੋਂ ਪਹਿਲਾਂ ਸੂਬਾ ਸਰਹਿੰਦ ਦੀ ਇੱਕ ਅਜ਼ੀਜ਼ਾ (ਭਤੀਜੀ ਜਾਂ ਬੇਟੀ) ਖਾਮੋਂ ਬੇ.ਗਮ ਦੀ ਸ਼ਾਦੀ ਬੱਸੀ ਗੁਜਰਾਂ ਨੇੜੇ ਚਮਕੌਰ ਸਾਹਿਬ ਦੇ ਮਾਲਕ ਮੁਹੰਮਦ ਬਸ਼ੀਰ ਖਾਂ ਨਾਲ ਹੋ ਚੁੱਕੀ ਸੀ। ਖੇਮੋਂ ਬੇ.ਗਮ ਨੂੰ ਸੂਬਾ ਸਰਹਿੰਦ ਨੇ ਦਾਜ ਵਿੱਚ 65 ਪਿੰਡ ਅਤੇ ਹਯਾਤਪੁਰ ਨਾਂ ਦਾ ਕਿਲਾ ਦਿੱਤਾ ਸੀ। ਇਸ ਕਿਲੇ ਵਿੱਚ ਖੇਮੋਂ ਨੇ ਆਪਣੀ ਰਿਹਾਇਸ਼ ਰੱਖੀ ਹੋਈ ਸੀ। ਇਸ ਕਿਲੇ ਦੀ ਥਾਂ 'ਤੇ ਅੱਜ-ਕੱਲ 'ਖਮਾਣੋਂ ਖੁਰਦ' ਪਿੰਡ ਵਸਿਆ ਹੋਇਆ ਹੈ। ਕਿਲੇ ਨਾਲ ਇੱਕ ਚਬੂਤਰਾ ਵੀ ਸੀ ਜਿੱਥੇ ਬੈਠ ਕੇ ਖੇਮੋਂ ਬੇ.ਗਮ ਜਾਂ ਉਸ ਦਾ ਪਤੀ ਆਪਣੀ ਰਈਅਤ (ਉਨਾਂ ਦੀ ਸਟੇਟ ਦੇ ਲੋਕ) ਦੀ ਫਰਿਆਦ ਸੁਣਦੇ ਸਨ। ਅੱਜ-ਕੱਲ ਇਸ ਜਗਾ 'ਤੇ ਗੁਰਦੁਆਰਾ ਰੌਣੀਂ ਸਾਹਿਬ ਹੈ।

ਮਿਸਲਾਂ ਨੇ ਆਪਣੇ ਫਤਿਹ ਕੀਤੇ ਹੋਏ ਇਲਾਕੇ ਦਾ ਬਟਵਾਰਾ ਕਰ ਲਿਆ ਪਰ ਬਟਵਾਰੇ ਦੇ ਬਾਵਜੂਦ ਖੇਮੋਂ ਬੇ.ਗਮ ਆਪਣੀ ਸਟੇਟ 'ਤੇ ਕਾਬਜ਼ ਸੀ। ਇਸ 'ਤੇ ਹਮਲਾ ਡੱਲਾ ਮਿਸਲ ਦੇ ਕੰਗ ਗੋਤ ਵਾਲਿਆਂ ਨੇ ਕੀਤਾ ਸੀ। ਉਹ ਪਹਿਲਾਂ ਬਸੀ ਗੁੱਜਰਾਂ ਦੇ ਕਿਲੇ ਨੂੰ ਫਤਿਹ ਕਰਕੇ ਮੁਹੰਮਦ ਬਸ਼ੀਰ ਖਾਂ ਨੂੰ ਕੈਦੀ ਬਣਾ ਕੇ ਆਪਣੇ ਨਾਲ ਲੈ ਆਏ। ਫਿਰ ਹਯਾਤਪੁਰ ਦਾ ਕਿਲਾ ਫਤਿਹ ਕਰਕੇ ਖੇਮੋਂ ਬੇ.ਗਮ ਅਤੇ ਉਸ ਦੇ ਪਤੀ ਨੂੰ ਕਿਲੇ ਵਿੱਚ ਕੈਦ ਕਰ ਲਿਆ। ਉਸ ਤੋਂ ਬਾਅਦ ਜੰਗ ਤੋਂ ਪਿੱਛੋਂ ਦੇ ਹਾਲਾਤ ਨਾਲ ਨਿਪਟ ਕੇ ਕੰਗ ਗੋਤ ਦੇ ਜਿਹੜੇ ਬਜ਼ੁਰਗਾਂ ਨੇ ਸਟੇਟ ਦਾ ਆਰਜ਼ੀ ਇੰਤਜ਼ਾਮ ਮੁਕੰਮਲ ਕਰ ਲਿਆ ਉਨਾਂ ਵਿੱਚੋਂ ਕੁਝ ਕੁ ਦੇ ਨਾਂ ਇਸ ਪ੍ਰਕਾਰ ਹਨ: ਸਰਦਾਰ ਕੌਇਰ ਸਿੰਘ,ਬਸਾਵਾ ਸਿੰਘ,ਦੇਸੂ ਸਿੰਘ,ਮਤਰ ਸਿੰਘ, ਰਾਮ ਸਿੰਘ,ਖਿਆਲਾ ਸਿੰਘ ਆਦਿ। ਸਾਬਕਾ ਹੁਕਮਰਾਨ ਖੇਮੋਂ ਬੇ.ਗਮ ਦੀ ਕਿਸਮਤ ਦਾ ਫੈਸਲਾ ਕਰਨ ਲਈ ਇਹ ਸਾਰੇ ਕਿਲੇ ਨੇੜਲੇ ਚਬੂਤਰੇ 'ਤੇ ਇਕੱਠੇ ਹੋ ਗਏ। ਮੁਸਲਮਾਨਾਂ ਦੇ ਜ਼ੁਲਮਾਂ ਨੂੰ ਦੇਖਦੇ ਹੋਏ ਆਮ ਰਾਇ ਇਨਾਂ ਕੈਦੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਹੀ ਸੀ ਕਿਉਂਕਿ ਤਾਰੀਖ ਗਵਾਹ ਸੀ ਕਿ ਜੰਗ ਜਿੱਤਣ ਵਾਲਿਆਂ ਨੇ ਹਾਰਨ ਵਾਲਿਆਂ 'ਤੇ ਕਦੇ ਰਹਿਮ ਨਹੀਂ ਕੀਤਾ। ਅਗਰ ਕਿਸੇ ਨੇ ਰਹਿਮ ਕੀਤਾ ਤਾਂ ਉਹ ਪ੍ਰਿਥਵੀ ਰਾਜ ਚੌਹਾਨ ਸੀ ਜੋ ਰਹਿਮ ਕਰਨ ਕਰਕੇ ਹੀ ਬੜੀ ਖੌਫ਼ਨਾਕ ਮੌਤ ਮਰਿਆ। ਇਹ ਘਟਨਾ ਅੱਜ ਵੀ ਤਾਰੀਖ਼ੀ ਗ਼ਲ਼ਤੀ ਦੇ ਤੌਰ 'ਤੇ ਮਸ਼ਹੂਰ ਹੈ। ਫਿਰ ਵੀ ਸਾਰੇ ਸਰਦਾਰਾਂ ਨੇ ਇਹ ਫੈਸਲਾ ਕਰਨ ਦਾ ਮੁਕੰਮਲ ਅਖਤਿਆਰ ਵੱਡੀ ਉਮਰ ਦੇ ਬਜ਼ੁਰਗ ਸਰਦਾਰ ਕੌਇਰ ਸਿੰਘ ਨੂੰ ਦੇ ਦਿੱਤਾ। ਬਾਬਾ ਜੀ ਨੇ ਆਪਣੀ ਮਜਲਸ ਨੂੰ ਇਕ ਸਫਰੀ ਅਦਾਲਤ ਦੀ ਸ਼ਕਲ ਦਿੱਤੀ ਅਤੇ ਖੇਮੋਂ ਬੇ.ਗਮ ਨੂੰ ਹਾਜ਼ਿਰ ਕਰਨ ਲਈ ਸਿੱਖ ਫ਼ੌਜ ਦਾ ਦਸਤਾ ਕਿਲੇ ਨੂੰ ਭੇਜ ਦਿੱਤਾ। ਜਦੋਂ ਖੇਮੋਂ ਨੂੰ ਇਕੱਲਿਆਂ ਪੇਸ਼ ਹੋਣ ਦੀ ਇਤਲਾਹ ਦਿੱਤੀ ਗਈ ਤਾਂ ਉਸ ਨੇ ਤਰਲੇ ਕੀਤੇ ਕਿ ਉਸ ਦੇ ਪਤੀ ਨੂੰ ਵੀ ਉਸ ਨਾਲ ਰਹਿਣ ਦੀ ਆਗਿਆ ਦਿੱਤੀ ਜਾਵੇ ਪਰ ਉਸ ਦੀ ਇਹ ਗੱਲ ਮੰਨੀ ਨਹੀਂ ਗਈ। ਇਕ ਮਜਬੂਰ ਲਾਚਾਰ ਔਰਤ ਦਾ ਕੋਈ ਜ਼ੋਰ ਤਾਂ ਨਹੀਂ ਚੱਲ ਸਕਦਾ ਸੀ। ਉਹ ਬੇਵਸੀ ਵਿੱਚ ਉਨਾਂ ਦੇ ਨਾਲ ਤੁਰ ਪਈ। ਕੈਦਖਾਨੇ ਤੋਂ ਸਫਰੀ ਅਦਾਲਤ ਦਾ ਫਾਸਲਾ ਡੇਢ ਸੌ ਕਰਮ ਦੇ ਕਰੀਬ ਹੀ ਸੀ ਜਿੱਥੇ ਉਹ ਬਹੁਤ ਵਾਰ ਆਪਣੀ ਰਈਅਤ ਦੀ ਫਰਿਆਦ ਸੁਣਨ ਜਾਂਦੀ ਰਹੀ ਸੀ। ਇਹ ਫਾਸਲਾ ਉਸ ਨੂੰ ਬਹੁਤ ਹੀ ਲੰਬਾ ਜਾਪ ਰਿਹਾ ਸੀ। ਉਹ ਬਹੁਤ ਸਹਿਮੀ ਹੋਈ ਚੱਲ ਰਹੀ ਸੀ ਕਿਉਂਕਿ ਉਸ ਨੂੰ ਉਹ ਹਾਲਾਤ ਯਾਦ ਆ ਰਹੇ ਸਨ ਜਦੋਂ ਉਸ ਦੇ ਬਜ਼ੁਰਗ ਕਤਲੇਆਮ ਦੀ ਦਹਿਸ਼ਤ ਨਾਲ ਪਿੰਡਾਂ ਦੇ ਪਿੰਡ ਖਾਲੀ ਕਰਵਾ ਲੈਂਦੇ ਸਨ ਜਾਂ ਹਾਰ ਖਾਣ ਵਾਲਿਆਂ ਨੂੰ ਜ਼ਲੀਲ ਕਰਕੇ ਮਾਰਦੇ ਸਨ। ਉਸ ਨੇ ਪਹਿਲੀ ਵਾਰ ਸਿੱਖ ਸਰਦਾਰਾਂ ਦੀਆਂ ਸ਼ਕਲਾਂ ਦੇਖੀਆਂ ਜੋ ਮਹਿਲਾਂ ਵਿੱਚ ਰਹਿਣ ਵਾਲੀ ਮੁਸਲਿਮ ਖਾਤੂਨ ਨੂੰ ਬਹੁਤ ਡਰਾਉਣਾ ਮੰਜ਼ਰ ਜਾਪ ਰਹੀਆਂ ਸਨ। ਜਦੋਂ ਉਹ ਆਪਣੀ ਕਿਸਮਤ ਦਾ ਫੈਸਲਾ ਸੁਣਨ ਲਈ ਕਟਹਿਰੇ ਵਿੱਚ ਖੜੀ ਹੋਈ ਤਾਂ ਉਸ ਵਕਤ ਉਥੇ ਸਿੱਖ ਸਰਦਾਰਾਂ ਤੋਂ ਬਿਨਾਂ ਆਮ ਲੋਕਾਂ ਦੀ ਵੀ ਬਹੁਤ ਭੀੜ ਹੋ ਚੁੱਕੀ ਸੀ ਪਰ ਸਿੱਖ ਫੌਜੀਆਂ ਦਾ ਸਖ਼ਤ ਪਹਿਰਾ ਸੀ। ਇੱਕ ਬੁਲਾਰੇ ਸਿੱਖ ਨੇ ਦਰਬਾਰੀ ਕਾਇਦੇ ਮੁਤਾਬਕ ਸਟੇਟ ਦੇ ਨਵੇਂ ਹਾਕਮਾਂ ਅਤੇ ਜੰਗ ਹਾਰਨ ਵਾਲੀ ਹਿਰਾਸਤ ਵਿੱਚ ਲਈ ਖੇਮੋਂ ਬੇ.ਗਮ ਦਾ ਤ.ਫਸੀਲ ਨਾਲ ਜ਼ਿਕਰ ਕੀਤਾ। ਬਾਬਾ ਜੀ ਦੇ ਇਸ਼ਾਰੇ 'ਤੇ ਚਾਰ ਸਿੱਖ ਦਾਨਸ਼ਮੰਦਾਂ ਨੇ ਖੇਮੋਂ ਬੇ.ਗਮ ਬਾਰੇ ਫੈਸਲਾ ਕਰਨ ਲਈ ਆਪਣੀ ਆਪਣੀ ਰਾਇ ਦੇਣੀ ਸ਼ੁਰੂ ਕੀਤੀ। ਉਨਾਂ ਚਾਰਾਂ ਨੇ ਸੂਬਾ ਸਰਹਿੰਦ ਦੇ ਜ਼ੁਲਮ ਅਤੇ ਖੇਮੋਂ ਦੇ ਉਸ ਖਾਨਦਾਨ ਨਾਲ ਸਬੰਧ ਅਤੇ ਔਰੰਗਜ਼ੇਬ ਦੇ ਅੱਤਿਆਚਾਰ ਦਾ ਬੜੇ ਵਿਸਥਾਰ ਨਾਲ ਜ਼ਿਕਰ ਕਰਕੇ ਖੇਮੋਂ ਅਤੇ ਉਸ ਦੇ ਪਤੀ ਨੂੰ ਸਖ਼ਤ ਸਜ਼ਾ ਦੇਣ ਦੀ ਰਾਇ ਦਿੱਤੀ। ਉਨਾਂ ਸਾਰਿਆਂ ਦੀ ਰਾਇ ਸੁਣਨ ਤੋਂ ਬਾਅਦ ਬਾਬਾ ਜੀ ਖੜੇ ਹੋ ਕੇ ਕਹਿਣ ਲੱਗੇ

ਮੈਂ ਆਪਣੀ ਬੀਤੀ ਉਮਰ ਵਿੱਚ ਮਹਾਪੁਰਸ਼ਾਂ ਦੀ ਸੰਗਤ ਕਰਕੇ ਜੋ ਸੁਣਿਆ ਅਤੇ ਸਿੱਖਿਆ ਹੈ, ਉਸ ਦਾ ਨਿਚੋੜ ਇਹ ਹੈ ਕਿ ਸਾਰੀ ਦੁਨੀਆਂ ਆਪਣੇ ਕੀਤੇ ਕਰਮਾਂ ਦੀ ਬੰਨੀ ਹੋਈ ਹੈ। ਜਿਸ ਦੀ ਤਫਸੀਲ ਇਸ ਪ੍ਰਕਾਰ ਹੈ, ਹਰ ਖਿਆਲ ਜੋ ਮਨ ਵਿੱਚ ਉਜ਼ੱਠਦਾ ਹੈ, ਹਰ ਅੱਖਰ ਜੋ ਸਾਡੀ ਜ਼ੁਬਾਨ ਵਿੱਚੋਂ ਨਿਕਲਦਾ ਹੈ, ਹਰ ਕੰਮ ਜੋ ਅਸੀਂ ਕਰਦੇ ਹਾਂ, ਸਾਨੂੰ ਉਸ ਦਾ ਹਿਸਾਬ ਚੁਕਾਉਣਾ ਪਵੇਗਾ।

ਬਾਕੀ ਸ.ਫਾ 31 'ਤੇ

# ਕੌਣ ਸੀ ਕਾਸਿਮ ਸੁਲੇਮਾਨੀ ?

## ਜਿਸ ਦੀ ਮੌਤ ਨਾਲ ਵਿਸ਼ਵ ਜੰਗ ਦਾ ਖਤਰਾ ਮੰਡਰਾਉਣ ਲੱਗਿਆ

-ਜੁਝਾਰ ਸਿੰਘ

ਬੀਤੇ ਦਿਨੀਂ ਬਗ਼ਦਾਦ ਵਿਚ ਹੋਏ ਅਮਰੀਕੀ ਹਵਾਈ ਹਮਲੇ 'ਚ ਈਰਾਨੀ ਫ਼ੌਜ ਦੇ 62 ਸਾਲਾ ਜਰਨੈਲ ਕਾਸਮ ਸੁਲੇਮਾਨੀ ਦੀ ਮੌਤ ਨੇ ਮੱਧ ਪੂਰਬ ਵਿੱਚ ਤਨਾਅ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸੁਲੇਮਾਨੀ ਦੀ ਮੌਤ ਈਰਾਨ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ, ਓਧਰ ਦੂਜੇ ਪਾਸੇ ਅਮਰੀਕਾ ਲਈ ਵੱਡੀ ਕਾਮਯਾਬੀ ਹੈ। ਜਰਨਲ ਸੁਲੇਮਾਨੀ ਅਮਰੀਕਾ ਸਮੇਤ ਕਈ ਪੱਛਮੀ ਮੁਲਕਾਂ ਦੀ ਅੱਖ ਵਿੱਚ ਰੜਕ ਰਿਹਾ ਸੀ ਜਿਸਦਾ ਕਾਰਨ ਉਸ ਵਲੋਂ ਇਹਨਾਂ ਤਾਕਤਾਂ ਨੂੰ ਦਿੱਤੀ ਜਾ ਰਹੀ ਟੱਕਰ ਸੀ। ਕਿਸਾਨ ਦਾ ਪੁੱਤਰ ਸੁਲੇਮਾਨੀ 1979 ਵਿਚ ਇਰਾਨੀ ਰੈਵੀਲਿਊਸ਼ਨਰੀ ਫੌਜ ਦੀ 41ਵੀਂ ਬਟਾਲੀਅਨ ਵਿੱਚ ਭਰਤੀ ਹੋਇਆ। ਉਸਨੇ ਇਰਾਨੀ ਫੌਜ ਵਿੱਚ ਆਪਣੀ ਬਹਾਦਰੀ ਦੇ ਕਾਰਨਾਮਿਆਂ ਨਾਲ ਮੌਜੂਦਾ ਮੁਕਾਮ ਹਾਸਲ ਕੀਤਾ ਸੀ। ਈਰਾਨ ਦੇ ਸਰਬ ਉੱਚ ਆਗੂ ਆਏਤੁਲਾ ਖਮੀਨੀ ਵਲੋਂ ਉਸ ਨੂੰ "ਜਿੰਦਾ ਸ਼ਹੀਦ" ਦਾ ਖਿਤਾਬ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਉਸ ਨੂੰ ਈਰਾਨੀ ਫੌਜ ਦਾ ਸਰਬ ਉੱਚ ਖਿਤਾਬ "ਆਰਡਰ ਆਫ ਜੋਲਫਾਗਰ" ਹਾਸਲ ਸੀ। ਇਰਾਨ ਦੇ ਪੱਛਮੀ ਗੁਲਾਮੀ ਤੋਂ ਮੁਕਤ ਹੋਣ ਉਪਰੰਤ ਸਭ ਤੋਂ ਪਹਿਲੀ ਚੁਣੌਤੀ ਕੁਰਦਾਂ ਦੀ ਬਗਾਵਤ ਸੀ ਜਿਸਨੂੰ ਇਰਾਨੀ ਫੌਜ ਨੇ ਬਾਖੂਬੀ ਨਜਿੱਠਿਆ ਪਰ ਇਹ ਬਗਾਵਤ ਸਮੇਂ ਸਮੇਂ ਸਿਰ ਚੁੱਕਦੀ ਰਹੀ। 1981 ਤੋਂ ਬਾਅਦ 1986-87 ਵਿਚ ਕੁਰਦਾਂ ਦੀ ਸਿਆਸੀ ਪਾਰਟੀ ਕੁਰਦਿਸ਼ ਡੈਮੋਕਰੈਟਿਕ ਪਾਰਟੀ ਆਫ ਇਰਾਨ ਵਲੋਂ ਬਗਾਵਤ ਦਾ ਝੰਡਾ ਬੁਲੰਦ ਕੀਤਾ ਗਿਆ। 1980 ਤੋਂ 1988 ਤੱਕ ਚੱਲੇ ਇਰਾਕ-ਈਰਾਨ ਯੁੱਧ ਵਿੱਚ ਸੁਲੇਮਾਨੀ ਦੀ ਯੂਨਿਟ ਬਹਾਦਰੀ ਨਾਲ ਲੜੀ ਜਿਸ ਦੌਰਾਨ ਉਹ ਕੈਮੀਕਲ ਹਥਿਆਰਾਂ ਦੀ ਮਾਰ ਹੇਠ ਵੀ ਆਈ।

**ਮਕਬੂਲੀਅਤ ਦੇ ਕਾਰਣ**

ਕਾਸਮ ਸੁਲੇਮਾਨੀ ਦੀ ਮੌਤ ਤੋਂ ਬਾਅਦ ਸਾਰਾ ਈਰਾਨ ਸੜਕਾਂ ਤੇ ਉਤਰ ਆਇਆ ਤੇ ਆਮ ਲੋਕਾਂ ਤੋ ਲੈ ਕੇ ਫੌਜੀ ਜਰਨੈਲ, ਇਥੋਂ ਤੱਕ ਕਿ ਦੇਸ਼ ਦੇ ਉਚ ਆਗੂ ਵੀ ਰੋਂਦੇ ਨਜਰ ਆਏ। ਇਸ ਫੌਜੀ ਜਰਨੈਲ ਦੇ ਹਰਮਨ ਪਿਆਰੇ ਬਣਨ ਦੇ ਕਈ ਕਾਰਨ ਹਨ। ਕਾਸਮ ਆਪਣੇ ਫੌਜੀ ਜਵਾਨਾਂ ਦੀ ਜਾਨ ਦੀ ਕੀਮਤ ਬਾਖੂਬੀ ਸਮਝਦਾ ਸੀ ਤੇ ਹਰ ਜਗਾ ਉਸ ਵਲੋਂ ਆਪਣੇ ਜਵਾਨਾਂ ਦੀਆਂ ਜਾਨਾਂ ਬਚਾਉਂਦੇ ਹੋਏ ਵੱਡੀਆਂ ਕਾਰਵਾਈਆਂ ਨੂੰ ਅੰਜਾਮ ਦਿੱਤਾ ਜਾਂਦਾ ਸੀ। ਪਰ ਉਸ ਦੀ ਬਹਾਦਰੀ ਦੇ ਕਿੱਸੇ ਫੌਜ ਦੇ ਜਵਾਨ ਹੀ ਸੁਣਾਉਂਦਿਆਂ ਕਹਿੰਦੇ ਹਨ ਕਿ ਸੁਲੇਮਾਨੀ ਵਲੋਂ ਵੱਡੇ ਤੋਂ ਵੱਡੇ ਮੋਰਚੇ ਮੂਹਰੇ ਹੋ ਕੇ ਫਤਹਿ ਕੀਤੇ ਗਏ ਸਨ ਅਤੇ ਉਸ ਵਲੋਂ ਕਦੇ ਵੀ ਬੁਲਟ ਪਰੂਫ ਜੈਕੇਟ ਨਹੀ ਸੀ ਪਹਿਨੀ ਗਈ। ਕਾਸਮ ਈਰਾਨ ਦੇ ਸਰਬ ਉੱਚ ਆਗੂ ਆਏਤੁਲਾ ਖਮੀਨੀ ਦੇ ਬੇਹੱਦ ਨਜਦੀਕ ਸੀ ਤੇ ਪੱਛਮੀ ਮੀਡੀਆ ਵਲੋਂ ਉਸ ਨੂੰ "ਸ਼ੈਡੋ ਪ੍ਰੈਜੀਡੈਂਟ" ਵੀ ਕਿਹਾ ਜਾਂਦਾ ਸੀ। ਈਰਾਨੀ ਕੌਮ ਨੂੰ ਔਖੇ ਸਮਿਆਂ ਚੋਂ ਕੱਢਣ ਵਾਲੇ ਇਸ ਜਰਨੈਲ ਨੂੰ ਈਰਾਨ ਦੇ ਲੋਕ ਆਪਣਾ ਰਾਸ਼ਟਰਪਤੀ ਦੇਖਣਾ ਚਾਹੁੰਦੇ ਸਨ, ਅਤੇ 2013 ਅਤੇ 2017 ਦੀਆਂ ਰਾਸ਼ਟਰਪਤੀ ਚੋਣਾਂ ਸਮੇਂ ਲੋਕਾਂ ਵੱਲੋਂ ਉਸ ਨੂੰ ਚੋਣਾਂ ਲੜਨ ਲਈ ਕਿਹਾ ਵੀ ਗਿਆ ਪਰ ਉਸ ਨੇ ਇਹ ਕਹਿ ਕੇ ਮਨਾ ਕਰ ਦਿੱਤਾ ਕਿ ਉਹ ਇਕ ਫੌਜੀ ਵਜੋਂ ਹੀ ਇਸਲਾਮੀ ਇਨਕਲਾਬ ਅਤੇ ਈਰਾਨੀ ਕੌਮ ਦੀ ਚੜਦੀਕਲਾ ਲਈ ਕੰਮ ਕਰੇਗਾ।



**ਪੱਛਮੀ ਤਾਕਤਾਂ ਨਾਲ ਦੁਸ਼ਮਣੀ ਦੇ ਕਾਰਣ**

ਅਮਰੀਕਾ ਸਮੇਤ ਵੱਖ ਵੱਖ ਪੱਛਮੀ ਮੁਲਕਾਂ ਵਲੋਂ ਕਾਸਮ ਸੁਲੇਮਾਨੀ ਨੂੰ ਅੱਤਵਾਦੀ ਐਲਾਨਿਆ ਹੋਇਆ ਸੀ। ਇਸ ਪਿਛੇ ਕਈ ਕਾਰਣ ਹਨ। ਸੁੰਨੀ ਮੁਲਕਾਂ ਨਾਲ ਘਿਰੇ ਤੇ ਅਮਰੀਕਾ ਵਲੋਂ ਹਮਲੇ ਦੇ ਖਤਰੇ ਦੇ ਬਾਵਜੂਦ ਸ਼ੀਆ ਮੁਸਲਮਾਨਾਂ ਦੇ ਮੁਲਕ ਈਰਾਨ ਨੇ ਕਦੇ ਈਨ ਨਹੀਂ ਸੀ ਮੰਨੀ ਤੇ ਅੱਸੀ ਦੇ ਦਹਾਕੇ ਤੋਂ ਲਗਾਤਾਰ ਪੱਛਮੀ ਫੌਜਾਂ ਨੂੰ ਟੱਕਰ ਦੇ ਰਿਹਾ ਸੀ। ਇਸ ਤੋਂ ਇਲਾਵਾ ਇਜ਼ਰਾਈਲ ਈਰਾਨ ਨੂੰ ਆਪਣਾ ਕੱਟੜ ਦੁਸ਼ਮਣ ਸਮਝਦਾ ਹੈ। ਸੁਲੇਮਾਨੀ ਪਰਾਕਸੀ ਵਾਰ ਜਾਂ ਅਸਿੱਧੀ ਜੰਗ ਦਾ ਵੀ ਮਾਹਰ ਸੀ। ਵੱਖ ਵੱਖ ਨਾਵਾਂ ਹੇਠ ਕੰਮ ਕਰ ਰਹੀਆਂ ਅਨੇਕਾਂ ਜਥੇਬੰਦੀਆਂ ਉਸ ਵਲੋਂ ਸਥਾਪਿਤ ਕੀਤੀਆਂ ਗਈਆਂ ਸਨ ਜੋ ਅਫਗਾਨਿਸਤਾਨ, ਇਰਾਕ, ਸੀਰੀਆ, ਲਿਬਨਾਨ, ਗਾਜਾ ਪੱਟੀ, ਫਲਸਤੀਨ ਵਰਗੇ ਮੁਲਕਾਂ ਵਿੱਚ ਨਾਟੋ ਅਤੇ ਇਜ਼ਰਾਈਲੀ ਫੌਜਾਂ ਨਾਲ ਅੱਜ ਟੱਕਰ ਲੈ ਰਹੀਆਂ ਹਨ। ਹਮਾਸ, ਹਿਜਬੁਲਾ ਇਸ ਵਿੱਚੋਂ ਮੁਖ ਹਨ। ਸੁਲੇਮਾਨੀ ਵਲੋਂ ਸੁੰਨੀ ਮੁਸਲਮਾਨਾਂ ਹੱਥੋਂ ਝੰਬੇ ਸ਼ੀਆ ਮੁਸਲਮਾਨਾਂ ਦੀਆਂ ਸਾਰੀਆਂ ਤਾਕਤਾਂ ਨੂੰ ਇਕਮੁੱਠ ਕੀਤਾ ਗਿਆ ਜਿਸਨੂੰ "ਸ਼ੀਆ ਮਿਲਸ਼ੀਆ" ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਸਦੀ ਕੁਦਸ ਫੋਰਸ ਨੂੰ ਯੇਰੂਸ਼ਲਮ ਫੋਰਸ ਵੀ ਕਿਹਾ ਜਾਂਦਾ ਹੈ। ਸੁਲੇਮਾਨੀ 1997 ਤੋਂ ਕੁਦਸ ਫੋਰਸ ਦਾ ਮੁਖੀ ਹੈ ਜੋ ਈਰਾਨ ਦੀ ਸਭ ਤੋਂ ਉਚ ਕੋਟੀ ਦੀ ਫੋਰਸ ਮੰਨੀ ਜਾਂਦੀ ਹੈ। ਪਿਛਲੇ ਕਈ ਸਾਲਾਂ ਤੋਂ ਸੁਲੇਮਾਨੀ ਵਲੋਂ ਸੀਰੀਆ, ਇਰਾਕ ਅਤੇ ਲਿਬਨਾਨ ਦੀ ਰਾਜਨੀਤੀ ਵਿੱਚ ਦਖਲ ਦਿੱਤਾ ਜਾ ਰਿਹਾ ਸੀ, ਉਸ ਵਲੋਂ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਸਥਾਪਤ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜਿੰਨਾਂ ਨੂੰ ਅਮਰੀਕੀ ਸਹਾਇਤਾ ਪ੍ਰਾਪਤ ਬਾਗੀਆਂ ਵਲੋਂ ਡੇਗਣ ਦਾ ਯਤਨ ਜਾਰੀ ਸੀ। ਇਸ ਤੋਂ ਇਲਾਵਾ ਉਸ ਦੇ ਇਸ਼ਾਰੇ ਤੇ ਈਰਾਨੀ ਸਮੁੰਦਰ ਚੋਂ ਲੰਘਦੇ ਪੱਛਮੀ ਮੁਲਕਾਂ ਦੇ ਬੇੜੇ ਕਈ ਵਾਰ ਰੋਕੇ ਗਏ ਸਨ।

**ਵੱਡੀਆਂ ਪ੍ਰਾਪਤੀਆਂ**

2015-16 ਵਿਚ ਸੁਲੇਮਾਨੀ ਨੇ ਵੱਖ ਵੱਖ ਢੰਗ ਤਰੀਕੇ ਅਪਣਾ ਕੇ ਇਸਲਾਮਕ ਸਟੇਟ (ਆਈ ਐਸ ਆਈ ਐਸ) ਅੱਤਵਾਦੀ ਜਥੇਬੰਦੀ ਨੂੰ ਖਤਮ ਕਰਨ ਵਿੱਚ ਵੱਡਾ ਰੋਲ ਨਿਭਾਇਆ ਗਿਆ। ਈਰਾਨ ਵਲੋਂ ਇੱਕ ਵਫਦ ਰੂਸ ਭੇਜਿਆ ਗਿਆ ਜਿਸ ਦੁਆਰਾ ਰੂਸ ਨੂੰ ਸੀਰੀਆ ਵਿੱਚ ਦੁਬਾਰਾ ਬਸ਼ਰ ਅਲ-ਅਸਦ ਦੀ ਸਰਕਾਰ ਬਣਾਉਣ ਲਈ ਫੌਜੀ ਮਦਦ ਭੇਜਣ ਸਬੰਧੀ ਗੱਲਬਾਤ ਕੀਤੀ ਗਈ ਤਾਂ ਰੂਸ ਨੇ ਮੰਗ ਕੀਤੀ ਕਿ ਸੁਲੇਮਾਨੀ ਗੱਲ ਕਰੇ, ਉਪਰੰਤ ਖਮੀਨੀ ਨੇ ਸੁਲੇਮਾਨੀ ਨੂੰ ਰੂਸ ਭੇਜਿਆ ਅਤੇ ਮਾਸਕੋ ਵਿੱਚ ਹੋਈ ਬੈਠਕ ਦੌਰਾਨ ਸੀਰੀਆ ਸਬੰਧੀ ਨੀਤੀ ਘੜੀ ਗਈ ਅਤੇ ਈਰਾਨ ਰੂਸ ਦੀ ਫੌਜੀ ਮਦਦ ਨਾਲ ਇਸਲਾਮਕ ਸਟੇਟ (ਆਈ ਐਸ ਆਈ ਐਸ) ਕੋਲੋਂ ਇਲਾਕੇ ਖਾਲੀ ਕਰਵਾਏ ਗਏ ਅਤੇ ਅਮਰੀਕੀ ਫੌਜ ਨਾਲ ਜਬਰਦਸਤ ਟੱਕਰ ਤੋਂ ਬਾਅਦ ਬਸ਼ਰ ਅਲ-ਅਸਦ ਦੁਬਾਰਾ ਤਾਕਤ ਵਿਚ ਆਇਆ। ਲਿਬਨਾਨ ਦੀ ਰਾਜਧਾਨੀ ਬੇਰੂਤ ਵਿਚ ਸੁਲੇਮਾਨੀ 2015 ਵਿਚ ਹਿਜਬੁਲਾ ਦੇ ਲੜਾਕਿਆਂ ਦੀਆਂ ਕਬਰਾਂ ਤੇ ਸ਼ਰਧਾਂਜਲੀ ਭੇਂਟ ਕਰਦਾ ਨਜਰ ਆਇਆ। ਇਸ ਤੋਂ ਇਲਾਵਾ ਸੁਲੇਮਾਨੀ ਵਲੋਂ ਸ਼ੀਆ ਅਤੇ ਇਰਾਕੀ ਫ਼ੌਜ ਨੂੰ ਨਾਲ ਲੈ ਕੇ ਇਰਾਕ ਵਿੱਚ ਨੂਰੀ ਅਲ ਮਲੀਕੀ ਦੀ ਹਕੂਮਤ ਕਾਇਮ ਕੀਤੀ ਗਈ। ਸਮੇਂ ਸਮੇਂ ਤੇ ਅਮਰੀਕੀ ਏਜੰਸੀਆਂ ਵੱਲੋਂ ਕਾਸਮ ਸੁਲੇਮਾਨੀ ਨਾਲ ਗੱਲਬਾਤ ਵੀ ਕੀਤੀ ਗਈ। 2001 ਵਿੱਚ ਟਰੇਡ ਟਾਵਰ ਹਮਲੇ ਉਪਰੰਤ ਅਮਰੀਕਾ ਵੱਲੋਂ ਉਸ ਨੂੰ ਤਾਲੀਬਾਨ ਨੂੰ ਕਾਬੂ ਕਰਨ ਲਈ ਸੰਪਰਕ ਕੀਤਾ ਗਿਆ ਸੀ। 2009 ਵਿਚ ਇਰਾਕ ਦੇ ਰਾਸ਼ਟਰਪਤੀ ਜਲਾਲ ਤਾਲੀਬਾਨੀ ਦੇ ਦਫਤਰ ਵਿੱਚ ਅਮਰੀਕੀ ਉਚ ਅਧਿਕਾਰੀਆਂ ਵੱਲੋਂ ਸੁਲੇਮਾਨੀ ਨਾਲ ਗੱਲਬਾਤ ਕੀਤੀ ਤੇ ਸਮੇਂ ਸਮੇਂ ਤੇ ਚਿੱਠੀਆਂ ਵੀ ਲਿਖੀਆਂ ਗਈਆਂ ਪਰ ਸੁਲੇਮਾਨੀ ਨੇ ਅਮਰੀਕਾ ਦੀ ਕੋਈ ਗੱਲ ਨਹੀਂ ਮੰਨੀ। ਯੂ ਐਨ, ਯੂ ਐਸ ਅਤੇ ਹੋਰ ਪੱਛਮੀ ਮੁਲਕਾਂ ਵਲੋਂ ਉਸ ਉਪਰ ਕਈ ਵਾਰ ਪਾਬੰਧੀਆਂ ਲਾਈਆਂ ਗਈਆਂ। ਕਾਸਮ ਦੀਆਂ ਫੌਜਾਂ ਵੱਲੋਂ ਵੱਖ ਵੱਖ ਮੌਕਿਆਂ ਤੇ ਨਾਟੋ, ਇਜ਼ਰਾਈਲੀ ਅਤੇ ਅਮਰੀਕੀ ਫੌਜ ਦਾ ਵੱਡਾ ਨੁਕਸਾਨ ਕੀਤਾ ਗਿਆ। ਉਸ ਦੁਆਰਾ ਅਫਗਾਨਿਸਤਾਨ ਤੋਂ ਯੂਰਪ ਹੁੰਦੀ ਨਸ਼ੇ ਦੀ ਤਸਕਰੀ ਪੂਰਨ ਤੌਰ 'ਤੇ ਬੰਦ ਕਰ ਦਿੱਤੀ ਗਈ। 2006 ਦੀ ਹਿਜਬੁਲਾ ਅਤੇ ਇਜ਼ਰਾਈਲ ਜੰਗ ਦੌਰਾਨ ਉਹ ਖੁਦ ਮੌਜੂਦ ਸੀ। ਸੀਰਿਆ ਜੰਗ ਦਾ ਅਖਾੜਾ ਬਣੇ ਅਲੈਪੋ ਸ਼ਹਿਰ ਵਿੱਚ ਵੀ ਸੁਲੇਮਾਨੀ ਦੀ ਮੌਜੂਦਗੀ ਵਾਲੀਆਂ ਤਸਵੀਰਾਂ ਵਾਰ ਵਾਰ ਅੰਤਰਾਸ਼ਟਰੀ ਮੀਡੀਏ ਵਿੱਚ ਆਈਆਂ। ਅਖੀਰ ਨਵੇਂ ਈਰਾਨ ਦੇ ਸੁਪਨੇ ਦਾ ਸਾਜਗਾਰ, ਅਮਰੀਕਾ ਨੂੰ ਮੱਧ ਪੂਰਬ ਵਿੱਚ ਲਲਕਾਰ ਕੇ ਸ਼ਰੇਆਮ ਵੱਖ ਵੱਖ ਦੇਸ਼ਾਂ ਵਿੱਚ ਘੁੰਮਦੇ ਕਾਸਮ ਸੁਲੇਮਾਨੀ ਨੂੰ ਅਮਰੀਕਾ ਦੇ ਡਰੋਨਾਂ ਨੇ 3 ਜਨਵਰੀ 2020 ਨੂੰ ਨਿਸ਼ਾਨਾ ਬਣਾ ਲਿਆ।

# ਕੁੱਝ ਬੀਮਾਰੀਆਂ ਦੇ ਇਲਾਜ ਤੁਹਾਡੇ ਹੱਥ ਵਿਚ

-ਗੁਰਚਰਨ ਸਿੰਘ ਜਿਉਣ ਵਾਲਾ

**ਹਰ ਦੁਨੀਆਂ ਨੂੰ ਜਿੱਤਣ ਵਾਲਾ ਇਕ ਦਿਨ ਬਾਜ਼ੀ ਹਾਰ ਗਿਆ।**
**ਠੱਗੀਆਂ ਕਰ ਕਰ ਠੱਗਣ ਵਾਲਾ ਠੱਗਿਆ ਆਖਰਕਾਰ ਗਿਆ।**
**ਝੂਠੇ ਦਾਅਵੇ ਬੰਨਣ ਵਾਲਾ ਰੋਂਦਾ ਛੱਡ ਪ੍ਰੀਵਾਰ ਗਿਆ।**
**ਜਿਨਾਂ ਬਾਝੋਂ ਪਲ ਨਹੀਂ ਸਰਦਾ ਛੱਡ ਜੁੰਡੀ ਯਾਰ ਗਿਆ।**
**ਆਪਣੇ ਹੱਥੀਂ ਅੱਗ ਲਗਾ ਕੇ ਆਖਣਗੇ ਦਿਲਦਾਰ ਗਿਆ,**
**ਵਿਚ ਸਿਵਿਆਂ ਦੇ ਵਾਸਾ ਕਰ ਲਿਆ ਉੱਚੇ ਮਹਿਲ ਉਸਾਰ ਗਿਆ।**
**ਇਕ ਦਿਨ ਸੇਖੋਂ ਇਹ ਆਖੂਗਾ ਕਿਧਰ ਤੁਰ ਕਰਤਾਰ ਗਿਆ।**

ਤੁਰ ਤਾਂ ਆਪਾਂ ਸਾਰਿਆਂ ਹੀ ਜਾਣਾ ਹੈ ਅੱਜ ਜਾਂ ਕੱਲ। ਪਰ ਜੇਕਰ ਸੌਖਿਆਂ ਜਿੰਦਗੀ ਬਤੀਤ ਹੋ ਜਾਏ ਤਾਂ ਵਧੀਆ ਨਹੀਂ ਹੱਡ-ਗੋਡੇ ਰਗੜ ਕੇ ਤਾਂ ਲੰਘਾਉਣੀ ਹੀ ਪੈਣੀ ਹੈ। ਜਦੋਂ ਅਸੀਂ ਬੇਧਿਆਨੇ ਤੁਰਦੇ ਹਾਂ ਤਾਂ ਠੇਡੇ ਵੱਜਦੇ ਹੀ ਵੱਜਦੇ ਹਨ। ਥੋੜਾ ਜਿਹਾ ਧਿਆਨ ਕਰਕੇ ਚੱਲਣ ਨਾਲ ਬਹੁਤੀ ਵਾਰੀ ਆਪਾਂ ਕੱਸੀਆਂ-ਸੂਏ ਵੀ ਟੱਪ ਜਾਂਦੇ ਹਾਂ ਜਾਂ ਪਾਰ ਕਰ ਜਾਂਦੇ ਹਾਂ ਨਹੀਂ ਤਾਂ ਧੜੰਮ ਕਰਕੇ ਵਿਚ ਡਿਗਣਾ ਲਾਜ਼ਮੀ ਹੁੰਦਾ ਹੈ। ਐਸੀਆਂ ਬਹੁਤੀਆਂ ਗਲਤੀਆਂ ਦੇ ਪਿੱਛੇ ਲਾਪਰਵਾਹੀ ਕੰਮ ਕਰ ਰਹੀ ਹੁੰਦੀ ਹੈ। ਭੋਰਾ ਕੁ ਲਾਪਰਵਾਹੀ ਨੇ ਕਈਆਂ ਦੇ ਘਰ ਉਜਾੜੇ, ਰਾਜ-ਭਾਗ ਉਜਾੜੇ। ਫੋਕੀ ਸ਼ੌਹਰਤ ਅਤੇ ਜਿੰਦਗੀ ਦੇ ਕਾਮੁਕ ਚਸਕਿਆਂ ਨੇ ਰਾਜਿਆਂ ਮਹਾਰਾਜਿਆਂ ਨੂੰ ਵੀ ਨਹੀਂ ਬਖਸ਼ਿਆ। ਇੰਗਲੈਂਡ ਦੀ ਰਾਣੀ ਦੇ ਪੁਤਰ ਅਤੇ ਨੂੰਹ ਤੇ ਇਹ ਗੱਲ ਬਿਲਕੁਲ ਸੌ ਪਰਸੈਂਟ ਢੁੱਕਦੀ ਹੈ। ਗੁਰਬਾਣੀ ਇਸ ਗੱਲ ਦੀ ਗਵਾਹੀ ਭਰਦੀ ਹੈ:

ਮਤੁ ਜਾਣ ਸਹਿ ਗਲੀ ਪਾਇਆ ॥
ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਪੰਨਾ 24 ॥

ਪੈਸੇ ਅਤੇ ਰੂਪ ਦੀ ਸੋਭਾ ਕਰਕੇ ਲੇਡੀ ਡਿਆਨਾ ਆਪਣੀ ਜ਼ਿੰਦਗੀ ਤੋਂ ਹੱਥ ਧੋ ਬੈਠੀ। ਮਿਲਿਆ ਕੀ ? ਕਬਰ ਤੇ ਫੁਲਾਂ ਦਾ ਗੁਲਦਸਤਾ। ਓਹ ਵੀ ਅਗਲੇ ਕੁੱਝ ਸਾਲ ਤੇ ਫਿਰ ਬੱਸ ਚੁਪ-ਚਾਪ। ਨਾ ਕੋਈ ਪੁੱਤ ਨਾ ਧੀ।

1960-62 ਵਿਚ ਜਦੋਂ ਸਕੂਲ ਪੜਦੇ ਸੀ ਤਾਂ ਇਸ ਤਰਾਂ ਦੀ ਇਕ ਵਕਿਤਾ ਹੁੰਦੀ ਸੀ: ਅੱਖਾਂ ਗਈਆਂ ਤਾਂ ਜਹਾਨ ਗਿਆ। ਜੀਭ ਗਈ ਤਾਂ ਸੁਆਦ ਗਿਆ। ਦੰਦ ਗਏ ਤਾਂ...। ਅੱਗੇ ਯਾਦ ਨਹੀਂ। ਪਰ ਇਸ ਗੱਲ ਦੀ ਸੋਝੀ ਹੁਣ 60 ਸਾਲਾਂ ਬਾਅਦ ਆਈ ਹੈ ਕਿ ਚੌਥੀ ਪੰਜਵੀਂ ਜਮਾਤ ਵਿਚ ਪੜਾਈ ਜਾਣ ਵਾਲੀ ਕਵਿਤਾ ਦਾ ਮਤਲਬ ਕੀ ਸੀ। ਅੱਜ ਜਦੋਂ ਮੈਂ ਆਪ ਇਸ ਕਨਾਰੇ ਪਹੁੰਚ ਗਿਆ ਹਾਂ ਤਾਂ ਇਸ ਵਿਸ਼ੇ ਤੇ ਵਿਚਾਰ ਕਰਨ ਦੀ ਸੋਝੀ ਆਈ ਹੈ।

ਪਿਛਲੇ ਕੁੱਝ ਸਾਲਾਂ ਤੋਂ ਮੇਰਾ ਫੈਮਲੀ ਡਾਕਟਰ ਕਹਿ ਰਿਹਾ ਸੀ ਤੇਰਾ ਖ਼ੂਨ ਗਾੜਾ ਹੈ, ਬਲੱਡ ਕੋਲਿਸਟਰੋਲ ਕਾਫੀ ਜ਼ਿਆਦਾ ਹੈ, 6.59 ਹੈ, ਤੂੰ ਗੋਲੀਆਂ ਲੈਣੀਆਂ ਸ਼ੁਰੂ ਕਰ ਦੇ। ਪਰ ਮੈਂ ਮਨਾ ਹੀ ਕਰਦਾ ਰਿਹਾ। ਕਿਉਂਕਿ ਉਨਾਂ ਗੋਲੀਆਂ ਦੇ ਹੋਰ ਕਈ ਨੁਕਸਾਨ ਵੀ ਹੁੰਦੇ ਹਨ ਤੇ ਮੈਂ ਦੇਸੀ ਘਰੇਲੂ ਨੁਸਖੇ ਲੱਭਣੇ ਸ਼ੁਰੂ ਕਰ ਦਿੱਤੇ ਜਿਨਾਂ ਦੇ ਜੇਕਰ ਫਾਇਦੇ ਨਹੀਂ ਤਾਂ ਨੁਕਸਾਨ ਵੀ ਕੋਈ ਨਹੀਂ। ਕਈ ਕੁੱਝ ਬਣਾਇਆ ਤੇ ਖਾਧਾ ਪਰ ਜਿਸ ਨਾਲ ਸਫਲਤਾ ਪ੍ਰਾਪਤ ਹੋਈ ਉਹ ਕੁੱਝ ਅੱਜ ਤੁਹਾਡੇ ਨਾਲ ਤੁਹਾਡੇ ਭਲੇ ਲਈ ਸਾਂਝਾ ਕਰਨ ਲੱਗਿਆ ਹਾਂ।



ਲਸਣ ਕਿਵੇਂ ਖਾਈਏ ਤੇ ਫਾਇਦੇ।

ਖ਼ੂਨ ਦੇ ਗਾੜੇਪਨ (ਬਲੱਡ ਕਲਿਸਟਰੋਲ ਦਾ ਹੋਣਾ) ਨੂੰ ਘੱਟ ਕਰਨ ਕਰਨ ਦੇ ਹੋਰ ਵੀ ਕਈ ਤਰੀਕੇ ਹੋ ਸਕਦੇ ਹਨ, ਲਸਣ ਨੂੰ ਖਾਣ ਦੇ ਹੋਰ ਵੀ ਬਹੁਤ ਢੰਗ ਹੋ ਸਕਦੇ ਹਨ ਪਰ ਜੋ ਮੈਂ ਆਪਣੇ ਤੇ ਅਜਮਾਇਸ਼ ਕਰਕੇ ਦੱਸਣ ਲੱਗਿਆਂ ਹਾਂ। ਓਹ ਇਹ ਹੈ ਕਿ ਸਵੇਰੇ ਸਵੇਰ ਦੋ ਪੋਥੀਆਂ ਛਿਲ ਕੇ ਕਿਸੇ ਛੋਟੇ ਮਾਮਦਸਤੇ ਵਿਚ ਰਗੜ ਲਓ (ਸਾਡੇ ਇਲਾਕੇ ਵਿਚ ਲਸਣ ਦੇ ਗੰਡੇ ਦੇ ਛੋਟੇ ਛੋਟੇ ਹਿਸਿਆਂ ਨੂੰ ਪੋਥੀਆਂ ਕਹਿੰਦੇ ਹਨ)। ਲਸਣ ਨੂੰ ਚਾਕੂ ਨਾਲ ਕਿਸੇ ਵੀ ਹਾਲਤ ਵਿਚ ਕੱਟਣਾ ਨਹੀਂ। ਮਾਮਦਸਤੇ ਵਿਚੋਂ ਰਗੜੇ ਹੋਏ ਲਸਣ ਨੂੰ ਕਿਸੇ ਵੀ ਕੌਲੀ ਵਿਚ ਕੱਢ ਲਓ ਤੇ ਵਿਚ ਇਕ ਚਮਚਾ ਸ਼ਹਿਦ ਦਾ ਮਿਲਾ ਕੇ ਖਾ ਲਓ। ਫਿਰ ਗਰਮ ਪਾਣੀ ਦਾ ਇਕ ਵੱਡਾ ਗਲਾਸ ਲੈ ਕੇ, ਬੇਸ਼ੱਕ ਇਸ ਨਾਲ ਮਾਮਦਸਤਾ ਵੀ ਧੋ ਕੇ ਵਿਚ ਮਿਲਾ ਲਓ, ਪੀ ਜਾਓ। ਸਿਰਫ ਤਿੰਨ ਕੁ ਹਫਤੇ ਸਵੇਰੇ ਸਵੇਰੇ ਲਸਣ ਖਾਣ ਨਾਲ ਤੁਹਾਡਾ ਬਲੱਡ ਕਲਿਸਟਰੋਲ 5.19 ਜਾਣੀ ਕੇ ਨਾਰਮਲ ਹੋ ਜਾਵੇਗਾ। ਜੋ ਸੱਜਣ ਹਫਤਾ ਹਫਤਾ ਭਰ ਘਰੋਂ ਬਾਹਰ ਰਹਿੰਦੇ ਹਨ ਉਹ ਲਸਣ ਦੀਆਂ 10-12 ਪੋਥੀਆਂ ਛਿਲ ਕੇ ਕੱਚ ਦੀ ਸ਼ੀਸ਼ੀ ਵਿਚ ਪਾ ਲੈਣ ਅਤੇ ਪੰਜ ਸੱਤ ਚਮਚ ਸ਼ਹਿਦ ਦੇ ਮਿਲਾ ਲੈਣ। ਹਰ ਰੋਜ ਸਵੇਰੇ ਉੱਠ ਕੇ ਸ਼ਹਿਦ ਨਾਲ ਲਿਬੜੀਆਂ ਹੋਈਆਂ ਦੋ ਪੋਥੀਆਂ ਨੂੰ ਚੰਗੀ ਤਰਾਂ ਚਬਾ ਕੇ ਅੰਦਰ ਲੰਘਾ ਲੈਣ ਅਤੇ ਉਪਰੋਂ ਗਰਮ ਪਾਣੀ ਦਾ ਇਕ ਵੱਡਾ ਗਲਾਸ ਪੀਣ। 3-4 ਹਫਤਿਆਂ ਵਿਚ ਬਲੱਡ ਕਲਿਸਟਰੋਲ ਨਾਰਮਲ ਹੋ ਜਾਵੇਗਾ। ਛੇ ਕੁ ਮਹੀਨਿਆਂ ਬਾਅਦ ਹੁਣ ਮੈਂ ਫਿਰ ਲਸਣ ਖਾਣ ਦਾ ਇਹੀ ਤਰੀਕਾ ਵਰਤ ਕੇ ਦੋਬਾਰਾ ਆਪਣਾ ਖ਼ੂਨ ਟੈਸਟ ਕਰਾਵਾਂਗਾ। ਮੈਨੂੰ ਪੂਰਨ ਉਮੀਦ ਅਤੇ ਯਕੀਨ ਹੈ ਕਿ ਕੋਈ ਅਸਾਧਾਰਣ ਨਤੀਜਾ ਨਹੀਂ ਨਿਕਲੇਗਾ।

**ਅੰਤੜੀਆਂ ਨੂੰ ਖੋਲਣ ਦਾ ਤਰੀਕਾ:**

ਦੋ ਪਾਨ ਪੱਤੇ ਬੰਗਾਲੀ ਡੰਡਲ ਸਮੇਤ, ਉਂਗਲੀ ਦੇ ਪੋਟੇ ਜਿਤਨਾ ਅਧਰਕ ਅਤੇ ਦੋ ਪੋਥੀਆਂ ਲਸਣ ਦੀਆਂ ਲੈ ਕੇ ਪੱਥਰ ਦੇ ਕੂੰਡੇ-ਘੋਟਣੇ ਨਾਲ 15 ਕੁ ਮਿੰਟ ਰਗੜੋ। ਜਦੋਂ ਇਹ ਸਾਰਾ ਕੁੱਝ ਬਿਲਕੁਲ ਮਹੀਨ ਹੋ ਜਾਵੇ ਤਾਂ ਦੋ ਚਮਚ ਸ਼ਹਿਦ ਦੇ ਮਿਲਾ ਕੇ ਹੌਲੀ ਹੌਲੀ 40-45 ਮਿੰਟਾਂ ਵਿਚ ਇਸ ਨੂੰ ਉਂਗਲੀ ਨਾਲ ਚੱਟ ਕੇ ਅੰਦਰ ਲੰਘਾਓ। ਇਹ ਕੰਮ ਸਿਰਫ ਦਸ ਦਿਨ ਕਰਨ ਨਾਲ ਅੰਤੜੀਆਂ ਬਿਲਕੁੱਲ ਖੁਲ ਜਾਣਗੀਆਂ। ਸਾਹ ਦਾ ਚੜਨਾ ਵੀ ਬੰਦ ਹੋ ਜਾਵੇਗਾ, ਜਾਣੀਕੇ ਨਾਰਮਲ। ਇਸ ਨਾਲ ਟਰਿਗਲਿਸਰਾਈਡ ਵੀ ਨਾਰਮਲ ਹੁੰਦਾ ਹੈ। ਇਹ ਤਰੀਕਾ ਮੇਰੇ ਹੀ ਕਿਸੇ ਸੱਜਣ-ਮਿੱਤਰ ਨੇ ਅਜਮਾ ਕੇ ਦੇਖਿਆ ਹੈ।

ਇਕ ਹੋਰ ਵੀ ਤਰੀਕਾ ਹੈ ਅੰਤੜੀਆਂ ਨੂੰ ਖੋਲਣ ਦਾ, ਅਧਰਕ, ਲਸਣ, ਨਿੰਬੂ (ਪੀਲੇ ਵਾਲੇ) ਇਨਾਂ ਦਾ ਰਸ ਇਕੋ ਜਿਨੀ ਮਾਤਰਾ ਵਿਚ ਕੱਢਕੇ ਅਤੇ ਓਨੀ ਹੀ ਮਾਤਰਾ, ਮਤਲਬ ਅਧਰਕ ਜਾਂ ਨਿੰਬੂ ਜਾਂ ਲਸਣ ਦੇ ਰਸ, ਜਿਤਨਾ ਹੀ ਐਪਲ ਸਾਈਡਰ ਵੈਨੀਗਰ ਆਗਾਨਿਕ ਮਿਲਾ ਕੇ ਮੱਠੀ ਮੱਠੀ ਅੱਗ ਤੇ ਓਬਾਲੋ ਜਦੋਂ ਇਕ ਤਿਹਾਈ ਉੱਡ ਜਾਵੇ ਜਾਂ ਜਦੋਂ ਦੋ ਤਿਹਾਈ ਬਾਕੀ ਬੱਚ ਜਾਵੇ ਤਾਂ ਅੱਗ ਬੰਦ ਕਰ ਦਿਓ। ਠੰਡਾ ਹੋਣ ਉਪਰੰਤ ਆਪਣੀ ਮਰਜ਼ੀ ਅਨੁਸਾਰ ਸ਼ਹਿਦ ਮਿਲਾ ਕੇ ਕੱਚ ਦੀ ਬੋਤਲ ਵਿਚ ਪਾ ਲਓ। ਹਰ ਰੋਜ਼ ਸਵੇਰੇ ਸਵੇਰੇ ਨਿਰਣੇ ਕਾਲਜੇ ਦੋ-ਤਿੰਨ ਵੱਡੇ ਚਮਚ ਜਾਂ ਇਕ ਘੁੱਟ ਭਰ ਲਓ। ਇਕ ਜਾਂ ਦੋ ਮਹੀਨਿਆਂ ਬਾਅਦ ਖ਼ੂਨ ਚੈਕ ਕਰਵਾਓ। ਨਤੀਜਾ ਪਹਿਲੇ ਨਾਲੋਂ ਵਧੀਆ ਹੋਵੇਗਾ।

**ਭਾਰ ਘੱਟ ਕਰਨ ਦਾ ਤਰੀਕਾ:**

ਜ਼ੀਰਾ, ਅਜਵੈਣ ਅਤੇ ਅਲਸੀ ਦੇ ਬੀਜ਼, ਲਾਲ ਵਾਲੇ। ਜ਼ੀਰਾ ਤੇ ਅਜਵੈਣ ਇਕ ਇਕ ਚਮਚ ਅਤੇ ਅਲਸੀ ਦੇ ਬੀਜ਼ ਡੇਢ ਚਮਚ। ਮਤਲਬ ਅਲਸੀ ਦੀ ਮਾਤਰਾ ਦੂਜੀਆਂ ਦੋ ਚੀਜ਼ਾਂ ਨਾਲੋਂ ਡੇਢੀ ਰੱਖਣੀ ਹੈ। ਜੇਕਰ ਸਾਰੇ ਪ੍ਰੀਵਾਰ ਵਾਸਤੇ ਇਹ ਚੂਰਣ ਬਣਾਉਣਾ ਹੋਵੇ ਤਾਂ ਭਾਂਵੇਂ ਜਿਤਨਾ ਮਰਜ਼ੀ ਬਣਾਓ ਨਹੀਂ ਤਾਂ ਜ਼ੀਰਾ ਅਜਵੈਣ ਦੋ ਵੱਡੇ ਚਮਚ ਅਤੇ ਅਲਸੀ ਤੇ ਤਿੰਨ ਚਮਚ ਫਰਾਈਪੈਨ ਵਿਚ ਪਾ ਕੇ ਗਰਮ ਕਰੋ। ਇਸ ਸਾਰੇ ਕਾਸੇ ਨੂੰ ਭੁੰਨਣਾ ਨਹੀਂ। ਗਰਮ ਕਰਨ ਤੋਂ ਬਾਅਦ ਠੰਡਾ ਹੋਣ ਦਿਓ। ਫਿਰ ਗਰਾਈਂਡਰ ਵਿਚ ਪਾ ਕੇ ਜਿਤਨਾ ਮਹੀਨ ਹੋ ਸਕੇ ਕਰੋ। ਜਾਣੀ ਕੇ ਆਟੇ ਵਰਗਾ ਬਰੀਕ ਕਰ ਲਓ। ਇਸ ਨੂੰ ਕੱਚ ਦੀ ਸ਼ੀਸ਼ੀ ਵਿਚ ਪਾ ਕੇ ਰੱਖੋ। ਕਦੇ ਵੀ ਪਲਾਸਟਿਕ ਦੀ ਸ਼ੀਸ਼ੀ ਵਿਚ ਨਹੀਂ ਪਾਉਣਾ। ਸਵੇਰੇ ਸਵੇਰੇ ਨਿਰਣੇ ਕਾਲਜੇ ਇਕ ਛੋਟਾ ਚਮਚ (ਟੀ ਸਪੂਨ) ਗਰਮ ਗਰਮ ਪਾਣੀ ਦੇ ਵੱਡੇ ਗਲਾਸ ਨਾਲ ਅੰਦਰ ਲੰਘਾ ਲਓ। ਇਸ ਤਰਾਂ ਕੋਈ ਚਾਰ ਕੁ ਹਫਤੇ ਕਰੋ। ਫਿਰ ਦੋ ਹਫਤੇ ਨਹੀਂ ਲੈਣਾ। ਇਹੀ ਪ੍ਰਕ੍ਰਿਆ ਅਗਲੇ ਚਾਰ ਪੰਜ ਮਹੀਨੇ ਕਰੋ। ਪੰਜ ਛੇ ਮਹੀਨਆਂ ਬਾਅਦ 20-25 ਪੌਂਡ ਭਾਰ ਘੱਟ ਜਾਵੇਗਾ। ਸਿਰਫ ਇਸ ਗੱਲ ਦਾ ਖਿਆਲ ਰੱਖਣਾ ਹੈ ਕਿ ਠੰਡਾ ਪਾਣੀ ਅਤੇ ਕੋਲਡ ਡਰਿੰਕਸ ਨਹੀਂ ਲੈਣੀਆਂ। ਕੋਸ਼ਿਸ ਇਹ ਕਰੋ ਕਿ ਫਰਿਜ਼ ਵਿਚੋਂ ਕੱਢ ਕੇ ਕੁੱਝ ਵੀ ਨਹੀਂ ਖਾਣਾ ਪੀਣਾ।

**ਜੋੜਾਂ ਦੇ ਦਰਦਾਂ ਇਲਾਜ:**

ਜੈਤੂਨ ਦਾ ਤੇਲ (ਆਲੀਵ ਓਇਲ) ਰੀਫਾਇਨਡ ਨਹੀਂ ਲੈਣਾ। 250-300 ਗਰਾਮ ਜੈਤੂਨ ਦਾ ਤੇਲ ਇਕ ਕੱਚ ਦੀ ਸ਼ੀਸੀ ਵਿਚ ਪਾ ਲਓ। ਇਸ ਵਿਚ ਪੀਲੇ ਵਾਲੇ ਤਿੰਨ-ਚਾਰ ਨਿੰਬੂਆਂ ਦੀਆਂ ਸਿਰਫ ਛਿਲਾਂ ਕੱਟ ਕੇ ਪਾਓ। ਨਿੰਬੂਆਂ ਦਾ ਰਸ ਕੱਢ ਕੇ ਵਰਤ ਲਓ। ਮਤਲਬ ਰਸ ਤੇਲ ਵਿਚ ਨਹੀਂ ਪਾਉਣਾ। ਇਸ ਨੂੰ ਤਿੰਨ ਕੁ ਹਫਤੇ ਰਸੋਈ ਵਿਚ ਪਿਆ ਰਹਿਣ ਦਿਓ। ਫਿਰ ਛਾਨਣੀ ਨਾਲ ਛਾਣ ਲਓ। ਹੁਣ ਤੇਲ ਵਰਤਣ ਲਈ ਤਿਆਰ ਹੈ। ਤੇਲ ਵਿਚੋਂ ਕੱਢੀਆਂ ਛਿੱਲਾਂ ਸੁੱਟਣੀਆਂ ਨਹੀਂ। ਪਹਿਲਾਂ ਛਿੱਲਾਂ ਨੂੰ ਆਪਣੇ ਜੋੜਾਂ 'ਤੇ ਮਲ ਲਓ ਤੇ ਫਿਰ ਤੇਲ ਦੀ ਵਰਤੋ ਕਰੋ। ਹਫਤੇ ਕੁ ਦੇ ਅੰਦਰ ਅੰਦਰ ਇਸ ਦੇ ਨਤੀਜੇ ਤੁਹਾਨੂੰ ਮਹਿਸੂਸ ਹੋਣ ਲੱਗ ਪੈਣਗੇ।

647 966 3132, 810 449 1079

# ਗੁਰਦੁਆਰਾ ਸਾਹਿਬ ਫਰੀਮਾਂਟ

300 Gurdwara Road Fremont CA 94536



## ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਪ੍ਰਤੀ ਨਵੀਆਂ ਵੋਟਾਂ ਬਨਣੀਆਂ ਸ਼ੁਰੂ

## ਵੋਟਾਂ 26 ਜਨਵਰੀ, 2020 ਤੱਕ ਬਨਣਗੀਆਂ

**ਵੋਟਾਂ ਬਣਾਉਣ ਲਈ ਤਰੀਕਾਂ ਅਤੇ ਸਮੇਂ ਦਾ ਵੇਰਵਾ**

ਐਤਵਾਰ ਵਾਲੇ ਦਿਨ
15 ਦਸੰਬਰ, 22 ਦਸੰਬਰ, 29 ਦਸੰਬਰ, 2019
5 ਜਨਵਰੀ, 12 ਜਨਵਰੀ, 19 ਜਨਵਰੀ, 26 ਜਨਵਰੀ, 2020
(ਸਮਾਂ : ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ)

ਬੁੱਧਵਾਰ ਵਾਲੇ ਦਿਨ
11 ਦਸੰਬਰ, 18 ਦਸੰਬਰ, 25 ਦਸੰਬਰ, 2019
1 ਜਨਵਰੀ, 8 ਜਨਵਰੀ, 15 ਜਨਵਰੀ, 22 ਜਨਵਰੀ, 2020
(ਸਮਾਂ : ਸ਼ਾਮ 6 ਵਜੇ ਤੋਂ 8 ਵਜੇ ਤੱਕ)

### ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰੂ ਰੂਪ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 2020 ਵਿਚ ਹੋ ਰਹੀਆਂ ਹਨ ਅਤੇ ਚੋਣਾਂ ਵਿਚ ਉਹ ਮਾਈ ਭਾਈ ਹੀ ਹਿੱਸਾ ਲੈ ਸਕਦੇ ਹਨ ਜਿਨ੍ਹਾਂ ਨੇ ਗੁਰੂ ਘਰ ਦੀ ਮੈਂਬਰਸ਼ਿਪ ਰਜਿਸਟਰਡ ਕਰਵਾਈ ਹੋਵੇ। ਸਾਧ ਸੰਗਤ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਮੈਂਬਰ ਬਣੋ ਤਾਂ ਜੋ ਗੁਰੂ ਘਰ ਵਿਚ ਹੋਣ ਵਾਲੇ ਅਹਿਮ ਫ਼ੈਸਲਿਆਂ ਵਿਚ ਤੁਸੀਂ ਸ਼ਾਮਿਲ ਹੋ ਸਕੋ। ਇਸ ਕਰਕੇ ਉੱਪਰ ਦਿੱਤੀਆਂ ਤਰੀਕਾਂ ਅਤੇ ਸਮਾਂ ਅਨੁਸਾਰ ਪਹੁੰਚ ਕੇ ਆਪਣੀਆਂ ਵੋਟਾਂ ਬਣਵਾਓ।

### ਨਵੀਆਂ ਵੋਟਾਂ ਲਈ ਰਜਿਸਟ੍ਰੇਸ਼ਨ ਹੇਠ ਲਿਖੇ ਅਨੁਸਾਰ ਚੱਲੇਗੀ।

ਮੈਂਬਰਸ਼ਿਪ ਦੀ ਕੋਈ ਫੀਸ ਨਹੀਂ ਹੈ। ਮੈਂਬਰ ਬਨਣ ਲਈ ਹੇਠ ਲਿਖੀਆਂ ਸ਼ਰਤਾਂ ਜ਼ਰੂਰੀ ਹਨ ਅਤੇ ਆਪਣੀ ਰਿਹਾਇਸ਼ ਦਾ ਪਰੂਫ ਅਤੇ ਆਈ.ਡੀ. ਨਾਲ ਲੈ ਕੇ ਆਵੋ ਜੀ। (ਆਪਣੀ ਰਿਹਾਇਸ਼ ਦਾ ਪਰੂਫ ਕੇਵਲ ਉਨ੍ਹਾਂ ਵਿਅਕਤੀਆਂ ਲਈ ਲੈ ਕੇ ਆਉਣਾ ਜ਼ਰੂਰੀ ਹੈ ਜਿਨ੍ਹਾਂ ਦੀ ਆਈ.ਡੀ. ਉੱਪਰਲਾ ਐਡਰੈਸ ਮੌਜੂਦਾ ਐਡਰੈਸ ਤੋਂ ਅਲੱਗ ਹੈ। ਜੇਕਰ ਤੁਹਾਡੀ ਆਈ.ਡੀ. ਉੱਪਰਲਾ ਐਡਰੈਸ ਤੁਹਾਡੀ ਮੌਜੂਦਾ ਰਿਹਾਇਸ਼ ਵਾਲਾ ਹੈ ਤਾਂ ਤੁਹਾਨੂੰ ਆਪਣਾ ਪਰੂਫ ਲਿਆਉਣ ਦੀ ਜ਼ਰੂਰਤ ਨਹੀਂ ਹੈ।)

ਸ਼ਰਤਾਂ : ਸਿੱਖ ਹੋਣਾ ਲਾਜ਼ਮੀ ਹੈ। ਉਮਰ 18 ਸਾਲ ਤੋਂ ਉੱਪਰ ਹੋਵੇ, ਮੈਂਬਰ ਵਿਅਕਤੀ ਅੇਲਾਮੇਡਾ, ਸੈਂਟਾ ਕਲਾਰਾ, ਸੈਂਟਾ ਕਰੂਜ਼, ਸੋਲਾਨੋ, ਸੇਣ ਮੈਟੇਓ, ਸੈਨ ਫਰਾਂਸਿਸਕੋ ਅਤੇ ਕੌਂਟਰਾ ਕੋਸਟਾ ਕਾਊਂਟੀਆਂ ਦਾ ਵਸਨੀਕ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰਦੁਆਰਾ ਸਾਹਿਬ ਫਰੀਮਾਂਟ (510) 790-0177**



# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

BBB IATAN

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES
- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# SINGH TRANSPORT INC



ਓਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਢੁੱਕੇ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15. Almost 10 acres paved truck parking with approximately $32000 monthly income.** **$4,399,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ**
**ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




COVERED CALIFORNIA

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਸਰਬੱਤ ਖਾਲਸਾ ਅਤੇ ਰਵਾਇਤੀ ਜਥੇਦਾਰ ਕੌਮੀ ਮਸਲਿਆਂ 'ਤੇ ਇੱਕ-ਮੱਤ ਹਨ ਤਾਂ ਅੱਗੇ ਵੀ ਸਾਂਝੇ ਅਮਲ ਹੋਣ: ਸਿਮਰਨਜੀਤ ਸਿੰਘ ਮਾਨ

**ਫ਼ਤਹਿਗੜ੍ਹ ਸਾਹਿਬ/ ਏ.ਟੀ. ਨਿਊਜ਼** : "ਜਦੋਂ ਭਾਈ ਧਿਆਨ ਸਿੰਘ ਮੰਡ ਜਥੇਦਾਰ ਸਰਬੱਤ ਖ਼ਾਲਸਾ ਅਤੇ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਮੌਜੂਦਾ ਪੰਥਕ ਹਾਲਾਤਾਂ ਉਤੇ ਇਕੋ ਸੋਚ ਵਾਲੇ ਵਿਚਾਰਾਂ ਦਾ ਇਜਹਾਰ ਕਰ ਰਹੇ ਹਨ ਅਤੇ ਇਹ ਮਹਿਸੂਸ ਕਰ ਰਹੇ ਹਨ ਕਿ ਸਮੁੱਚੀ ਸਿੱਖ ਕੌਮ ਦੀ ਏਕਤਾ ਤੋਂ ਬਿਨਾਂ ਸਿੱਖ ਕੌਮ ਦੇ ਗੰਭੀਰ ਤੇ ਪੇਚੀਦਾ ਮਸਲਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ, ਫਿਰ ਦੋਵੇ ਜਥੇਦਾਰ ਸਾਹਿਬਾਨ ਅਗਲੇਰੀ ਅਮਲੀ ਕਾਰਵਾਈ ਵਿਚ ਹੋਰ ਦੇਰੀ ਬਿਲਕੁਲ ਨਾ ਕਰਨ ਅਤੇ ਸਿੱਖ ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਇਕੱਤਰ ਕਰਕੇ ਸਿੱਖ ਕੌਮ ਦੀ ਸੰਪੂਰਨ ਆਜ਼ਾਦੀ 'ਆਜ਼ਾਦ ਬਾਦਸ਼ਾਹੀ ਸਿੱਖ ਰਾਜ' ਵੱਲ ਫੌਰੀ ਕਦਮ ਉਠਾਉਣ ਤਾਂ ਕਿ ਹਿੰਦੂਤਵ ਹੁਕਮਰਾਨਾਂ ਵੱਲੋਂ ਸਿੱਖ ਕੌਮ ਅਤੇ ਘੱਟ ਗਿਣਤੀ ਕੌਮਾਂ ਉਤੇ ਤਾਨਾਸ਼ਾਹੀ ਸੋਚ ਅਧੀਨ ਕੀਤੇ ਜਾਂਦੇ ਆ ਰਹੇ ਜ਼ਬਰ ਤੋਂ ਸਥਾਈ ਤੌਰ ਤੇ ਨਿਜਾਤ ਦਿਵਾਈ ਜਾ ਸਕੇ ।

"ਇਹ ਵਿਚਾਰ ਸ਼ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੰਮੇਂ ਸਮੇਂ ਤੋਂ ਜਥੇਦਾਰ ਸਾਹਿਬਾਨ ਦੇ ਚੱਲਦੇ ਆ ਰਹੇ ਵਿਚਾਰਾਂ ਅਤੇ ਪਹਿਲੀ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਹਾਨ ਅਸਥਾਨ ਤੇ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਅਤੇ ਸ਼ਹੀਦ ਭਾਈ ਕੇਹਰ ਸਿੰਘ ਦੀ ਬਰਸੀ ਮੌਕੇ ਹਾਜਰ ਹੋ ਕੇ ਸਿੱਖ ਕੌਮ ਦੇ ਸੰਜੀਦਾ ਮਸਲਿਆ ਪ੍ਰਤੀ ਇਕੋ ਜਿਹੇ ਵਿਚਾਰ ਪ੍ਰਗਟਾਉਣ ਨੂੰ ਸੁਭ ਸਗਨ ਕਰਾਰ ਦਿੰਦੇ ਹੋਏ ਅਤੇ ਦੋਵੇ ਜਥੇਦਾਰ ਸਾਹਿਬਾਨ ਨੂੰ ਅਮਲੀ ਰੂਪ ਵਿਚ ਕੌਮ ਨੂੰ ਇਸ ਸੰਕਟ ਵਿਚੋਂ ਕੱਢਣ ਹਿੱਤ ਅਗਲੇਰੀ ਕਾਰਵਾਈ ਫੌਰੀ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਬਾਦਲ ਦਲੀਏ ਆਪਣੇ ਸਿਆਸੀ ਅਤੇ ਸਵਾਰਥੀ ਹਿੱਤਾ ਦੀ ਪੂਰਤੀ ਲਈ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਐਸ਼ਜੀਪੀਸੀਥ ਵਰਗੀਆ ਸੰਸਥਾਵਾਂ ਦੀ ਲੰਮੇਂ ਸਮੇਂ ਤੋਂ ਦੁਰਵਰਤੋਂ ਹੀ ਨਹੀਂ ਕਰਦੇ ਆ ਰਹੇ, ਬਲਕਿ ਇਨਾਂ ਸੰਸਥਾਵਾਂ ਰਾਹੀ ਸਿੱਖ ਕੌਮ ਨੂੰ ਗਰੁੱਪਾਂ ਵਿਚ ਵੰਡਣ ਅਤੇ ਭਰਾਮਾਰੂ ਜੰਗ ਨੂੰ ਉਤਸਾਹਿਤ ਕਰਕੇ ਹਿੰਦੂਤਵ ਤਾਕਤਾਂ ਦੀਆਂ ਸਾਜ਼ਿਸ਼ਾਂ ਨੂੰ ਨੇਪਰੇ ਚਾੜਨ ਦੇ ਕੌਮ ਵਿਰੋਧੀ ਦੁੱਖਦਾਇਕ ਅਮਲ ਕਰਦੇ ਆ ਰਹੇ ਹਨ । ਇਹੀ ਵਜਹ ਹੈ ਕਿ ਸਮੁੱਚੀ ਸਿੱਖ ਕੌਮ ਆਪਣੀਆ ਕੌਮੀ ਤੇ ਸਮਾਜਿਕ ਦਰਪੇਸ਼ ਆ ਰਹੇ ਮਸਲਿਆ ਨੂੰ ਹੱਲ ਕਰਨ ਅਤੇ ਸੰਪੂਰਨ ਆਜ਼ਾਦੀ ਪ੍ਰਾਪਤ ਕਰਨ ਲਈ ਇਕੱਤਰ ਨਹੀਂ ਹੋ ਰਹੀ । ਇਹ ਗੁਰੂ ਸਾਹਿਬ ਨੇ ਕਿਰਪਾ ਕਰਕੇ ਬਖ਼ਸ਼ਿਸ਼ ਕੀਤੀ ਹੈ ਕਿ ਉਪਰੋਕਤ ਸ਼ਹੀਦੀ ਸਮਾਗਮ ਉਤੇ ਦੋਵੇ ਜਥੇਦਾਰ ਸਾਹਿਬਾਨ ਨੇ



ਕੌਮਪ੍ਰਸਤੀ ਵਾਲੀ ਅਤੇ ਕੌਮ ਨੂੰ ਸਭ ਮੁਸ਼ਕਿਲਾਂ ਵਿਚੋਂ ਬਾਹਰ ਕੱਢਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਹਾਨ ਸੰਸਥਾ ਦੀ ਅਗਵਾਈ ਵਿਚ ਇਕੱਤਰ ਹੋਣ ਦੀ ਅਰਥ ਭਰਪੂਰ ਗੱਲ ਕੀਤੀ ਹੈ । ਜਿਸਦਾ ਇੰਡੀਆਂ ਅਤੇ ਵਿਦੇਸ਼ਾਂ ਵਿਚ ਬੈਠੇ ਸਭ ਸਿੱਖਾਂ ਨੂੰ ਜਿਥੇ ਸਵਾਗਤ ਕਰਨਾ ਬਣਦਾ ਹੈ, ਉਥੇ ਦੋਵੇ ਜਥੇਦਾਰ ਸਾਹਿਬਾਨ ਵੱਲੋਂ ਪ੍ਰਗਟਾਈ ਕੌਮੀ ਏਕਤਾ ਪੱਖੀ ਸੋਚ ਨੂੰ ਬਲ ਦੇਣ ਲਈ ਆਪਣਾ ਜਿਥੇ ਯੋਗਦਾਨ ਪਾਉਣਾ ਬਣਦਾ ਹੈ, ਉਥੇ ਜਥੇਦਾਰ ਸਾਹਿਬਾਨ ਨੂੰ ਵੀ ਇਸ ਦਿਸ਼ਾ ਵੱਲ ਕੋਈ ਵੀ ਅਜਿਹੀ ਕਮੀ ਨਹੀਂ ਰਹਿਣ ਦੇਣੀ ਚਾਹੀਦੀ ਜਿਸ ਨਾਲ ਕੌਮ ਆਪਣੇ ਨਿਸ਼ਾਨੇ ਅਤੇ ਆਪਣੀਆ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਸਮੂਹਿਕ ਰੂਪ ਵਿਚ ਇਕੱਤਰ ਹੋ ਸਕੇ ।

ਸ਼ ਮਾਨ ਨੇ ਸਿੱਖ ਕੌਮ ਅਤੇ ਜਥੇਦਾਰ ਸਾਹਿਬਾਨ ਨੂੰ ਸੁਬੋਧਿਤ ਹੁੰਦੇ ਹੋਏ ਕਿਹਾ ਕਿ ਪਹਿਲੇ ਹੁਕਮਰਾਨਾਂ ਨੇ ਯੂਪੀ ਵਿਚ 40-50 ਦੇ ਕਰੀਬ ਮੁਤੱਸਵੀ ਸੋਚ ਅਧੀਨ ਮੁਸਲਮਾਨਾਂ ਤੇ ਹਮਲੇ ਕੀਤੇ, ਅਸਾਮ ਵਿਚ 19 ਲੱਖ 60 ਹਜ਼ਾਰ ਉਨ੍ਹਾਂ ਮੁਸਲਮਾਨਾਂ ਨੂੰ ਜੋ ਬੀਤੇ ਲੰਮੇਂ ਸਮੇਂ ਤੋਂ ਇੰਡੀਆਂ ਦੇ ਨਾਗਰਿਕ ਹਨ, ਉਨ੍ਹਾਂ ਦੀ ਨਾਗਰਿਕਤਾ ਤੋਂ ਵਾਂਝੇ ਕਰਨ ਤੇ ਉਨ੍ਹਾਂ ਨੂੰ ਯਹੂਦੀਆ ਦੀ ਤਰਾਂ ਕੈਂਪਾਂ ਵਿਚ ਬੰਦ ਕਰਨ ਦੀ ਕਾਰਵਾਈ ਕੀਤੀ ਜੋ ਦੂਸਰੇ ਸੂਬਿਆ ਵਿਚ ਜਾਰੀ ਹੈ। ਇਸ ਉਪਰੰਤ ਸਿੱਖ ਕੌਮ ਦੀ ਵਾਰੀ ਆਵੇਗੀ, ਫਿਰ ਕਾਂਗਰਸੀਆ ਦੀ ਅਤੇ ਇਸੇ ਦੌਰਾਨ ਆਦਿਵਾਸੀਆ, ਕਬੀਲਿਆ, ਫਿਰਕਿਆ, ਰੰਘਰੇਟਿਆ, ਲਿੰਗਾਇਤਾਂ ਨੂੰ ਹਿੰਦੂਤਵ ਅਜਗਰ ਦੇ ਮੂੰਹ ਵਿਚ ਨਿਗਾਲਣ ਦੇ ਇਹ ਮੁਤੱਸਵੀ ਪ੍ਰੋਗਰਾਮ ਬਣਾਉਣਗੇ । ਅਜਿਹਾ ਜ਼ਾਬਰਨ ਸਮਾਂ ਸਾਡੇ ਉਤੇ ਆਵੇ, ਉਸ ਤੋਂ ਪਹਿਲੇ ਉਪਰੋਕਤ ਸਭ ਕਬੀਲਿਆ, ਫਿਰਕਿਆ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਪੱਖੀ ਸੋਚ ਅਧੀਨ ਇਕੱਤਰ ਕਰਕੇ ਇਹ ਹਿੰਦੂਤਵ ਰੂਪੀ ਅਜਗਰ ਨੂੰ ਇਸ ਧਰਤੀ ਤੋਂ ਖ਼ਤਮ ਕਰਨ ਲਈ ਸਾਨੂੰ ਸੰਜੀਦਗੀ ਨਾਲ ਅਮਲ ਕਰਨੇ ਪੈਣਗੇ, ਜਿਸ ਲਈ ਦੋਵੇ ਜਥੇਦਾਰ ਅੱਗੇ ਹੋ ਕੇ ਇਹ ਜ਼ਿੰਮੇਵਾਰੀ ਪੂਰਨ ਕਰਨ । ਮਾਨ ਨੇ ਇਹ ਉਮੀਦ ਪ੍ਰਗਟ ਕੀਤੀ ਕਿ ਜਥੇਦਾਰ ਭਾਈ ਧਿਆਨ ਸਿੰਘ ਮੰਡ ਅਤੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਹੀ ਮੌਕੇ ਉਤੇ ਸਹੀ ਸੋਚ ਅਧੀਨ ਪ੍ਰਗਟਾਏ ਗਏ ਆਪਣੇ ਇਕੋ ਜਿਹੇ ਵਿਚਾਰਾਂ ਨੂੰ ਅਮਲੀ ਰੂਪ ਦੇਣ ਲਈ, ਸਵਾਰਥੀ ਸਿਆਸਤਦਾਨਾਂ ਅਤੇ ਹੋਰ ਵਲਗਣਾ ਤੋਂ ਉਪਰ ਉੱਠਕੇ ਸਮੁੱਚੀ ਕੌਮ ਦੀ ਬਿਹਤਰੀ ਲਈ ਅਤੇ ਕੌਮੀ ਆਜ਼ਾਦੀ ਲਈ ਬਿਨਾਂ ਕਿਸੇ ਸਿਆਸੀ ਪ੍ਰਭਾਵ ਅਤੇ ਹੋਰ ਦੁਨਿਆਵੀ ਵਰਤਾਰਿਆ ਤੋਂ ਨਿਰਲੇਪ ਰਹਿਕੇ ਜਲਦੀ ਹੀ ਸਾਂਝਾ ਉਦਮ ਕਰਦੇ ਹੋਏ ਕੌਮ ਨੂੰ ਦਰਪੇਸ਼ ਆ ਰਹੀਆ ਮੁਸ਼ਕਿਲਾਂ ਵਿਚੋਂ ਆਪਣੀ ਵਿਦਵਤਾ ਨਾਲ ਸੁਰਖ਼ਰ ਕਰਨਗੇ ਅਤੇ ਆਪਣੀ ਆਖ਼ਰੀ ਮੰਜ਼ਿਲ ਕੌਮੀ ਆਜ਼ਾਦੀ ਵੱਲ ਵੱਧਣਗੇ ।

## ਕੈਨੇਡਾ 'ਚ ਟਰੂਡੋ ਸਰਕਾਰ ਲਈ ਜੁਲਾਈ ਤੋਂ ਵਧੇਗੀ ਚੁਣੌਤੀ

**ਟੋਰਾਂਟੋ/ਏ.ਟੀ.ਨਿਊਜ਼ :** ਕੈਨੇਡਾ 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੀ ਲਿਬਰਲ ਪਾਰਟੀ ਦੀ ਘੱਟ-ਗਿਣਤੀ ਸਰਕਾਰ ਚਲਾ ਰਹੇ ਹਨ ਅਤੇ ਵਿਰੋਧੀ ਧਿਰ ਕਮਜ਼ੋਰ ਹੋਣ ਕਾਰਨ ਅਜੇ ਉਨ੍ਹਾਂ ਨੂੰ ਕਿਸੇ ਚੁਣੌਤੀ ਦਾ ਸਾਹਮਣਾ ਨਹੀਂ ਹੈ । ਅਗਲੇ ਛੇ ਕੁ ਮਹੀਨੇ ਕੋਈ ਵੱਡੀ ਚੁਣੌਤੀ ਬਣਨ ਦੀ ਸੰਭਾਵਨਾ ਵੀ ਨਹੀਂ ਹੈ । ਵਿਰੋਧੀ ਧਿਰ, ਕੰਜ਼ਰਵੇਟਿਵ ਪਾਰਟੀ ਕੋਲ ਅਜੇ ਨਵਾਂ ਆਗੂ ਨਹੀਂ ਹੈ ਅਤੇ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਦੀ ਆਰਥਿਕਤਾ ਡਾਵਾਂਡੋਲ ਹੋਣ ਕਾਰਨ ਉਹ ਟਰੂਡੋ ਸਰਕਾਰ ਦੀ ਸ਼ਬਦੀ ਆਲੋਚਨਾ ਤੋਂ ਵੱਧ ਬਹੁਤਾ ਕੁਝ ਕਰਨ ਦੇ ਸਮਰੱਥ ਨਹੀਂ । ਕੈਨੇਡਾ ਦੇ ਹਾਊਸ ਆਫ ਕਾਮਨਜ਼ (ਲੋਕ ਸਭਾ) ਦਾ 2020 ਦਾ ਪਹਿਲਾ ਸੈਸ਼ਨ 27 ਜਨਵਰੀ ਨੂੰ ਸ਼ੁਰੂ ਹੋਵੇਗਾ ਅਤੇ 23 ਜੂਨ ਤੱਕ ਚੱਲਦਾ ਰਹੇਗਾ ਪਰ ਉਸ ਸੈਸ਼ਨ ਦੌਰਾਨ ਕੰਜ਼ਰਵੇਟਿਵ ਪਾਰਟੀ ਆਗੂ ਦੀ ਘਾਟ ਕਾਰਨ ਸਰਕਾਰ ਨੂੰ ਭੰਗ ਕਰਵਾ ਕੇ ਚੋਣਾਂ 'ਚ ਕੁੱਦਣ ਦਾ ਕਦਮ ਨਹੀਂ ਉਠਾ ਸਕੇਗੀ। ਇਹ ਵੀ ਕਿ ਬਲਾਕ ਕਿਊਬਕ ਦਾ ਲਿਬਰਲ ਪਾਰਟੀ ਨੂੰ ਸਮਰਥਨ ਮਿਲਦਾ ਹੋਣ ਕਾਰਨ ਦੂਸਰੀਆਂ ਪਾਰਟੀਆਂ (ਕੰਜ਼ਰਵੇਟਿਵ ਅਤੇ ਐਨ.ਡੀ.ਪੀ.) ਦਾ ਵਿਰੋਧ ਬਹੁਤਾ ਅਸਰਦਾਰ ਨਹੀਂ ਹੋਵੇਗਾ, ਕਿਉਂਕਿ ਸਰਕਾਰ ਨੂੰ ਡੇਗਿਆ ਨਹੀਂ ਜਾ ਸਕੇਗਾ। ਕੰਜ਼ਰਵੇਟਿਵ ਪਾਰਟੀ ਵਲੋਂ ਬੀਤੇ ਮਹੀਨੇ ਅਪ੍ਰੈਲ 2020 'ਚ ਕੀਤੀ ਜਾਣ ਵਾਲੀ ਆਗੂ ਦੀ ਚੋਣ ਮੁਲਤਵੀ ਕਰਨ ਪਰ ਨਵੀਂ ਤਰੀਕ ਤਹਿ ਨਾ ਕਰਨ ਨਾਲ ਅਜਿਹੇ ਸੰਕੇਤ ਮਿਲਣ ਲੱਗੇ ਸਨ ਕਿ ਇਸ ਸਾਰੇ ਸਾਲ ਦੌਰਾਨ ਸ੍ਰੀ ਟਰੂਡੋ ਨੂੰ ਕਿਸੇ ਚੁਣੌਤੀ ਦਾ ਸਾਹਮਣਾ ਨਹੀਂ ਹੋਵੇਗਾ । ਤਾਜ਼ਾ ਸੂਚਨਾ ਅਨੁਸਾਰ ਹੁਣ ਕੰਜ਼ਰਵੇਟਿਵ ਪਾਰਟੀ ਅੰਦਰ ਸਰਗਰਮੀ ਵਧ ਚੁੱਕੀ ਹੈ ਅਤੇ ਲੰਬਾ ਸਮਾਂ ਟਰੂਡੋ ਸਰਕਾਰ ਨੂੰ ਚੁਣੌਤੀ ਨਾ ਦੇ ਸਕਣ ਤੋਂ ਗੁਰੇਜ਼ ਕਰਨ ਦੀ ਨੀਤੀ ਅਪਣਾਈ ਜਾਣ ਲੱਗੀ ਹੈ । ਬੀਤੇ ਸ਼ੁੱਕਰਵਾਰ ਨੂੰ ਨਵੇਂ ਆਗੂ ਦੀ ਚੋਣ ਦੀ ਤਰੀਕ 27 ਜੂਨ ਤਹਿ ਕਰ ਦਿੱਤੀ ਗਈ ਹੈ । ਪਾਰਟੀ ਦੀ ਲੀਡਰਸ਼ਿਪ ਕਨਵੈਂਸ਼ਨ ਟੋਰਾਂਟੋ ਵਿਖੇ ਹੋਵੇਗੀ ਅਤੇ 27 ਜੂਨ ਨੂੰ ਮੌਜੂਦਾ ਕੰਮ-ਚਲਾਊ ਆਗੂ ਐਂਡਰੀਊ ਸ਼ੀਅਰ ਦੀ ਜਗਾ ਨਵੇਂ ਆਗੂ ਦੀ ਚੋਣ ਕੀਤੀ ਜਾਵੇਗੀ । ਇਸ ਦਾ ਭਾਵ ਹੈ ਕਿ 23 ਜੂਨ ਤੱਕ ਚੱਲਣ ਵਾਲਾ ਹਾਊਸ ਆਫ ਕਾਮਨਜ਼ ਦਾ ਸੈਸ਼ਨ ਵਿਰੋਧੀ ਪਾਰਟੀਆਂ ਦੇ ਬਿਨਾ ਕਿਸੇ ਵੱਡੇ ਰਾਜਨੀਤਕ ਵਿਘਨ ਤੋਂ ਚੱਲਦਾ ਰਹੇਗਾ। ਪਰ ਜੁਲਾਈ ਅਤੇ ਅਗਸਤ ਦੀਆਂ ਛੁੱਟੀਆਂ ਤੋਂ ਬਾਅਦ 21 ਸਤੰਬਰ 2020 ਨੂੰ ਸ਼ੁਰੂ ਹੋਣ ਵਾਲ਼ੇ ਸੈਸ਼ਨ 'ਚ ਕੰਜ਼ਰਵੇਟਿਵ ਪਾਰਟੀ ਆਪਣੇ ਨਵੇਂ ਆਗੂ ਦੀ ਅਗਵਾਈ 'ਚ ਵੱਧ ਮਜ਼ਬੂਤ ਹੋ ਕੇ ਸਾਹਮਣੇ ਆ ਜਾਵੇਗੀ।



ਇਸੇ ਦੌਰਾਨ ਅੱਧੀ ਦਰਜਨ ਦੇ ਕਰੀਬ ਸੰਭਾਵੀ ਉਮੀਦਵਾਰਾਂ ਦੇ ਨਾਵਾਂ ਦੀ ਚਰਚਾ ਚੱਲ ਰਹੀ ਹੈ ਜੋ ਪਾਰਟੀ ਦੇ ਆਗੂ ਬਣਨਾ ਚਾਹੁੰਦੇ ਹਨ । ਪਾਰਟੀ ਦਾ ਆਗੂ ਬਣਨ ਦੀ ਚੋਣ ਵਾਸਤੇ ਉਮੀਦਵਾਰ ਬਣਨਾ ਸੌਖਾ ਨਹੀਂ ਹੈ ਕਿਉਂਕਿ ਨਵੇਂ ਨਿਯਮਾਂ ਅਨੁਸਾਰ ਲੀਡਰਸ਼ਿਪ ਉਮੀਦਵਾਰੀ ਦੀ ਫੀਸ 3 ਲੱਖ ਡਾਲਰ ਅਤੇ 3000 ਸਮਰਥਕਾਂ ਦੇ ਦਸਤਖ਼ਤਾਂ ਦੀ ਲੋੜ ਹੋ ਸਕਦੀ ਹੈ। 2017 ਦੀ ਚੋਣ 'ਚ ਪਾਰਟੀ ਦੇ ਆਗੂ ਬਣਨ ਲਈ ਉਮੀਦਵਾਰ ਬਣਨ ਵਾਸਤੇ ਫੀਸ ਇਕ ਲੱਖ ਡਾਲਰ ਸੀ ਅਤੇ ਸਿਰਫ਼ 300 ਦਸਤਖ਼ਤਾਂ ਦੀ ਜ਼ਰੂਰਤ ਸੀ । ਚੋਣ ਵਾਸਤੇ ਨਿਰਧਾਰਤ ਸਾਰੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਉਮੀਦਵਾਰਾਂ ਨੂੰ 50 ਫ਼ੀਸਦੀ ਫ਼ੀਸ ਵਾਪਸ ਮਿਲ ਸਕਦੀ ਸੀ। ਅਗਲੇ ਹਫ਼ਤਿਆਂ ਦੌਰਾਨ ਚੋਣ ਦੇ ਨਿਯਮਾਂ ਨੂੰ ਆਖ਼ਰੀ ਰੂਪ ਦਿੱਤਾ ਜਾਵੇਗਾ ਅਤੇ ਕੰਜ਼ਰਵੇਟਿਵ ਪਾਰਟੀ ਦੀ ਇਹ ਚੋਣ ਚਰਚਾ ਵਿੱਚ ਬਣੀ ਰਹੇਗੀ।

## ਭਾਰਤੀ ਮੂਲ ਦੀ ਅਰਚਨਾ ਰਾਓ ਅਤੇ ਦੀਪਾ ਅੰਬੇਕਰ ਨਿਊਯਾਰਕ ਸਿਟੀ ਕੋਰਟ 'ਚ ਜੱਜ ਨਿਯੁਕਤ



**ਨਿਊਯਾਰਕ/ਏ.ਟੀ.ਨਿਊਜ਼:** ਭਾਰਤੀ ਮੂਲ ਦੀਆਂ ਦੋ ਔਰਤਾਂ ਨੂੰ ਨਿਊਯਾਰਕ ਸਿਟੀ ਦੇ ਕ੍ਰਿਮੀਨਲ ਅਤੇ ਸਿਵਲ ਕੋਰਟ ਦਾ ਜੱਜ ਨਿਯੁਕਤ ਕੀਤਾ ਗਿਆ ਹੈ । ਨਿਊਯਾਰਕ ਸਿਟੀ ਦੇ ਮੇਅਰ ਬਿਲ ਡੀ ਬਲਾਸਿਓ ਨੇ ਜਿਥੇ ਜੱਜ ਅਰਚਨਾ ਰਾਓ ਨੂੰ ਕ੍ਰਿਮੀਨਲ ਕੋਰਟ 'ਚ ਨਿਯੁਕਤ ਕੀਤਾ ਹੈ, ਉਥੇ ਜੱਜ ਦੀਪਾ ਅੰਬੇਕਰ (43) ਨੂੰ ਸਿਵਲ ਕੋਰਟ 'ਚ ਪੁਨਰ ਨਿਯੁਕਤ ਕੀਤਾ ਹੈ । ਅਰਚਨਾ ਰਾਓ ਜਨਵਰੀ 2019 'ਚ ਪਹਿਲੀ ਵਾਰ ਸਿਵਰ ਕੋਰਟ 'ਚ ਅੰਤਰਿਮ ਜੱਜ ਨਿਯੁਕਤ ਕੀਤੀ ਗਈ ਸੀ। ਉਨ੍ਹਾਂ ਨੇ ਨਿਊਯਾਰਕ ਕਾਊਂਟੀ ਡਿਸਟ੍ਰਿਕ ਅਟਾਰਨੀ ਦਫ਼ਤਰ 'ਚ 17 ਸਾਲ ਤੱਕ ਸੇਵਾਵਾਂ ਦਿੱਤੀਆਂ ਸਨ । ਉਹ ਵਿੱਤੀ ਧੋਖਾਧੜੀ ਬਿਊਰੋ ਦੀ ਬਿਊਰੋ ਮੁਖੀ ਵੀ ਰਹੀ ਹੈ । ਅੰਬੇਕਰ ਪਹਿਲੀ ਵਾਰ ਮਈ 2018 'ਚ ਸਿਵਲ ਕੋਰਟ 'ਚ ਅੰਤਰਿਮ ਜੱਜ ਬਣੀ ਸੀ । ਉਹ ਕਮਿਟੀ ਆਨ ਪਬਲਿਕ ਸੇਫ਼ਟੀ 'ਚ ਸੀਨੀਅਰ ਲੈਜ਼ੀਸਲੇਟਿਵ ਅਟਾਰਨੀ ਅਤੇ ਕਾਊਂਸਲ ਵੀ ਰਹਿ ਚੁੱਕੀ ਹੈ । ਉਸ ਨੇ ਮਿਸ਼ੀਗਨ ਯੂਨੀਵਰਸਿਟੀ ਤੋਂ ਗਰੈਜੂਏਟ ਅਤੇ ਰੂਟਗਰਸ ਲਾਅ ਸਕੂਲ ਤੋਂ ਡਾਕਟਰੇਟ ਡਿਗਰੀ ਹਾਸਿਲ ਕੀਤੀ ਹੈ ।

## ਢਾਡੀ ਈਦੂ ਸ਼ਰੀਫ਼ ਦਾ ਦੇਹਾਂਤ

**ਪੰਚਕੂਲਾ/ਏ.ਟੀ. ਨਿਊਜ਼ :** ਉੱਘੇ ਸੂਫ਼ੀ ਢਾਡੀ ਈਦੂ ਸ਼ਰੀਫ਼ ਦਾ ਦੇਹਾਂਤ ਹੋ ਗਿਆ। ਮਨੀਮਾਜਰਾ ਸਥਿਤ ਆਪਣੀ ਰਿਹਾਇਸ਼ 'ਤੇ ਉਨ੍ਹਾਂ ਆਖ਼ਰੀ ਸਾਹ ਲਏ। 70 ਸਾਲਾ ਈਦੂ ਲੰਮੇ ਸਮੇਂ ਤੋਂ ਅਧਰੰਗ ਤੋਂ ਪੀੜਤ ਸਨ। ਮਰਹੂਮ ਈਦੂ ਦੇ ਬੇਟੇ ਸੁੱਖੀ ਖਾਨ ਨੇ ਦੱਸਿਆ ਕਿ ਈਦੂ 4 ਸਾਲ ਤੋਂ ਮੰਜੇ 'ਤੇ ਹੀ ਸਨ ਤੇ ਇਲਾਜ ਚੱਲ ਰਿਹਾ ਸੀ। ਕੁਝ ਦਿਨਾਂ ਤੋਂ ਹਾਲਤ ਜ਼ਿਆਦਾ ਮਾੜੀ ਹੋ ਗਈ ਸੀ ਤੇ ਕੁਝ ਖਾ-ਪੀ ਵੀ ਨਹੀਂ ਰਹੇ ਸਨ। ਈਦੂ ਸ਼ਰੀਫ਼ ਲੰਮਾ ਸਮਾਂ ਨਾਰਥ ਜ਼ੋਨ ਕਲਚਰਲ ਸੈਂਟਰ ਨਾਲ ਵੀ ਜੁੜੇ ਰਹੇ। ਈਦੂ ਦੇ ਗਾਏ ਗੀਤ ਤੇ ਵਜਾਈ ਸਾਰੰਗੀ ਵਿਚ ਅਜਿਹਾ ਜਾਦੂ ਸੀ ਕਿ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਡੇਢ ਘੰਟਾ ਖੜ੍ਹੇ ਹੋ ਕੇ ਉਸ ਨੂੰ ਸੁਣਦੇ ਰਹੇ। ਉਨ੍ਹਾਂ ਦਾ ਸਬੰਧ ਮਹਾਰਾਜਾ ਪਟਿਆਲਾ ਦੇ ਸ਼ਾਹੀ ਸੰਗੀਤਕ ਘਰਾਣੇ ਨਾਲ ਵੀ ਸੀ। ਭਾਰਤ ਉਤਸਵ ਵੇਲੇ ਈਦੂ ਨੂੰ ਮਿਊਜ਼ਿਕ ਟਾਈਮਜ਼ ਨੇ ਰਿਕਾਰਡ ਕੀਤਾ ਸੀ। ਉਸ ਦੀ ਗਾਈ ਹੀਰ ਦੀ ਕਲੀ ਦਾ ਕੋਈ ਜੋੜ ਨਹੀਂ ਸੀ। ਉਸ ਦੇ ਬੀਮਾਰ ਪੈਣ ਤੇ ਪਰਿਵਾਰ ਦੀ ਮਾੜੀ ਆਰਥਿਕ ਸਥਿਤੀ ਕਾਰਨ ਸਮੇਂ-ਸਮੇਂ ਦੋਸਤ ਤੇ ਪ੍ਰਸ਼ੰਸਕ ਮਦਦ ਕਰਦੇ ਰਹੇ। ਮਰਹੂਮ ਜਗਦੇਵ ਸਿੰਘ ਜੱਸੋਵਾਲ ਨਾਲ ਵੀ ਈਦੂ ਦੀ ਲੰਮੀ ਸਾਂਝ ਰਹੀ। ਈਦੂ ਆਖ਼ਰੀ ਸਾਹਾਂ ਤੱਕ ਆਪਣੇ ਗੀਤਾਂ 'ਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਹੀ ਪ੍ਰਫੁੱਲਤ ਕਰਦੇ ਰਹੇ।



# ਬੜਾ ਲਾਸਾਨੀ ਏ ਤਰਨ ਤਾਰਨ ਦਾ ਇਤਿਹਾਸਕ ਵਿਰਸਾ

**-ਪਰਮਜੀਤ ਸਿੰਘ**

ਤਰਨ ਤਾਰਨ ਇਤਿਹਾਸਕ, ਧਾਰਮਿਕ ਤੇ ਸਭਿਆਚਾਰਕ ਪੱਖੋਂ ਵੱਖਰੀ ਦਿੱਖ ਵਾਲਾ ਸ਼ਹਿਰ ਹੈ। ਇਹਦਾ ਇਤਿਹਾਸਕ ਵਿਰਸਾ ਬੜਾ ਲਾਸਾਨੀ ਹੈ। ਉਦਾਸੀ ਸੰਪਰਦਾਇ ਦੇ ਮੋਢੀ ਗੁਰੂ ਨਾਨਕ ਸਾਹਿਬ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੂੰ ਵੀ ਇਹ ਧਰਤੀ ਬੜੀ ਪਸੰਦ ਸੀ ਤੇ ਉਹ ਕਈ ਸਾਲ ਇਥੇ ਤਪ ਕਰਦੇ ਰਹੇ। ਉਨਾਂ ਦੀ ਯਾਦ ਵਿਚ ਅੱਜ ਵੀ ਪਰਿਕਰਮਾ ਦੀ ਉੱਤਰੀ ਬਾਹੀ ਵਿਚ ਇਕ ਸਥਾਨ ਮੌਜੂਦ ਹੈ, ਜਿਥੇ ਉਨਾਂ ਦਾ ਲਾਇਆ ਇਕ ਖੂਹ ਵੀ ਹੈ। ਮੌਜੂਦਾ ਤਰਨ ਤਾਰਨ ਦੀ ਨੀਂਹ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰੱਖੀ ਸੀ। ਪਹਿਲਾਂ, ਪਹਿਲ ਇਥੇ ਜੰਗਲੀ ਇਲਾਕਾ ਸੀ ਤੇ ਕੇਵਲ ਇਕ ਛੰਭ ਸੀ, ਜਿਥੇ ਅੱਜ ਕੱਲ ਸਰੋਵਰ ਮੌਜੂਦ ਹੈ। ਪ੍ਰਸਿੱਧ ਫਾਰਸੀ ਵਿਦਵਾਨ ਬੂਟੇ ਸ਼ਾਹ ਤਾਰੀਖ਼-ਏ-ਪੰਜਾਬ ਵਿਚ ਲਿਖਦਾ ਹੈ:-

-ਇਸ ਦੁਆਬੇ ਬਾਰੀ ਵਿਖੇ ਮਾਝਾ ਇਕ ਜੁਦਾ ਹੀ ਮੁਲਖ ਹੈ ਕਿ ਜਿਥੇ ਖੂਹੇ, ਨਦੀ, ਨਾਲੇ ਕਿਧਰੇ ਨਹੀਂ ਹਨ, ਪਰ ਢੱਕ ਘਰ ਕੰਡਿਆਲੇ ਦਰੱਖਤਾਂ ਦਾ ਅਜਿਹਾ ਜੰਗਲ ਹੈ, ਜੋ ਬਾਜੀ ਜਗਾ ਤੇ ਅਸਵਾਰ ਨੂੰ ਵੀ ਲੰਘਣਾ ਬਹੁਤ ਔਖਾ ਹੋ ਜਾਂਦਾ ਹੈ,ਇਸ ਕਰਕੇ ਇਸ ਮੁਲਖ ਦੇ ਜ਼ਿਮੀਂਦਾਰ, ਜੋ ਬਹੁਤੇ ਹਿੰਦੂ ਹਨ, ਲਾਹੌਰ ਦੇ ਸੂਬੇ ਕੋਲੋਂ ਆਕੀ ਹੁੰਦੇ, ਘਰ ਧਾੜੇ ਮਾਰਦੇ ਰਹੇ ਹਨ ਅਤੇ ਉਨਾਂ ਉਪਰ ਕੋਈ ਸਹਿਜੇ ਹੱਥ ਨਹੀਂ ਪਾ ਸਕਿਆ।

ਗੁਰੂ ਜੀ ਦੇ ਆਉਣ ਤੋਂ ਪਹਿਲਾਂ ਇਸ ਇਲਾਕੇ ਵਿਚ ਖਾਨਾਜੰਗੀ ਦਾ ਦੌਰ ਸੀ ਅਤੇ ਪਲਾਸੌਰ ਦੇ ਰੰਘੜਾਂ ਤੇ ਹੋਰ ਇਰਦ-ਗਿਰਦ ਦੇ ਪਿੰਡਾਂ ਦੇ ਵਸਨੀਕਾਂ ਵਿਚ ਆਮ ਦੰਗਾ-ਫਸਾਦ ਹੁੰਦਾ ਰਹਿੰਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਥੇ ਆਉਣ ਦੇ ਕਈ ਕਾਰਨ ਦੱਸੇ ਜਾਂਦੇ ਹਨ ਪਰ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪ੍ਰਿਥੀ ਚੰਦ ਦੇ ਵਿਰੋਧ ਨੂੰ ਦੇਖ ਕੇ ਗੁਰੂ ਜੀ ਅੰਮ੍ਰਿਤਸਰ ਦੀ ਸੇਵਾ ਸੰਭਾਲ ਕੁਝ ਪ੍ਰਮੁੱਖ ਸਿੱਖਾਂ ਨੂੰ ਸੌਂਪ ਕੇ ਆਪ ਇਲਾਕੇ ਦੀਆਂ ਸੰਗਤਾਂ 'ਚ ਵਿਚਰਨ ਲੱਗੇ। ਬਾਬਾ ਬੁੱਢਾ ਜੀ ਪਾਸ ਭਾਈ ਹੰਦਾਲ ਨੇ ਬੇਨਤੀ ਕੀਤੀ, 'ਮੇਰੀ ਇੱਛਾ ਹੈ ਕਿ ਗੁਰੂ ਜੀ ਮੇਰੇ ਨਾਲ ਚੱਲਣ।' ਬਾਬਾ ਬੁੱਢਾ ਜੀ ਦੇ ਆਖਣ 'ਤੇ ਗੁਰੂ ਜੀ ਨੇ ਭਾਈ ਹੰਦਾਲ ਨਾਲ ਜੰਡਿਆਲੇ ਜਾਣਾ ਪ੍ਰਵਾਨ ਕਰ ਲਿਆ। ਇਥੇ ਕਈ ਦਿਨ ਰਹੇ ਤੇ 1590 ਈਸਵੀ ਨੂੰ ਵੈਸਾਖ ਚੜਦੇ ਕਈਆਂ ਪਿੰਡਾਂ ਦੀਆਂ ਸੰਗਤਾਂ ਨੂੰ ਤਾਰਦੇ ਖਾਰੇ ਜਾ ਉਤਰੇ।

ਇਕ ਦਿਨ ਸੈਰ ਕਰਦੇ ਗੁਰੂ ਜੀ ਉਸ ਸੁਹਾਵਣੇ ਜੰਗਲ ਵਿਚ ਆ ਨਿਕਲੇ ਜਿਥੇ ਮੌਜੂਦਾ ਤਰਨ ਤਾਰਨ ਹੈ। ਇਥੇ ਸਾਫ਼ ਜਲ ਦਾ ਭਰਿਆ ਇਕ ਛੰਭ ਸੀ, ਜਿਸ ਵਿਚ ਚਰਵਾਹੇ ਟੁੱਭੀਆਂ ਲਾ ਰਹੇ ਸਨ। ਚੌਧਰੀ ਟੇਕੂ ਨੇ ਝਿੜਕ ਕੇ ਮੁੰਡਿਆਂ ਨੂੰ ਆਖਿਆ- ਕਿਤੇ ਡੁੱਬ ਨਾ ਜਾਇਓ। ਮੁੰਡਿਆਂ ਜਵਾਬ ਦਿੱਤਾ- ਗੁਰੂ ਸੰਸਾਰ ਸਮੁੰਦਰ ਤੋਂ ਤਾਰਦੇ ਹਨ, ਇਥੇ ਕਿਉਂ ਡੁੱਬਣ ਦੇਣਗੇ। ਅਸੀਂ ਤਰਨਾ ਜਾਣਦੇ ਹਾਂ। ਇਹ ਗੱਲਾਂ ਸੁਣ ਕੇ ਗੁਰੂ ਜੀ ਕੋਲ ਖੜੀ ਸੰਗਤ ਵਿਚ ਚਰਚਾ ਹੋਣ ਲੱਗ ਪਈ। ਗੁਰੂ ਜੀ ਕਿਰਪਾਲਤਾ ਭਰੀ ਨਿਗਾ ਨਾਲ ਇਧਰ ਓਧਰ ਦੇਖ ਰਹੇ ਸਨ ਕਿ ਇਕ ਲੰਗੜਾ ਕਾਂ ਆਇਆ ਤੇ ਛੰਭ ਵਿਚ ਟੁੱਭੀ ਮਾਰਨ 'ਤੇ ਨਰੋਆ ਹੋ ਗਿਆ। ਗੁਰੂ ਜੀ ਨੇ ਇਹ ਕੌਤਕ ਵੇਖ ਕੇ ਸਰੋਵਰ ਰਚਣ ਦਾ ਮਨ ਬਣਾਇਆ।

ਉਂਜ ਤਰਨ ਤਾਰਨ ਸ਼ਹਿਰ ਵਸਾਉਣ ਦਾ ਮੁੱਖ ਕਾਰਨ ਸਿੱਖੀ ਦਾ ਪ੍ਰਚਾਰ ਜਾਪਦਾ ਹੈ ਕਿਉਂਕਿ ਇਸ ਧਰਤੀ ਨੂੰ ਮਾਝੇ ਦੀ ਧੁੰਨੀ ਕਿਹਾ ਜਾਂਦਾ ਹੈ। ਇਸ ਲਈ ਇਸ ਕੇਂਦਰੀ ਇਲਾਕੇ ਵਿਚ ਪ੍ਰਚਾਰ ਦੀ ਲੋੜ ਹੀ ਮੁੱਖ ਜਾਪਦੀ ਹੈ। ਤਰੀਖ-ਏ-ਪੰਜਾਬ ਵਿਚ ਬੂਟੇ ਸ਼ਾਹ ਲਿਖਦਾ ਹੈ:-

-ਇਸ ਮੁਲਖ ਦੀ ਪੂਰਬੀ ਹੱਦ ਵੈਰੋਵਾਲ, ਜੋ ਦਰਿਆਉ, ਬਿਆਸ ਦੇ ਕੰਢੇ ਹੈ ਅਤੇ ਪੱਛਮੀ ਹੱਦ ਸ਼ਹਿਰ ਲਾਹੌਰ ਅਤੇ ਉੱਤਰ ਦੀ ਹੱਦ ਸ਼ਹਿਰ ਅੰਮ੍ਰਿਤਸਰ ਅਤੇ ਉਸ ਦੇ ਦੱਖਣ ਬੰਨੇ ਸ਼ਹਿਰ ਕਸੂਰ ਹੈ।

ਇੰਜ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦੇ ਚਾਰੇ ਪਾਸੇ ਪੁਰਾਣੇ ਨਗਰ ਵਸੇ ਹੋਏ ਸਨ ਤੇ ਇਨਾਂ ਦੇ ਕੇਂਦਰ ਵਿਚ ਸਿੱਖੀ ਦੇ ਪ੍ਰਚਾਰ ਹਿੱਤ ਸ਼ਹਿਰ ਵਸਾਉਣ ਦੀ ਲੋੜ ਪ੍ਰਮੁੱਖ ਸੀ।

ਗੁਰੂ ਜੀ ਨੇ ਨੂਰਦੀ, ਖਾਰਾ ਤੇ ਪਲਾਸੌਰ ਦੇ ਪਿੰਡਾਂ ਦੇ ਪੰਚਾਂ ਨੂੰ ਇਕੱਠਿਆਂ ਕਰਕੇ ਇਹ ਜ਼ਮੀਨ ਖਰੀਦਣ ਦੀ ਵਿਉਂਤ ਬਣਾਈ ਅਤੇ ਕਿਹਾ ਕਿ ਉਹ ਜਿੰਨੇ ਪੈਸੇ ਚਾਹੁਣ ਵਸੂਲ ਕਰ ਲੈਣ। ਭਾਈ ਕਾਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਇਸ ਥਾਂ ਬਦਲੇ ਇਕ ਲੱਖ ਸਤਵੰਜਾ ਹਜ਼ਾਰ ਰੁਪਏ ਦਿੱਤੇ ਪਰ ਸਮੇਂ ਦੇ ਲਿਹਾਜ਼ ਨਾਲ ਇਹ ਗੱਲ ਮਨਘੜਤ ਜਾਪਦੀ ਹੈ। ਫਤਿਹਾਬਾਦ ਦੇ ਹਾਕਮ ਦੀ ਮੌਜੂਦਗੀ ਵਿਚ ਤਰਨ ਤਾਰਨ ਬਾਰੇ ਜੋ ਸਰਕਾਰੀ ਪਟਾ ਲਿਖਿਆ ਗਿਆ ਉਹ ਵਧੇਰੇ ਉਚਿਤ ਜਾਪਦਾ ਹੈ:

ਸ਼ਜਰਾ ਨਸਬ ਤਰਨ ਤਾਰਨ ਸੰਨ 1865 ਦਫਾ ਅੱਵਲ ਹਾਲਾਤ ਆਬਾਦੀ:

-ਅਰਸਾ 275 ਸਾਲ ਕਾ ਗੁਜ਼ਰਾ ਹੈ ਕਿ ਗੁਰੂ ਅਰਜਨ ਸਾਹਿਬ ਸ੍ਰੀ ਅੰਮ੍ਰਿਤਸਰ ਸੇ ਇਸ ਜਗਾ ਆਏ ਜੋ ਬਤੌਰ ਜੰਗਲ ਬੈਰਾਨਾ ਪੜੀ ਹੂਈ ਥੀ। ਗੁਰੂ ਸਾਹਿਬ ਵਹਾਂ ਏਕ ਮਕਾਨ ਫਕੀਰਾਨਾ ਬਣਾ ਕਰ ਗੁਜ਼ਾਰਾ ਕਰਤੇ ਰਹੇ ਔਰ ਅਕਵਾਮ ਮੁਖਤਲਿਫ਼ ਕਸਰਤ ਸੇ ਉਨਕੇ ਸੇਵਕ ਹੋ ਗਏ ਔਰ ਉਸ ਵਕਤ ਗੁਰੂ ਸਾਹਿਬਾਨ ਨੇ ਤਖਮੀਨਨ ਏਕ ਹਜ਼ਾਰ ਆਠ ਸੌ ਵਿੱਘੇ ਅਰਾਜ਼ੀ ਮਸੰਮੀ ਖਾਨਾ ਰਾਜਪੂਤ ਸਾਕਨ ਪਲਾਸੌਰ ਵ ਨੀਜ਼ ਦੀਗਰ ਦੇਹਾਤ ਗੁਰਦੋਨਵਾਹ ਬ ਤਫ਼ਸੀਲ ਜ਼ੈਲ ਪੱਟੀ, ਪਲਾਸੌਰ, ਥੇਹ ਬਾਹਮਣਾ ਵਾਲਾ ਸੇ ਖਰੀਦ ਕਰੀ। ਸਿਰਫ਼ ਖ਼ਾਨਾ ਰਾਜਪੂਤ ਮੁਸਲਮਾਨੋਂ ਨੇ ਤਖਮੀਨਨ ਪਾਂਚ ਸੌ ਰੁਪਏ ਕੋ ਦੀ ਔਰ ਕੌਮ ਹਿੰਦੂ ਨੇ ਬਤੌਰ ਹਿਬਾ ਬਿਲਾ ਲੇਨੇ ਕੀਮਤ ਦੇ ਦੀ। ਗੁਰੂ ਸਾਹਿਬ ਨੇ ਅਬਾਦ ਕਰਨਾ ਵ ਗੁਰੂਦਵਾਰਾ ਵ ਤਲਾਬ ਬਨਾਨਾ ਸ਼ੁਰੂ ਕੀਆ ਔਰ ਚਾਹਾਤ ਆਪਣੀ ਲਾਗਤ ਸੇ ਤਿਆਰ ਕਰਵਾਏ। ਔਰ ਵਹਾਂ ਏਕ ਛੰਭ ਜਿਸ ਮੇਂ ਪਾਨੀ ਰਹਤਾ ਥਾਂ ਜੋ ਸ਼ਖ਼ਸ ਬੀਮਾਰ ਮਜੂਜ਼ਮ ਕੀ ਤਰਹਾ ਆਤਾ ਥਾ ਵੁਹ ਬਿਮਾਰੀ ਸੇ ਅਰਾਮ ਪਾਤਾ ਥਾ। ਉਸ ਵਕਤ ਸੇ ਗੁਰੂ ਕੇ ਨਾਮ ਪਰ ਤਰਨ ਤਾਰਨ ਮਸ਼ਹੂਰ ਕੀਆ ਗਿਆ ਜਬ ਸੇ ਬਰਾਬਰ ਆਬਾਦ ਹੈ।

ਇੰਜ ਗੁਰੂ ਜੀ ਨੇ ਜ਼ਮੀਨ ਖਰੀਦ ਕੇ 1590 ਦੀ ਭਾਦਰੋਂ ਮਹੀਨੇ ਦੀ ਮੱਸਿਆ ਵਾਲੇ ਦਿਨ ਤਲਾਬ ਦਾ ਆਰੰਭ ਕੀਤਾ। ਆਰੰਭ ਸਮੇਂ ਬਾਬਾ ਬੁੱਢਾ ਜੀ ਨੇ ਪਰੰਪਰਾ ਅਨੁਸਾਰ ਅਰਦਾਸ ਕੀਤੀ ਤੇ ਗੁਰੂ ਜੀ ਨੇ ਟੱਕ ਲਾਇਆ। ਸਰੋਵਰ ਦੀ ਖੁਦਾਈ ਲਈ ਗੁਰੂ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਸਿੱਖ ਸੰਗਤ ਨੂੰ ਹੁਕਮਨਾਮੇ ਭਿਜਵਾਏ ਤੇ ਦੂਰੋਂ ਨੇੜਿਓਂ ਸੰਗਤਾਂ ਦਾ ਇਕੱਠ ਹੋਣ ਲੱਗਾ।

ਮੌਜੂਦਾ ਦਰਬਾਰ ਸਾਹਿਬ, ਵਾਲੀ ਥਾਂ ਬੈਠ ਕੇ ਗੁਰੂ ਜੀ ਕੱਚੇ ਤਾਲ ਦੀ ਪੁਟਾਈ ਕਰਵਾਉਣ ਲੱਗੇ ਤੇ 1591 ਈ. ਵਿਚ ਕੱਚਾ ਤਲਾਬ ਤਿਆਰ ਹੋ ਗਿਆ। ਸ਼ਹਿਰ ਤੋਂ ਦੱਖਣ ਦੀ ਬਾਹੀ ਵੱਲ ਦੋ ਕੁ ਫਰਲਾਂਗ ਦੇ ਫਾਸਲੇ 'ਤੇ ਇਕ ਗੁਰੂਦਵਾਰਾ ਤੇ ਖੂਹ ਹੈ। ਇਸ ਜਗਾ 'ਤੇ ਗੁਰੂ ਜੀ ਸੇਵਾ ਕਰਾਉਣ ਉਪਰੰਤ ਅਰਾਮ ਕਰਿਆ ਕਰਦੇ ਸਨ। ਇਥੇ ਹਰ ਸਾਲ ਕੋਠੇ ਦਾ ਮੇਲਾ ਲੱਗਦਾ ਹੈ ਤੇ ਹਰ ਮਹੀਨੇ ਪੁੰਨਿਆ 'ਤੇ ਚੌਂਕੀ ਚੜਦੀ ਹੈ।

5 ਚੇਤਰ 1593 ਨੂੰ ਮੱਸਿਆ ਵਾਲੇ ਦਿਨ ਸਰੋਵਰ ਪੱਕਾ ਕਰਨ ਦਾ ਕੰਮ ਆਰੰਭਿਆ ਗਿਆ। ਇੱਟਾਂ ਦੇ ਆਵੇ ਚੜਾਏ ਗਏ। ਜਦ ਆਵੇ ਪੱਕ ਕੇ ਤਿਆਰ ਹੋ ਗਏ ਤਾਂ ਅਜੇ ਥੋੜੇ ਕੁ ਹੀ ਵਰਤੇ ਸਨ ਕਿ ਨੂਰਦੀਨ ਦਾ ਪੁੱਤਰ ਅਮੀਰ ਦੀਨ ਆਪਣੇ ਲਈ ਜ਼ੋਰਾਜ਼ੋਰੀ ਆਵਿਆਂ ਤੋਂ ਇੱਟਾਂ ਉਠਵਾ ਕੇ ਲੈ ਗਿਆ, ਜਿਨਾਂ ਨਾਲ ਆਪਣੇ ਘਰ ਬਣਵਾਏ ਤੇ ਬਾਕੀ ਇੱਟਾਂ ਸਰਾਂ ਨੂੰ ਲਵਾ ਲਈਆਂ। ਜਦੋਂ ਸਿੱਖਾਂ ਨੇ ਇਸ ਬਾਰੇ ਗੁਰੂ ਜੀ ਕੋਲ ਸ਼ਿਕਾਇਤ ਕੀਤੀ ਤਾਂ ਉਨਾਂ ਕਿਹਾ ਕਿ ਸ਼ਾਂਤ ਰਹੋ, ਸਮਾਂ ਪਾ ਕੇ ਇਹ ਇੱਟਾਂ ਹੀ ਨਹੀਂ, ਸਗੋਂ ਉਨਾਂ ਦੀਆਂ ਹੋਰ ਬਹੁਤ ਸਾਰੀਆਂ ਇੱਟਾਂ ਵੀ ਇਸੇ ਤਲਾਬ ਨੂੰ ਲੱਗਣਗੀਆਂ।

ਮਾਘੀ ਵਾਲੇ ਦਿਨ 1594 ਈ. ਵਿਚ ਦਰਬਾਰ ਸਾਹਿਬ ਦੀ ਨੀਂਹ ਰੱਖੀ ਗਈ, ਜਿਥੇ ਅੱਜ ਕੱਲ ਸ਼ਾਨਦਾਰ ਗੁਰਦੁਆਰਾ ਹੈ। ਸਿੱਖ ਭਵਨ ਨਿਰਮਾਣ ਕਲਾ ਦਾ ਇਹ ਬੜਾ ਬੇਹਤਰੀਨ ਨਮੂਨਾ ਹੈ। ਭਾਈ ਕਾਨ ਸਿੰਘ ਨਾਭਾ ਲਿਖਦੇ ਹਨ:

-ਜ਼ਿਲਾ ਅੰਮ੍ਰਿਤਸਰ ਵਿਚ ਸ਼ਹਿਰ ਅੰਮ੍ਰਿਤਸਰ ਤੋਂ 15 ਮੀਲ ਉੱਤਰ ਵੱਲ ਇਕ ਗੁਰਧਾਮ ਹੈ। ਰੇਲਵੇ ਸਟੇਸ਼ਨ ਖਾਸ ਤਰਨ ਤਾਰਨ ਹੈਨੂਰਦੀਨ ਦੇ ਪੁੱਤਰ ਅਮੀਰ ਦੀਨ ਨੇ ਜਬਰਨ ਇੱਟਾਂ ਖੋਹ ਕੇ ਸਰਾਇ ਨੂੰ ਲਾ ਲਈਆਂ ਅਤੇ ਆਪਣੇ ਮਕਾਨ ਬਣਵਾਏ। 1766 ਈਸਵੀ ਵਿਚ ਸ੍ਰ. ਜੱਸਾ ਸਿੰਘ ਰਾਮਗੜੀਆ ਨੇ ਇਹ ਇਮਾਰਤ ਢਾਹ ਕੇ ਤਾਲ ਦੇ ਦੋ ਪਾਸੇ ਪੱਕੇ ਕਰਵਾਏ ਅਤੇ ਦੋ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਮੋਤੀਰਾਮ ਕਾਨਕੁੰਨ ਦੀ ਮਾਰਫਤ ਪੱਕੇ ਕਰਵਾਏ। ਕੰਵਰ ਨੌ ਨਿਹਾਲ ਸਿੰਘ ਨੇ ਪਰਿਕਰਮਾ ਪੱਕੀ ਕਰਵਾਈ ਅਤੇ ਮੁਨਾਰਾ ਬਣਵਾਇਆ।

ਗੁਰੂ ਜੀ ਕਾਫ਼ੀ ਸਮਾਂ ਤਰਨ ਤਾਰਨ ਰਹੇ। ਇਸ ਸ਼ਹਿਰ ਦੀ ਮਹਿਮਾ ਦੂਰ-ਦੂਰ ਤਕ ਵਧਣ ਲੱਗੀ। ਇਹ ਸੁਣ ਕੇ ਕਈ ਮਹਾਤਮਾ, ਪੀਰ, ਫ਼ਕੀਰ, ਔਲੀਏ ਤਰਨ ਤਾਰਨ ਆ ਪਹੁੰਚੇ। ਇਕ ਦਿਨ ਇਕ ਜੋਗੀ ਆਇਆ ਤੇ ਉਸ ਨੇ ਗੁਰੂ ਜੀ ਦੇ ਦਰਸ਼ਨ ਕਰਕੇ ਇਕ ਬਿਲ ਗੁਰੂ ਜੀ ਨੂੰ ਭੇਟ ਕੀਤਾ, ਜਿਸ ਵਿਚ ਕੋਈ ਦਵਾਈ ਸੀ। ਗੁਰੂ ਜੀ ਦੇ ਪੁੱਛਣ 'ਤੇ ਜੋਗੀ ਨੇ ਦੱਸਿਆ ਕਿ ਇਸ ਵਿਚ ਰਸਾਇਣ ਹੈ, ਜੇ ਇਸ ਨੂੰ ਕਲੀ ਜਾਂ ਜਿਸਤ ਵਿਚ ਪਾਓ ਤਾਂ ਚਾਂਦੀ ਬਣਦੀ ਹੈ ਅਤੇ ਤਾਂਬੇ ਤੇ ਪਿੱਤਲ ਨੂੰ ਸੋਨਾ ਬਣਾ ਦਿੰਦੀ ਹੈ। ਗੁਰੂ ਜੀ ਨੇ ਪੁੱਛਿਆ ਹੋਰ ਕੋਈ ਖੂਬੀ ? ਤਾਂ ਜੋਗੀ ਨੇ ਕਿਹਾ ਕਿ ਇਸ ਨਾਲ ਸਰੀਰ ਦੇ ਸਰਬ ਰੋਗ ਦੂਰ ਹੋ ਜਾਂਦੇ ਨੇ। ਗੁਰੂ ਜੀ ਹਰਿ ਕੀ ਪੌੜੀ ਕੋਲ ਬੈਠੇ ਸਨ। ਉਨਾਂ ਬਿਲ ਖੋਲ ਕੇ ਦਵਾਈ ਸਰੋਵਰ ਵਿਚ ਪਾ ਦਿੱਤੀ। ਇਹ ਦੇਖ ਕੇ ਫਕੀਰ ਨਾਰਾਜ਼ ਹੋ ਗਿਆ ਕਿ ਗੁਰੂ ਜੀ ਨੇ ਕੀਮਤੀ ਦਵਾਈ ਅਜਾਈਂ ਗਵਾ ਦਿੱਤੀ ਹੈ, ਪਰ ਗੁਰੂ ਜੀ ਨੇ ਕਿਹਾ ਕਿ ਇਹ ਦਵਾਈ ਸਦੀਆਂ ਤਕ ਸੰਸਾਰ ਦੇ ਲੋਕਾਂ ਨੂੰ ਦੁੱਖਾਂ ਤੋਂ ਮੁਕਤ ਕਰਦੀ ਰਹੇਗੀ। ਇਕ ਰਵਾਇਤ ਅਨੁਸਾਰ ਇਥੇ ਇਸ਼ਨਾਨ ਕਰਨ ਨਾਲ



ਕੋਹੜ ਦੀ ਬਿਮਾਰੀ ਦੂਰ ਹੋ ਜਾਂਦੀ ਹੈ। ਇਸੇ ਕਰਕੇ ਗੁਰੂ ਜੀ ਨੇ ਇਥੇ ਕੋਹੜਗੜ ਦੀ ਬਸਤੀ ਵਸਾਈ ਸੀ। ਉਥੇ ਜ਼ਾਮੀਆ ਦਾ ਖੂਹ ਤੇ ਧਰਮਸ਼ਾਲਾ ਅੱਜ ਵੀ ਮੌਜੂਦ ਹੈ। ਕੁਸ਼ਟ ਰੋਗ ਦਾ ਹਵਾਲਾ ਸਰਕਾਰੀ ਕਾਗਜ਼ਾਂ ਵਿਚ ਵੀ ਮਿਲਦਾ ਹੈ:

-ਪਹਿਲੇ ਇਸ (ਤਰਨ ਤਾਰਨ) ਰਕਬਾ ਕੇ ਵੁਸਤ ਮੇਂ ਕਿ ਜਹਾਂ ਮਹਾਰਾਜ ਗੁਰੂ ਅਰਜਨ ਦੇਵ ਸਾਹਿਬ ਨੇ ਮਕਾਨੇ ਫਕੀਰਾਨਾ ਬਣਾਇਆ। ਮੁਤਸਿਲ ਮਕਾਨੇ ਕੇ ਏਕ ਛੰਭ ਹੈ ਜਿਸ ਮੇਂ ਪਾਣੀ ਹਮੇਸ਼ਾ ਰਹਾ ਕਰਤਾ ਥਾਂ ਔਰ ਉਸ ਪਾਨੀ ਕੀ ਯਿਹ ਖਾਸੀਅਤ ਥੀ ਕਿ ਜੋ ਬਿਮਾਰੀ ਜੁਜ਼ਾਮੀ ਮੇਂ ਹੋਤਾ ਥਾਂ ਵੁਹ ਉਸ ਪਾਨੀ ਸੇ ਗੁਸਲ ਕਰਨੇ ਸੇ ਹੱਛਾ ਹੋ ਜਾਇਆ ਕਰਤਾ ਥਾ। ਮੁਲਕ ਮੇਂ ਇਸ ਤਾਸੀਰ ਕੀ ਆਮ ਸ਼ੁਹਰਤ ਹੋ ਗਈ ਔਰ ਜਜ਼ਾਮੀਆਨ ਕੋ ਅਮੂਮਨ ਫਾਇਦਾ ਪਹੁੰਚਤਾ ਥਾ। ਨਾਮ ਗਾਉਂ ਕਾ ਇਸ ਸਬੱਬ ਸੇ ਤਰਨ ਤਾਰਨ ਮਸ਼ੂਹਰ ਹੂਆ ਜੋ ਅੱਬ ਤਕ ਮਸ਼ਹੂਰ ਹੈ ਔਰ ਮੌਕਿਆ ਛੰਭ ਕਾ ਯੇਹੀ ਥਾ ਜਹਾਂ ਅਬ ਤਲਾਬ ਮੁਤਬਰਕ ਹੈ।

ਭਾਵੇਂ ਗੁਰੂ ਜੀ ਕਾਫ਼ੀ ਸਮਾਂ ਤਰਨ ਤਾਰਨ ਠਹਿਰੇ ਪਰ ਵਕਤ ਦੀ ਹਕੂਮਤ ਵੱਲੋਂ ਕਈ ਤਰਾਂ ਦੀਆਂ ਰੁਕਾਵਟਾਂ ਖੜੀਆਂ ਕੀਤੀਆਂ ਜਾ ਰਹੀਆਂ ਸਨ। ਇਹ ਵੇਖ ਕੇ ਗੁਰੂ ਜੀ ਨੇ ਤਰਨ ਤਾਰਨ ਦੀ ਸੇਵਾ ਸੰਭਾਲ ਤੇ ਉਸਾਰੀ ਦਾ ਕੰਮ ਸਿੱਖਾਂ ਨੂੰ ਸੌਂਪ ਕੇ ਆਪ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਰਨ ਲਈ ਅੰਮ੍ਰਿਤਸਰ ਚਲੇ ਗਏ।

ਪਹਿਲਾਂ ਪਹਿਲ ਤਰਨ ਤਾਰਨ ਵਿਚ ਮੱਸਿਆ ਦੇ ਕੇਵਲ ਦੋ ਹੀ ਮੇਲੇ ਲੱਗਿਆ ਕਰਦੇ ਸਨ ਜੋ ਭਾਦਰੋਂ ਅਤੇ ਚੇਤਰ ਦੀ ਮੱਸਿਆ ਦੇ ਨਾਂ ਨਾਲ ਜਾਣੇ ਜਾਂਦੇ ਸਨ। ਇਹ ਇਕ ਤਰਾਂ ਨਾਲ ਸ੍ਰੀ ਤਰਨ ਤਾਰਨ ਸਾਹਿਬ ਦੇ ਸਰੋਵਰ ਦੇ ਰਚਣ ਤੇ ਸੰਪੂਰਨ ਹੋਣ ਦੀ ਯਾਦ ਵਿਚ ਹੁੰਦੇ ਸਨ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ 1622 ਈ. ਨੂੰ ਬੀਬੀ ਵੀਰੋ ਦਾ ਝਬਾਲ ਵਿਖੇ ਵਿਆਹ ਕਰਕੇ ਬਿਆਸਾ ਅਤੇ ਹਰਗੋਬਿੰਦ ਪੁਰ ਵਸਾਉਣ ਜਾਂਦੇ ਹੋਏ ਮਾੜੀ ਦੇ ਮੇਲੇ ਸਮੇਂ ਤਰਨ ਤਾਰਨ ਦਰਬਾਰ ਸਾਹਿਬ ਦੀ ਪਰਿਕਰਮਾ ਦੀ ਦੱਖਣੀ ਬਾਹੀ ਵਿਚ ਬਣੇ ਅਕਾਲ ਬੁੰਗੇ ਵਿਚ ਠਹਿਰੇ ਸਨ। ਗੁਰੂ ਜੀ ਨੇ ਛੇ ਮਹੀਨੀਂ ਮੱਸਿਆ ਦੇ ਮੇਲੇ ਦੂਰ ਜਾਣ ਕੇ ਦੋ ਮੱਸਿਆ ਵੱਡੀਆਂ ਤੇ ਬਾਕੀ ਹਰ ਮਹੀਨੇ ਮੱਸਿਆ ਮਨਾਉਣ ਦੀ ਆਗਿਆ ਦੇ ਦਿੱਤੀ ਜੋ ਹੁਣ ਤਕ ਜਾਰੀ ਹੈ।

ਇਕ ਦੰਦ ਕਥਾ ਅਨੁਸਾਰ ਤਰਨ ਤਾਰਨ ਦੇ ਨੇੜੇ ਗੋਇੰਦਵਾਲ ਵਾਲੀ ਸੜਕ 'ਤੇ ਇਕ ਜੋਗੀ ਦੀ ਮਾੜੀ ਸੀ, ਜਿਥੇ ਹਰ ਛੇ ਮਹੀਨੇ ਬਾਅਦ ਗੁੱਗੇ ਦਾ ਮੇਲਾ ਲੱਗਦਾ ਹੁੰਦਾ ਸੀ। ਕਿਹਾ ਜਾਂਦਾ ਹੈ ਕਿ ਪੁਰਾਣੇ ਸਮੇਂ ਵਿਚ ਮਾੜੀ ਕੋਲ ਇਕ ਬਹੁਤ ਉੱਚਾ ਬੁਰਜ ਸੀ, ਜਿਸ ਉਪਰ ਜਗਦੇ ਚਿਰਾਗ਼ ਦੀ ਲੋਅ ਸ਼ਹਿਰ ਵਿਚ ਵੀ ਦਿਸਦੀ ਸੀ। ਜੋਗੀ ਗੁਰੂ ਜੀ ਦੀ ਚੜਦੀ ਕਲਾ ਤੋਂ ਬੜਾ ਦੁਖੀ ਰਹਿੰਦਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਦਰਬਾਰ ਸਾਹਿਬ ਵਿਚ ਜੋਤ ਜਗਾਉਣੀ ਸ਼ੁਰੂ ਕਰ ਦਿੱਤੀ। ਇਕ ਦਿਨ ਜੋਗੀ ਨੇ ਆਪਣੇ ਚੇਲਿਆਂ ਨੂੰ ਪੁੱਛਿਆ ਕਿ ਮੇਰੀ ਸ਼ਾਲ ਦੇ ਨੇੜੇ ਕਿਸੇ ਨੇ ਚਿਰਾਗ਼ ਆਣ ਬਾਲਿਆ ਹੈ ? ਜਦੋਂ ਉਹਦੀ ਈਰਖਾ ਦਾ ਗੁਰੂ ਜੀ ਨੂੰ ਪਤਾ ਲੱਗਿਆ ਤਾਂ ਉਨਾਂ ਕਿਹਾ ਇਹ ਚਿਰਾਗ਼ ਤਾਂ ਨਿੱਤ ਦਿਨ ਬਲਦਾ ਰਹੇਗਾ, ਪਰ ਇਸ ਹੰਕਾਰੀ ਦੀ ਸ਼ਾਲ ਵਿਚ ਤੇਲ ਨਹੀਂ ਲੱਭੇਗਾ। ਉਦੋਂ ਤੋਂ ਹੁਣ ਤਕ ਦਰਬਾਰ ਸਾਹਿਬ ਵਿਚ ਚਿਰਾਗ਼ ਬਲਦਾ ਹੈ। ਸੰਨ 1905 ਤਕ ਬਰਬਾਦ ਮਾੜੀ ਦਾ ਬੁਰਜ ਕੋਈ ਤਿੰਨ ਮੀਟਰ ਉੱਚਾ ਸੀ, ਜੋ ਹੁਣ ਬਿਲਕੁਲ ਢਹਿ-ਢੇਰੀ ਹੋ ਕੇ ਖਤਮ ਹੋ ਚੁੱਕਾ ਹੈ।

ਗੁਰੂ ਹਰਗੋਬਿੰਦ ਸਾਹਿਬ 1617 ਈ. ਵਿਚ ਚੰਦੂ ਸਵਾਈ ਨੂੰ ਫੜ ਕੇ ਲਿਜਾਂਦੇ ਹੋਏ ਕੁਝ ਸਮਾਂ ਇਥੇ ਰੁਕੇ ਸਨ, ਜਿਥੇ ਅੱਜ ਕੱਲ ਗੁਰਦੁਆਰਾ ਮੰਜੀ ਸਾਹਿਬ ਹੈ। ਗੁਰੂ ਹਰਗੋਬਿੰਦ ਸਾਹਿਬ ਤੋਂ ਬਾਅਦ ਸੇਵਾ ਸੰਭਾਲ ਦਾ ਕੰਮ ਸਿੱਖ ਹੀ ਸੰਭਾਲਦੇ ਰਹੇ ਤੇ ਕਿਸੇ ਹੋਰ ਗੁਰੂ ਸਾਹਿਬਾਨ ਨੂੰ ਇਸ ਧਰਤੀ 'ਤੇ ਆਉਣ ਦਾ ਮੁੜ ਮੌਕਾ ਨਹੀਂ ਮਿਲਿਆ। ਬਾਅਦ ਵਿਚ ਸਿੱਖ ਜੰਗਾਂ-ਯੁੱਧਾਂ ਵਿਚ ਉਲਝੇ ਰਹੇ ਅਤੇ ਇਨਾਂ ਸ਼ਹਿਰਾਂ ਤੇ ਗੁਰਦੁਆਰਿਆਂ ਨੂੰ ਚੰਗੀ ਤਰਾਂ ਨਾ ਸੰਭਾਲ ਸਕੇ।

1813 ਵਿਚ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਸਿੱਖਾਂ ਦੇ ਲੁਕਣ ਦਾ ਟਿਕਾਣਾ ਜਾਂ ਜੰਗਲ ਸਨ ਜਾਂ ਪਹਾੜ। ਇਨਾਂ ਦਿਨਾਂ ਦੀ ਹੀ ਗੱਲ ਹੈ ਕਿ ਭਾਈ ਬੋਤਾ ਸਿੰਘ ਸ਼ਹੀਦ ਅੰਮ੍ਰਿਤਸਰ ਇਸ਼ਨਾਨ ਕਰਕੇ ਤਰਨ ਤਾਰਨ ਆ ਨਿਕਲੇ। ਆਪ ਦਾ ਪਿੰਡ ਕੈਰੋਵਾਲ ਤਰਨ ਤਾਰਨ ਤੋਂ ਡੇਢ ਮੀਲ ਦੀ ਵਿੱਥ 'ਤੇ ਹੈ। ਕਿਸੇ ਪੇਂਡੂ ਜੱਟ ਨੇ ਬੋਲੀ ਮਾਰ ਕੇ ਸਿੰਘ ਜੀ ਨੂੰ ਰੋਹ ਚੜਾ ਦਿੱਤਾ ਕਿ ਅੱਜ ਮੁੱਦਤਾਂ ਬਾਅਦ ਹੀ ਕਿਸੇ ਸਿੰਘ ਦਾ ਮੂੰਹ ਦੇਖਿਆ। ਇਕ ਨੇ ਕਿਹਾ ਨਹੀਂ ਇਹ ਤਾਂ ਲੁਕਦੇ ਫਿਰਦੇ ਹਨ, ਜੇ ਸਿੰਘ ਹੋਣ ਤਾਂ ਮੈਦਾਨ ਵਿਚ ਨਾ ਗੱਜਣ। ਇਹ ਬੋਲੀ ਬਾਬਾ ਜੀ ਦੇ ਕਲੇਜੇ ਵਿਚ ਗੋਲੀ ਵਾਂਗ ਪੁੜ ਗਈ। ਆਪਣਾ ਸਲੋਤਰ ਮੋਢੇ 'ਤੇ ਰੱਖ ਕੇ ਤਰਨ ਤਾਰਨ ਨੂਰਦੀਨ ਸੜਕ 'ਤੇ ਆਪਣੇ ਪਿੰਡ ਦੇ ਕੋਲ ਜਾ ਖਲੋਤੇ ਟੈਕਸ ਉਗਰਾਹੁਣ ਲੱਗੇ ਤੇ ਨਾਲ ਹੀ ਲਾਹੌਰ ਦੇ ਸੂਬੇ ਨੂੰ ਲਿਖ ਭੇਜਿਆ:

ਚਿੱਠੀ ਲਿਖੀ ਸਿੰਘ ਬੋਤਾ, ਹੱਥ ਹੈ ਸੋਟਾ, ਵਿਚ ਰਾਹ ਖਲੋਤਾ
ਆਨਾ ਲਾਹਿਆ ਗੱਡੇ ਨੂੰ, ਪੈਸਾ ਲਾਇਆ ਖੋਤਾ
ਆਖੋ ਭਾਬੀ ਖਾਨੋ ਨੂੰ, ਸੌਂ ਆਖੇ ਸਿੰਘ ਬੋਤਾ।

ਸ਼ਾਹੀ ਫੌਜ ਆਈ ਤੇ ਆਪ ਚਾਰ ਪੰਜ ਸਿੰਘਾਂ ਨਾਲ ਸ਼ਾਹੀ ਫੌਜ ਦਾ ਮੁਕਾਬਲਾ ਕਰਦੇ ਸ਼ਹੀਦ ਹੋ ਗਏ।

ਅਹਿਮਦ ਸ਼ਾਹ ਅਬਦਾਲੀ ਦੇ ਸੂਬੇਦਾਰ ਜੈਨ ਖਾਨ ਨੇ 1757-58 ਵਿਚ ਅੰਮ੍ਰਿਤਸਰ ਸਰੋਵਰ ਪੂਰ ਕੇ ਹਰਿਮੰਦਰ ਸਾਹਿਬ ਢਾਹ ਦਿੱਤਾ। ਇਹ ਖ਼ਬਰ ਜਦ ਬਾਬਾ ਦੀਪ ਸਿੰਘ ਹੋਰਾਂ ਕੋਲ ਦਮਦਮਾ ਸਾਹਿਬ ਪਹੁੰਚੀ ਤਾਂ ਆਪ ਨੇ ਤਰਨ ਤਾਰਨ ਆ ਕੇ ਸਾਹ ਲਿਆ। ਜਿਥੇ ਅੱਜ ਕੱਲ ਥਾਣਾ ਸਦਰ ਹੈ, ਇਹਦੇ ਨੇੜੇ ਬਾਬਾ ਜੀ ਨੇ ਲੀਕ ਖਿੱਚ ਕੇ ਸਿੰਘਾਂ ਨੂੰ ਵੰਗਾਰਿਆ ਕਿ ਜਿਸ ਨੇ ਕੁਰਬਾਨੀ ਦੇਣੀ ਹੈ, ਉਹ ਲੀਕ ਤੋਂ ਪਾਰ ਚਲਾ ਜਾਵੇ। ਇਥੇ ਬਾਬਾ ਜੀ ਚਾਲੀ ਕੁ ਸਿੰਘਾਂ ਨੂੰ ਲੈ ਕੇ ਦਰਬਾਰ ਸਾਹਿਬ ਗਏ ਅਤੇ ਮੱਥਾ ਟੇਕ ਕੇ ਅਰਦਾਸਾ ਕੀਤਾ 'ਸਾਥੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਸਹਾਰੀ ਨਹੀਂ ਜਾਂਦੀ। ਸਾਡਾ ਪ੍ਰਣ ਹੈ ਕਿ ਅਸੀਂ ਸ਼ਹੀਦੀਆਂ ਪਾ ਕੇ ਹਰਿਮੰਦਰ ਦੀ ਰੱਖਿਆ ਕਰਾਂਗੇ।' ਇੰਜ ਬਾਬਾ ਜੀ ਸੀਸ ਤਲੀ 'ਤੇ ਧਰ ਕੇ ਗੋਹਲਵਾੜ ਕੋਲ ਲੜਦੇ ਹੋਏ ਸ਼ਹੀਦ ਹੋ ਗਏ।

ਲੰਬੇ ਸ਼ਹੀਦੀ ਦੌਰ ਤੋਂ ਬਾਅਦ ਸਿੱਖਾਂ ਨੂੰ ਫਤਿਹ ਪ੍ਰਾਪਤ ਹੋਈ। ਸ੍ਰੀ ਬਘੇਲ ਸਿੰਘ ਝਬਾਲ ਵਾਲਿਆਂ ਨੇ ਹੋਰ ਗੁਰਦੁਆਰਿਆਂ ਦੇ ਨਾਲ ਨਾਲ ਤਰਨ ਤਾਰਨ ਦੇ ਗੁਰਦੁਆਰੇ ਦੀ ਸਾਂਭ ਸੰਭਾਲ ਕੀਤੀ ਤੇ ਜਿਥੇ ਪਹਿਲਾਂ ਕੱਚਾ ਕੋਠਾ ਸੀ ਉਥੇ ਨਾਨਕਸ਼ਾਹੀ ਇੱਟਾਂ ਦਾ ਕਮਰਾ ਪਾ ਕੇ ਵਿਚ ਕਰਤਾਰਪੁਰੀ ਬੀੜ ਤੋਂ ਬੜੀ ਮਿਹਨਤ ਨਾਲ ਬੀੜ ਤਿਆਰ ਕਰਵਾ ਕੇ ਪ੍ਰਕਾਸ਼ ਕੀਤਾ।

ਇਸ ਸਮੇਂ ਤਕ ਸਿੱਖ ਮਿਸਲਾਂ ਹੋਂਦ ਵਿਚ ਆ ਚੁੱਕੀਆਂ ਸਨ ਤੇ ਉਨਾਂ ਨੇ ਪੰਜਾਬ ਦੇ ਅੱਡ-ਅੱਡ ਹਿੱਸਿਆਂ 'ਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਸਨ। ਤਰਨ ਤਾਰਨ ਦੇ ਪਰਗਣੇ 'ਤੇ ਸਿੰਘਪੁਰੀਆ ਮਿਸਲ ਦੇ ਸਰਦਾਰ ਬੁੱਧ ਸਿੰਘ ਫੈਜ਼ਲਪੁਰੀਏ ਦਾ ਕਬਜ਼ਾ ਹੋ ਗਿਆ। ਜਦੋਂ ਉਨਾਂ ਨੂੰ ਨੂਰਦੀਨ ਦੇ ਪੁੱਤਰ ਦੇ ਇੱਟਾਂ ਚੁੱਕਣ ਵਾਲੀ ਗੱਲ ਦਾ ਪਤਾ ਲੱਗਿਆ ਤਾਂ ਆਪ ਨੇ ਨੂਰਦੀਨ ਦੀ ਸਰਾਂ ਤੇ ਮਕਾਨਾਂ ਨੂੰ ਢਾਹ ਕੇ ਸਾਰੀਆਂ ਇੱਟਾਂ ਲਿਆ ਕੇ ਤਰਨ ਤਾਰਨ ਦੇ ਸਰੋਵਰ ਕੰਢੇ ਲਾਈਆਂ।

ਮਹਾਰਾਜਾ ਰਣਜੀਤ ਸਿੰਘ ਨੇ 1800 ਈ. ਵਿਚ ਲਾਹੌਰ 'ਤੇ ਕਬਜ਼ਾ ਕਰਕੇ ਸਾਰੀਆਂ ਮਿਸਲਾਂ ਨੂੰ ਇਕੱਠਿਆਂ ਕਰਕੇ ਸਿੱਖ ਰਾਜ ਦੀ ਨੀਂਹ ਰੱਖੀ। ਮਹਾਰਾਜਾ ਰਣਜੀਤ ਸਿੰਘ ਕਈ ਵਾਰ ਤਰਨ ਤਾਰਨ ਆ ਕੇ ਠਹਿਰਦੇ ਰਹੇ। ਉਨਾਂ ਦਾ ਨਿਵਾਸ ਤੇ ਕਚਹਿਰੀ ਬਾਅਦ ਵਿਚ ਸੰਧਾਵਾਲੀਏ ਸਰਦਾਰਾਂ ਦੇ ਕਬਜ਼ੇ ਵਿਚ ਰਹੀ। 1802 ਈ. ਵਿਚ ਮਹਾਰਾਜੇ ਨੇ ਆਹਲੂਵਾਲੀਏ ਮਿਸਲ ਦੇ ਸ੍ਰ. ਫਤਹਿ ਸਿੰਘ ਨਾਲ ਤਰਨ ਤਾਰਨ ਵਿਖੇ ਪੱਗ ਵਟਾਈ ਸੀ। ਉਨਾਂ ਦਿਨਾਂ ਵਿਚ ਪੱਗ ਵਟਾਉਣੀ ਮਿੱਤਰਤਾ ਦੀ ਸਭ ਤੋਂ ਵੱਡੀ ਨਿਸ਼ਾਨੀ ਸਮਝੀ ਜਾਂਦੀ ਸੀ। ਮਹਾਰਾਜੇ ਦੇ ਹੁਕਮ ਨਾਲ ਹੀ ਇਥੇ ਮੌਜੂਦਾ ਆਲੀਸ਼ਾਨ ਗੁਰਦੁਆਰਾ ਬਣਾ ਕੇ ਸੋਨਾ ਚਾੜਿਆ ਗਿਆ ਤੇ ਪਰਿਕਰਮਾ ਪੱਕੀ ਕੀਤੀ ਗਈ। ਹਰਿਮੰਦਰ ਸਾਹਿਬ ਵਿਚ ਨਵੀਂ ਉਸਾਰੀ ਤੇ ਨੱਕਾਸ਼ੀ ਦਾ ਕੰਮ 1824 ਈ. ਵਿਚ ਸ਼ੁਰੂ ਹੋਇਆ। ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਸਤੇ ਬੰਗਲਾ ਕੰਵਰ ਨੌ ਨਿਹਾਲ ਸਿੰਘ ਨੇ ਬਣਾਇਆ।

ਜਦੋਂ ਸੰਨ 1830 ਵਿਚ ਹਰਿਮੰਦਰ ਸਾਹਿਬ ਮੁਕੰਮਲ ਹੋ ਗਿਆ ਤਾਂ ਮਹਾਰਾਜੇ ਕੋਲੋਂ ਪੁੱਛਿਆ ਗਿਆ ਕਿ ਕਿਸ ਥਾਂ 'ਤੇ ਆਪ ਦੀ ਸੇਵਾ ਦੇ ਜ਼ਿਕਰ ਵਿਚ ਨਾਂ ਲਿਖਿਆ ਜਾਵੇ, ਪਰ ਉਨਾਂ ਨਿਮਰਤਾ ਵੱਸ ਕਿਹਾ ਮੈਂ ਤਾਂ ਗੁਰੂ ਦਾ ਦਾਸ ਹਾਂ। ਇੰਜ ਗੁਰਬਾਣੀ ਦੇ ਸ਼ਬਦ ਉਕਰ ਕੇ ਥੱਲੇ ਕੇਵਲ ਸੰਮਤ ਲਿਖ ਦਿੱਤਾ ਗਿਆ। ਮਹਾਰਾਜੇ ਨੇ ਬਹੁਤਾ ਕੰਮ ਮੋਤੀ ਰਾਮ ਕਾਰਦਾਰ ਰਾਹੀਂ ਕਰਵਾਇਆ। ਮਹਾਰਾਜੇ ਨੇ ਇਥੇ ਲੂਣ ਦੀ ਵੱਡੀ ਮੰਡੀ ਦਾ ਪ੍ਰਬੰਧ ਵੀ ਕੀਤਾ ।ਮਹਾਰਾਜੇ ਦੇ ਸਾਂਝੇ ਰਾਜ ਨੂੰ ਜਦੋਂ ਬਸਤੀਵਾਦੀ ਹਕੂਮਤ ਨੇ ਹਥਿਆ ਲਿਆ ਤਾਂ ਪੰਜਾਬ ਦੇ ਇਤਿਹਾਸਕ ਸ਼ਹਿਰਾਂ ਦੇ ਨਕਸ਼ੇ ਬਦਲਣ ਲੱਗੇ। ਨਵੇਂ ਪ੍ਰਬੰਧ ਦੇ ਚਿਹਨ ਸਪੱਸ਼ਟ ਹੋਣ ਲੱਗੇ ਤੇ ਨਾਲ ਹੀ ਸਥਾਨਕ ਪਛਾਣਾਂ ਉਭਰਨ ਲੱਗੀਆਂ। ਬਸਤੀਵਾਦੀ ਪ੍ਰਬੰਧ ਅਧੀਨ ਹੀ 1846 ਵਿਚ ਤਰਨ ਤਾਰਨ ਤਹਿਸੀਲ ਬਣੀ ਤੇ ਇਹਦੇ ਨਾਲ ਹੀ ਫੌਜੀ ਪੜਾਅ ਵੀ ਬਣਾਇਆ ਗਿਆ। 1865 ਵਿਚ ਠਾਣਾ ਬਣਿਆ, 1878 ਵਿਚ ਜੱਜੀ (ਮੁਨਸਫੀ) ਬਣੀ। 1883 ਵਿਚ ਮਹਾਰਾਜਾ ਜੀਂਦ ਨੇ ਹੰਸਲੀ ਬਣਾਈ।1885 ਵਿਚ ਸਿੰਘ ਸਭਾ ਵੱਲੋਂ ਗੁਰਮੁਖੀ ਮਦਰੱਸਾ ਖੋਲਿਆ ਗਿਆ। 1886 ਵਿਚ ਮਿਉਂਸਪਲ ਕਮੇਟੀ ਬਣੀ, 1888 ਦੇ ਕਰੀਬ ਸਰਕਾਰੀ ਹਸਪਤਾਲ, ਸਰਕਾਰੀ ਮਿਡਲ ਤੇ ਲੜਕੀਆਂ ਲਈ ਪ੍ਰਾਇਮਰੀ ਸਕੂਲ ਖੁੱਲਿਆ। ਇਸੇ ਸਮੇਂ ਦੇ ਨੇੜੇ-ਤੇੜੇ ਸਬ ਰਜਿਸਟਰੀ, ਚਰਚ ਮਿਸ਼ਨ, ਈਸਾਈ ਮਿਸ਼ਨ ਵੱਲੋਂ ਜ਼ਨਾਨਾ ਹਸਪਤਾਲ, ਡਾਕਖਾਨਾ, ਵੈਟਰਨਰੀ ਹਸਪਤਾਲ, ਅਸਤਬਲ ਤੇ ਕਈ ਡੇਰੇ ਬਣੇ।

1908 ਵਿਚ ਰੇਲਵੇ ਸਟੇਸ਼ਨ ਬਣਿਆ ਅਤੇ ਰੇਲਵੇ ਆਵਾਜਾਈ ਸ਼ੁਰੂ ਹੋਈ। ਇਸੇ ਸਮੇਂ ਗੱਲਾ ਮੰਡੀ ਬਣੀ ਤੇ 1910 ਵਿਚ ਰੂੰ ਦੇ ਕਾਰਖਾਨੇ ਬਣੇ। 1915 ਵਿਚ ਆਨਰੇਰੀ ਮੈਜਿਸਟਰੇਟ ਦੀ ਅਦਾਲਤ ਬਣੀ। ਇਸੇ ਸਮੇਂ ਕੋਆਪਰੇਟਿਵ ਯੂਨੀਅਨ ਬੈਂਕ ਬਣਿਆ ਜਿਸ ਨਾਲ ਉਸ ਵਕਤ 153 ਪਿੰਡਾਂ ਦੀਆਂ 228 ਸੁਸਾਇਟੀਆਂ ਸਬੰਧਤ ਸਨ।

1906 ਵਿਚ ਪਹਿਲਾ ਮਾਸਿਕ ਪੱਤਰ 'ਦੂਖ ਨਿਵਾਰਨ' ਭਾਈ ਮੋਹਨ ਸਿੰਘ ਵੈਦ ਵੱਲੋਂ ਕੱਢਿਆ ਗਿਆ। 1911 ਵਿਚ ਮਾਸਿਕ 'ਗ੍ਰੰਥੀ' ਜਾਰੀ ਹੋਇਆ। ਇਸੇ ਸਮੇਂ ਖਾਲਸਾ ਪ੍ਰਚਾਰਕ ਪ੍ਰੈਸ, ਪ੍ਰਚਾਰ ਸੇਵਕ ਅੰਮ੍ਰਿਤ ਪ੍ਰੈਸ ਲੱਗੇ ਤੇ ਗੁਰਮੁਖੀ ਤੇ ਹਿੰਦੀ ਮਾਸਿਕ ਪੱਤਰ ਜਾਰੀ ਹੋਏ।

ਗੁਰਦੁਆਰਿਆਂ ਦਾ ਪ੍ਰਬੰਧ ਸਰਕਾਰ ਦੀ ਨਿਗਰਾਨੀ ਹੇਠ ਹੋਣ ਕਰਕੇ ਸਰਕਾਰ ਕਮੇਟੀਆਂ ਬਣਾਉਂਦੀ ਸੀ ਜੋ ਸਰਬਰਾਹ ਦੇ ਅਧੀਨ ਹੁੰਦੀਆਂ ਸਨ ਤੇ ਸਰਬਰਾਹ ਅੱਗੋਂ ਡਿਪਟੀ ਕਮਿਸ਼ਨਰ ਦੇ ਅਧੀਨ। 1920 ਈ. ਤਕ ਨਾ ਨਵੀਂ ਕਮੇਟੀ ਬਣੀ ਤੇ ਨਾ ਹੀ ਕੋਈ ਮੀਟਿੰਗ ਹੋਈ ਜਿਸ ਕਰਕੇ ਪੁਜਾਰੀ ਤੇ ਸਰਬਰਾਹ ਰਲ ਕੇ ਗੁਰਦੁਆਰਿਆਂ ਵਿਚ ਖਰਾਬੀਆਂ ਕਰਨ ਲੱਗੇ। ਗੁਰਦੁਆਰੇ ਵਿਚ ਮੂਰਤੀ ਪੂਜਾ ਆਮ ਸੀ। ਸਰੋਵਰ ਦੀ ਦੱਖਣੀ ਬਾਹੀ ਦੀ ਗੁੱਠ ਵਿਚ ਭੈਰੋਂ ਦੀ ਮੂਰਤੀ ਹੁੰਦੀ ਸੀ, ਜਿਸ 'ਤੇ ਲੋਕ ਸੰਧੂਰ ਚੜਾਉਂਦੇ ਤੇ ਰੋਗਾਂ ਦੇ ਨਾਸ਼ ਲਈ ਲੈ ਜਾਂਦੇ ਸਨ। ਇਹਦੇ ਨਾਲ ਹੀ ਸ਼ੇਰਾਂ ਵਾਲੀ ਮਾਤਾ ਦੀ ਮੂਰਤੀ ਸੀ। ਇਨਾਂ ਮੂਰਤੀਆਂ ਨੂੰ ਸਵੇਰੇ ਸਰੋਵਰ ਵਿਚ ਇਸ਼ਨਾਨ ਕਰਾਇਆ ਜਾਂਦਾ ਤੇ ਫਿਰ ਇਨਾਂ ਦੀ ਪੂਜਾ ਕੀਤੀ ਜਾਂਦੀ। ਮੱਸਿਆ ਦੇ ਮੇਲੇ ਮੌਕੇ ਹੋਰ ਵੀ ਭੈੜਾ ਹਾਲ ਹੁੰਦਾ। ਸਰੋਵਰ ਵਿਚ ਸ਼ਰਾਬ ਦੀਆਂ ਬੋਤਲਾਂ ਠੰਢੀਆਂ ਕਰਕੇ ਪੀਤੀਆਂ ਜਾਂਦੀਆਂ, ਦੋਹੜੇ ਲੱਗਦੇ, ਮੁਜਰੇ ਹੁੰਦੇ ਤੇ ਬੱਕਰੇ ਬੁਲਾਏ ਜਾਂਦੇ। ਧੀਆਂ ਭੈਣਾਂ ਦੀ ਇੱਜ਼ਤ ਇਨਾਂ ਮੇਲਿਆਂ 'ਚ ਮਹਿਫੂਜ਼ ਨਹੀਂ ਸੀ, ਕੰਜਰੀਆਂ ਨੱਚਦੀਆਂ ਤੇ ਕਤਲ ਹੋ ਜਾਂਦੇ ਸਨ। ਅਜਿਹੇ ਹਾਲਾਤ ਵਿਚ 24 ਜਨਵਰੀ 1921 ਨੂੰ ਸੰਗਤ ਨੇ ਅਕਾਲ ਤਖ਼ਤ 'ਤੇ ਫਰਿਆਦ ਕੀਤੀ। 26 ਜਨਵਰੀ ਨੂੰ ਸਿੰਘਾਂ ਦਾ ਜਥਾ ਰੇਲ ਰਾਹੀਂ ਤਰਨ ਤਾਰਨ ਪੁੱਜਿਆ। ਸਾਰਾ ਦਿਨ ਪਤਵੰਤੇ ਸੱਜਣਾਂ ਦੀ ਅਗਵਾਈ ਵਿਚ ਮੀਟਿੰਗਾਂ ਹੁੰਦੀਆਂ ਰਹੀਆਂ, ਪਰ ਸ਼ਾਮ ਨੂੰ ਜਦੋਂ ਸਮਝੌਤੇ ਲਈ ਮਸੌਦਾ ਤਿਆਰ ਹੋ ਗਿਆ ਤਾਂ ਸਿੰਘ ਦਰਬਾਰ ਸਾਹਿਬ ਅੰਦਰ ਚਲੇ ਗਏ, ਪਰ ਅੰਦਰ ਪੁਜਾਰੀਆਂ ਨੇ ਹਮਲਾ ਕਰ ਦਿੱਤਾ ਤੇ ਕੱਟ-ਵੱਢ ਸ਼ੁਰੂ ਹੋ ਗਈ, ਜਿਸ ਦੇ ਸਿੱਟੇ ਵਜੋਂ ਭਾਈ ਬਲਵੰਤ ਸਿੰਘ ਤੇ ਭਾਈ ਹਜ਼ਾਰਾ ਸਿੰਘ ਸ਼ਹੀਦ ਹੋ ਗਏ। ਕਈ ਸਿੰਘ ਜ਼ਖਮੀ ਹੋ ਗਏ। ਸ਼ਹੀਦਾਂ ਦੇ ਭੋਗ 'ਤੇ ਭਾਈ ਲਛਮਨ ਸਿੰਘ ਨੇ ਅਰਦਾਸ ਕੀਤੀ ਕਿ ਜੇ ਮੇਰੀ ਅਰਦਾਸ ਕਬੂਲ ਹੋਵੇ ਤਾਂ ਨਨਕਾਣੇ ਸਾਹਿਬ ਦੀ ਮੁਕਤੀ ਲਈ ਪਹਿਲੀ ਸ਼ਹੀਦੀ ਮੇਰੀ ਹੋਵੇ ਤੇ ਆਪ ਦੀ ਅਰਦਾਸ ਕਬੂਲ ਹੋ ਗਈ ਤੇ ਇੰਜ ਗੁਰਦੁਆਰਾ ਸੁਧਾਰ ਲਹਿਰ ਨੇ ਗੁਰਦੁਆਰਿਆਂ ਨੂੰ ਕੁ ਪ੍ਰਬੰਧ ਤੋਂ ਮੁਕਤ ਕੀਤਾ।

- ਸ. ਨਾਜ਼ਰ ਸਿੰਘ
# 0161-2632136

# ਅੱਝੀ ਲੋਕ ਅੱਝੀ ਬੋਲੀ



ਇੰਡੀਆ ਦੇ ਸੰਵਿਧਾਨ ਵਿੱਚ Secular ਸ਼ਬਦ ਲਿਖਿਆ ਗਿਆ ਹੈ। ਇਸ ਦਾ ਮਤਲਬ ਸਰਕਾਰ ਦਾ ਕੋਈ ਸਰਕਾਰੀ ਧਰਮ ਨਹੀ ਹੋਵੇਗਾ। ਸਰਕਾਰ ਲੋਕਾਂ ਨਾਲ ਬਿਨਾਂ ਕਿਸੇ ਭੇਤ ਭਾਵ ਦੇ ਇਕੋ ਜਿਹਾ ਸਲੂਕ ਕਰੇਗੀ। ਲੋਕਾਂ ਦੇ ਮੁੱਢਲੇ ਅਧਿਕਾਰਾਂ ਦੀ ਰਾਖੀ ਕਰੇਗੀ, ਜਿਹੜੇ ਕਿ ਸੰਵਿਧਾਨ ਵਿੱਚ ਦਰਜ਼ ਹਨ। ਇਹ ਅਧਿਕਾਰ ਹੇਠ ਲਿਖੇ ਇਸ ਪ੍ਰਕਾਰ ਹਨ:-

1.Right to Equality (Art. 14-18)
2.Right to Freedom (Art. 19-22)
3.Right against Exploitation (Art. 23-24)
4.Right to Freedom of Religion (Art. 25-28)
5.Cultural & Educational Rights (Art. 29-30)
6.Right to Constitutional Remedies (Art. 32)

ਸੰਵਿਧਾਨ ਘਾੜਿਆਂ ਨੇ ਸੰਵਿਧਾਨ ਬਣਾਉਣ ਤੇ ਚੰਗੀ ਮਿਹਨਤ ਮੁਸ਼ੱਕਤ ਕੀਤੀ ਅਤੇ ਕਈ ਦੇਸ਼ਾਂ ਦੇ ਸੰਵਿਧਾਨਾਂ ਨੂੰ ਘੋਖਣ ਉਪਰੰਤ, ਕੁੱਝ ਨਹਿਰੂ ਦੀ ਸੋਚ ਮੁਤਾਬਿਕ ਅਤੇ ਸੰਵਿਧਾਨ ਦੀ ਦੂਰ ਦ੍ਰਿਸ਼ਟੀ ਨੂੰ ਧਿਆਨ ਵਿੱਚ ਰੱਖਦਿਆਂ ਸੰਵਿਧਾਨ ਘੜਿਆ ਗਿਆ ਹੈ ਤਾਂ ਕਿ ਇਹਦੇ ਨਾਲ ਸਹੀ ਢੰਗ ਨਾਲ ਰਾਜ ਪ੍ਰਬੰਧ ਚਲਾਇਆ ਜਾ ਸਕੇ ਅਤੇ ਲੋਕਾਂ ਦੀ ਭਲਾਈ ਦਾ ਕੰਮ ਕੀਤਾ ਜਾ ਸਕੇ।

1975 ਵਿੱਚ ਜਦੋਂ ਮੌਕੇ ਦੇ ਪ੍ਰਧਾਨ ਮੰਤਰੀ ਇਲਾਹਾਬਾਦ High Court ਵਿੱਚ ਕੇਸ ਹਾਰ ਗਈ ਤਾਂ ਉਸ ਨੇ ਆਪਣੀ ਖੁਦਗਰਜ਼ੀ ਲਈ ਪਾਰਲੀਮੈਂਟ ਨੂੰ ਵਰਤਿਆ। ਅਫਸੋਸ ਉਸ ਬੇਲੇ (ਵੇਲ਼ੇ) ਦੇ ਪਾਰਲੀਮੈਂਟੇਰੀਅਨਾਂ ਨੇ ਵੀ ਇੰਦਰਾ ਦਾ ਸਾਥ ਦਿੱਤਾ। ਜਿਸ ਦੇ ਸਿੱਟੇ ਵਜੋਂ ਐਮਰਜੈਂਸੀ ਲਾਗੂ ਕਰ ਦਿੱਤੀ ਅਤੇ ਲੋਕਾਂ ਦੇ ਮੁੱਢਲੇ ਅਧਿਕਾਰ ਵੀ ਮੁਅੱਤਲ਼ ਕਰ ਦਿੱਤੇ ਗਏ। ਐਮਰਜੈਂਸੀ ਦੌਰਾਨ ਕਈ ਲੋਕਾਂ ਨਾਲ ਧੱਕੇ ਵੀ ਹੋਏ। ਇਸ ਤਰਾਂ ਸੰਵਿਧਾਨ ਅਤੇ ਪਾਰਲੀਮੈਂਟ ਦੇ ਨਾਂ ਤੇ ਲੋਕਾਂ ਦੇ ਸੰਵਿਧਾਨਕ ਹੱਕ ਮਾਰੇ ਗਏ। 1977 ਦੀਆਂ ਚੋਣਾਂ ਵਿੱਚ ਲੋਕਾਂ ਨੇ ਇੰਦਰਾ ਅਤੇ ਸੰਜੇ ਗਾਂਧੀ ਨੂੰ ਅਤੇ ਕਾਂਗਰਸ ਨੂੰ ਹਰਾ ਦਿੱਤਾ ਅਤੇ ਸਿੱਟੇ ਵਜੋਂ ਮੁਰਾਰਜੀ ਦੇਸਾਈ ਦੀ ਅਗਵਾਈ ਵਿੱਚ ਜਨਤਾ ਪਾਰਟੀ ਦੀ ਨਵੀਂ ਸਰਕਾਰ ਬਣੀ। ਉਸ ਨੇ ਸੰਵਿਧਾਨ ਵਿੱਚ ਤਰਮੀਮ ਕਰਕੇ ਉਪਰੋਕਤ ਬਿਗਾੜਾਂ ਨੂੰ ਸਹੀ ਕੀਤਾ। ਮੁਰਾਰਜੀ ਸਰਕਾਰ ਨੇ ਮੰਡਲ ਕਮਿਸ਼ਨ ਬਣਾਇਆ ਤਾਂ ਕਿ b ਦੇ ਲੋਕਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਇਸ ਨਾਲ ਲੋਕਾਂ ਦੀ ਭਲਾਈ ਹੋ ਸਕੇ ਅਤੇ ਲੋਕਾਂ ਦੇ ਹੱਕਾਂ ਦੀ ਵੀ ਰਾਖੀ ਹੋ ਸਕੇ।

1927 ਵਿੱਚ Indian Archaeology ਦੇ Director, John Marshall ਸਨ। ਜਿਸ ਦੀ ਅਗਵਾਈ ਵਿੱਚ Indus Valley ਬਾਰੇ Report ਜ਼ਾਰੀ ਕੀਤੀ ਗਈ, ਜਿਸ ਵਿੱਚ ਕਿਹਾ ਗਿਆ ਹੈ ਕਿ Indus Valley ਦੇ ਲੋਕ, ਅੱਜ ਤੋਂ 5000 ਸਾਲ ਪਹਿਲਾਂ ਦੀ ਇਸ ਸੱਭਿਅਤਾ ਦੇ ਮਾਲਕ ਸਨ। ਇਹ ਉਨਾਂ ਦੀ ਆਪਣੀ ਸੱਭਿਅਤਾ ਸੀ। ਇਸ ਤੋਂ ਪਹਿਲਾ ਇਸ ਉੱਤਰੀ ਭਾਰਤ ਦੀ ਸੱਭਿਅਤਾ ਨੂੰ ਹਿੰਦੂ ਧਾਰਮਿਕ ਆਗੂ ਆਰੀਆ ਸਭਿਅਤਾ ਮੰਨਦੇ ਸਨ ਜਿਸ ਦਾ ਆਪਣੇ ਆਪ ਹੀ ਖੰਡਨ ਹੋ ਜਾਂਦਾ ਹੈ ਅਤੇ ਇਨਾਂ ਦੀ ਇਹ ਗਲਤ ਰਾਏ ਹੀ ਲੋਕਾਂ ਨੂੰ ਕੁਰਾਹੇ ਪਾਉਂਦੀ ਰਹੀ, ਜਿਸ ਵਿੱਚ ਹਿੰਦੂ, ਸਿੱਖ ਅਤੇ ਮੁਸਲਮਾਨ ਵਿਦਵਾਨ ਵੀ ਸ਼ਾਮਿਲ ਹਨ।

ਡਾ. ਮੈਕਸ ਮੂਲਰ ਦਾ ਮੱਤ ਹੈ ਕਿ ਆਰੀਆ ਮੱਧ ਏਸ਼ੀਆ ਤੋਂ ਭਾਰਤ ਵਿੱਚ ਦਾਖਲ ਹੋਏ ਹਨ। Indian Antiquity ਅਨੁਸਾਰ ਆਰੀਆ Indian Sub Continent ਵਿੱਚ ਬਾਹਰੋਂ ਆਏ ਹਨ ਅਤੇ ਇਹ ਸਿੰਧ ਘਾਟੀ ਦੇ ਵਸ਼ਿੰਦਿਆਂ ਦੇ ਮੁਕਾਬਲੇ ਕਾਫੀ ਘੱਟ ਗਿਣਤੀ ਵਿੱਚ ਸਨ, ਜਿਹੜਾ ਕਿ ਇੱਥੇ ਦੇ ਲੋਕਾਂ ਦੇ ਕਲਚਰ ਅਤੇ ਬੋਲੀ ਤੇ ਕੋਈ ਅਸਰ ਨਹੀਂ ਪਾ ਸਕੇ। John Beam ਆਪਣੀ ਕਿਤਾਬ Aryan Compartive Grammar ਵਿੱਚ ਮੰਨਦਾ ਹੈ ਕਿ ਆਰੀਆ ਲੋਕਾਂ ਨੇ ਬਹੁਤ ਸਾਰੇ ਸ਼ਬਦ ਇੱਥੋ ਦੇ Native ਲੋਕਾਂ ਤੋਂ ਉਧਾਰ ਲਏ ਹਨ।ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨ ਜੀ ਦਾ ਮੱਤ ਹੈ ਕਿ ਆਰੀਆ ਪੰਜਾਬ ਰਾਹੀਂ ਹੀ Indian Sub Continent ਵਿੱਚ ਦਾਖਲ ਹੋਏ (ਦੇਖੋ Indian Phillosophy) ਹਨ। ਇੱਥੋਂ ਦੇ Native ਲੋਕਾਂ ਨੂੰ ਸ਼ੂਦਰ ਦਾ ਨਾਂ ਦਿੱਤਾ। ਭਾਰਤ ਵਿੱਚ ਆਰੀਆ ਦੇ ਦਾਖਲ ਹੋਣ ਤੋਂ ਪਹਿਲਾ ਆਰੀਆ ਦੇ 3 ਵਰਣ ਸਨ ਅਤੇ ਚੌਥਾ ਵਰਣ ਸਿੰਧ ਘਾਟੀ ਦੇ Native ਲੋਕਾਂ ਨੂੰ ਦਿੱਤਾ, ਜਿਸ ਨੂੰ ਸ਼ੂਦਰ ਕਿਹਾ ਜਾਂਦਾ ਹੈ। ਆਰੀਆ ਲੋਕਾਂ ਨੇ ਜਦੋਂ ਇੱਥੇ ਦੇ Native ਲੋਕਾਂ ਨੂੰ ਜਿੱਤ ਲਿਆ ਤਾਂ ਉਨਾਂ ਨੇ ਆਪਣਾ ਕਾਨੂੰਨ ਘੜਿਆ, ਜਿਸ ਰਾਹੀਂ ਸਿੰਧ ਘਾਟੀ ਦੇ ਲੋਕਾਂ ਨੂੰ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ। ਇਸ ਤਰਾਂ ਇੱਥੋ ਦੇ Native ਲੋਕਾਂ ਦੀ Position down ਹੋ ਗਈ ਅਤੇ ਅੱਜ ਤੱਕ ਵੀ Position down ਹੀ ਹੈ। ਉਨਾਂ ਨੇ ਇੱਥੇ ਦੇ ਲੋਕਾਂ ਦੀ ਰਹਿਤਲ਼ 'ਤੇ ਪਰਦਾ ਪਾਉਣਾ ਸ਼ੁਰੂ ਕਰ ਦਿੱਤਾ, ਜਿਹਦਾ ਸਾਨੂੰ ਵੇਰਵਾ ਰਿਗਵੇਦ ਦੇ ਮੰਤਰਾਂ ਤੋਂ ਪਤਾ ਚਲਦਾ ਹੈ ਕਿ ਕਿਵੇਂ ਇੰਦਰ ਕਿਲੇ ਢਾਉਂਦਾ ਹੈ ਅਤੇ ਇੱਥੇ ਦੇ ਲੋਕਾਂ ਨਾਲ ਬਦਸਲੂਕੀ ਅਤੇ ਚੀਰ ਫਾੜ ਕਰਦਾ ਹੈ। ਕਿਉਂਕਿ ਉਨਾਂ ਦਾ ਰਾਜ ਖੁਸਣ ਮਗਰੋਂ ਆਰੀਆ ਦੇ ਅੱਝੀ ਹੋ ਗਏ। ਉਹ ਆਪਣੇ ਕਨੂੰਨ ਇਸ ਪ੍ਰਕਾਰ ਬਣਾਉਂਦੇ ਕਿ ਇਹ ਲੋਕ ਆਪਣੇ ਪੈਰਾਂ ਤੇ ਮੁੜ ਖੜੇ ਨਾ ਹੋ ਸਕਣ।ਸੱਭ ਵੱਡਾ ਨੁਕਸਾਨ ਇਹ ਹੋਇਆ ਕਿ ਇੱਥੋਂ ਦੇ ਲੋਕਾਂ ਦੀ ਬੋਲੀ ਨੂੰ ਦਬਾਇਆ ਅਤੇ ਆਪਣੀ ਰਿਗਵੇਦ ਦੀ ਬੋਲੀ ਨੂੰ ਉੱਚਾ ਚੁੱਕਿਆ ਮਜ਼ਬੂਰ ਹੋਣ ਕਰਕੇ, ਮਜ਼ਬੂਰੀਵਸ ਇਹਨਾਂ ਦੀ ਬੋਲੀ ਵੀ Degrade ਹੋ ਗਈ ਅਤੇ ਅੱਜ ਤੱਜ ਵੀ ਸਿੰਧ ਘਾਟੀ ਦੇ ਲੋਕਾਂ ਦੀ ਬੋਲੀ ਪ੍ਰਤੀ ਹੀਣਭਾਵਨਾ ਹੈ।




ਸਿੰਧ ਘਾਟੀ ਦੇ ਲੋਕ ਅੱਝੀ ਹੋਣ ਮਗਰੋਂ ਇਹ ਲੋਕ ਜਿੰਦਗੀ ਦੇ ਹਰ ਪੱਖ ਤੋਂ ਪਛੜ ਗਏ। ਇਨਾਂ ਵਿੱਚ ਵਿੱਦਿਆ ਨਾ ਹੋਣ ਕਰਕੇ, ਵਿਵੇਕ ਦੀ ਘਾਟ ਹੋ ਗਈ।ਵਕਤ ਦੇ ਹਾਕਮਾਂ ਦੀ ਜ਼ਿਆਤੀ ਦਾ ਸ਼ਿਕਾਰ ਹੋਣ ਲੱਗੇ ਕਿਉਂਕਿ ਇਨਾਂ ਕੋਲ ਵਿਵੇਕ ਦੀ ਘਾਟ ਸੀ ਅਤੇ ਆਪਣੇ ਹੱਕਾਂ ਪ੍ਰਤੀ ਬੇ-ਪ੍ਰਵਾਹ ਸਨ ਅਤੇ ਦੂਸਰਿਆਂ ਦੇ ਹੱਕਾਂ ਲਈ ਕੰਮ ਕਰਦੇ ਰਹੇ ਅਤੇ ਆਪਣੇ ਹੱਕਾਂ ਨੂੰ ਭੁਲਦੇ ਗਏ।

ਮੰਨੂੰ ਸਿਮਤ੍ਰੀ ਅਨੁਸਾਰ ਸ਼ੂਦਰਾਂ ਨੂੰ ਸਿਰਫ ਸੇਵਾ ਦਾ ਹੀ ਅਧਿਕਾਰ ਸੀ। ਉਹ ਸੇਵਾ ਬਿਨਾਂ ਪੈਸਿਆਂ ਦੀ ਵੀ ਸੀ ਅਤੇ ਪੈਸਿਆਂ ਵਾਲੀ ਸੇਵਾ ਵੀ ਸੀ। ਬਿਨਾਂ ਪੈਸਿਆਂ ਵਾਲੀ ਸੇਵਾ ਨੂੰ ਬਗਾਰ ਕਿਹਾ ਜਾਂਦਾ ਸੀ। ਇਸ ਤਰਾਂ ਅੱਝੀ ਲੋਕਾਂ ਲਈ ਘਰ ਚਲਾਉਣਾ ਵੀ ਬੜਾ ਔਖਾ ਸੀ।

ਆਰੀਆ ਜੇਤੂ ਦੀ ਸ਼ਕਲ ਵਿੱਚ ਜਿੱਥੇ-ਜਿੱਥੇ ਗਏ, ਉਨਾਂ ਨੇ ਆਪਣਾ ਕਨੂੰਨ ਅਤੇ ਆਪਣੇ ਸੱਭਿਆਚਾਰ ਦੀ ਬੋਲੀ ਨੂੰ ਹੀ ਲਾਗੂ ਕੀਤਾ ਅਤੇ ਆਪਣੀ ਪੈਂਠ ਬਣਾਉਂਦੇ ਚਲੇ ਗਏ। ਉਨਾਂ ਨੇ ਆਪਣੇ ਅਧੀਨ ਲੋਕਾਂ ਨੂੰ ਵੱਖੋ-ਵੱਖ ਸ਼ਬਦਾਂ ਨਾਲ ਪੁਕਾਰਿਆ ਜਿਵੇਂ ਦੈਂਤ, ਰਾਕਸ਼, ਦਾਸ ਅਤੇ ਦੱਸਯੂ ਆਦਿ। ਇਨਾਂ ਦੇ ਦਿਮਾਗਾਂ ਵਿੱਚ ਇਹ ਗੱਲ ਭਰ ਦਿੱਤੀ ਗਈ ਕਿ ਇਹ ਅੱਝੀ ਲੋਕ ਕੁਦਰਤੀ ਹੀ ਨੀਚ ਹਨ। ਸਿਰਫ ਆਰੀਆ ਲੋਕ ਹੀ ਊਚ ਹਨ ਅਤੇ ਕੁਦਰਤੀ ਹੀ ਉਹ ਉੱਚੇ ਹਨ। ਆਰੀਆ ਦੀ ਇਹ ਪਾਲਸੀ ਕਾਫੀ ਕਾਮਯਾਬ ਰਹੀ। ਇੱਥੋਂ ਦੇ ਕਈ ਨਸਲਾਂ ਦੇ ਲੋਕਾਂ ਨੂੰ ਇਸੇ ਪਾਲਸੀ ਨਾਲ ਗੁਲਾਮ ਕਰ ਲਿਆ। ਸੱਭ ਤੋਂ ਪਹਿਲਾਂ ਉਹ ਸ਼ੂਦਰਾਂ ਨੂੰ ਗੁਲਾਮ ਕਰ ਚੁੱਕੇ ਸਨ। ਫਿਰ ਤਿੱਬਤੀ, ਮੁੰਡਾ ਅਤੇ ਦ੍ਰਾਵਿੜ ਨਸਲ ਦੇ ਲੋਕ ਆਰੀਆ ਦੀਆਂ ਅੱਖਾਂ ਵਿੱਚ ਰੜਕਣ ਲੱਗੇ। ਇਸ ਤਰਾਂ ਆਰੀਆ ਨੇ ਅਜਿਹੀ ਨੀਤੀ ਬਣਾਈ ਕਿ ਇਹ ਲੋਕ ਵੀ ਆਰੀਆ ਦਾ ਸਾਥ ਦੇਣ ਲਈ ਤਿਆਰ ਹੋ ਗਏ। ਇਸ ਪ੍ਰਕਾਰ ਆਰੀਆ ਆਪਣੀ ਸੱਭਿਅਤਾ ਦੀ ਬੋਲੀ ਨੂੰ ਇਨਾਂ ਸੱਭਿਅਤਾ ਦੇ ਲੋਕਾਂ ਉੱਪਰ ਮੜਣ ਵਿੱਚ ਕਾਮਯਾਬ ਹੋ ਗਿਆ। ਜੇ ਅੱਜ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਆਰੀਆ ਨਸਲ ਭਾਰਤ ਵਿੱਚ ਖਤਮ ਹੋ ਚੁੱਕੀ ਹੈ। ਕਿਉਂਕਿ ਇਹ ਬਹੁਤ ਘੱਟ ਗਿਣਤੀ ਵਿੱਚ ਸਨ ਅਤੇ ਭਾਸ਼ਾ ਦਾ ਇੱਕ ਨਿਯਮ ਹੈ ਕਿ ਘੱਟ ਗਿਣਤੀ ਬਹੁ ਗਿਣਤੀ ਵਿੱਚ ਖਪ ਜਾਂਦੀ ਹੈ। ਸੋ ਅੱਜ ਆਰੀਆ ਭਾਰਤ ਵਿੱਚ ਕਿਤੇ ਵੀ ਨਹੀਂ ਹੈ ਅਤੇ ਬੋਲੀ ਤਾਂ ਬਹੁਤ ਦੂਰ ਦੀ ਗੱਲ ਹੈ। ਅੱਜ ਹਿੰਦੂ ਅਤੇ ਸਿੱਖ ਵਿਦਵਾਨਾਂ ਰਾਹੀਂ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਭਾਰਤ ਦੀਆਂ ਮਾਡਰਨ ਕਹੀਆਂ ਜਾਣ ਵਾਲੀਆਂ ਬੋਲੀਆਂ ਸੰਸਕ੍ਰਿਤ ਵਿੱਚੋਂ ਹੀ ਨਿਕਲੀਆਂ ਹਨ। ਜੈਨੀਆਂ ਅਤੇ ਬੋਧੀਆਂ ਦਾ ਪ੍ਰਕ੍ਰਿਤਾਂ ਬਾਰੇ ਵਿਚਾਰ ਹੈ ਕਿ ਇਹ ਕੁਦਰਤੀ ਬੋਲੀਆਂ ਹਨ, ਜਦਕਿ ਡਾ. ਪਿਸ਼ਲ ਪ੍ਰਕ੍ਰਿਤਾਂ ਨੂੰ ਵੇਦ ਨਾਲ ਜੋੜਦਾ ਹੈ ਜੋ ਕਿ ਬਿਲਕੁੱਲ ਗਲਤ ਹੈ। ਉਹ ਪ੍ਰਕ੍ਰਿਤਾਂ ਵਿੱਚ ਵੇਦ ਅਤੇ ਪ੍ਰਕ੍ਰਿਤਾਂ ਦੇ ਸ਼ਬਦਾਂ ਦਾ ਸਾਮਾਪਨ ਦੱਸਦਾ ਹੈ, ਜੋ ਕਿ ਬਿਲਕੁੱਲ ਗਲਤ ਹੈ। ਇਸ ਤਰਾਂ ਨਾ ਤਾਂ ਪ੍ਰਕ੍ਰਿਤਾ ਦਾ ਗਰੈਮਰ ਵੇਦ ਦੇ ਗਰੈਮਰ ਨਾਲ ਮਿਲਦਾ ਹੈ ਅਤੇ ਨਾ ਹੀ ਅਭ੍ਰੰਸ਼ ਨਾਮ ਮਿਲਦਾ ਹੈ। ਇਸ ਤਰਾਂ ਨਾ ਹੀ ਮਾਡਰਨ ਕਹੀਆਂ ਜਾਣ ਵਾਲੀ ਬੋਲੀਆਂ ਦਾ ਸੰਸਕ੍ਰਿਤ, ਪ੍ਰਕ੍ਰਿਤ ਅਤੇ ਅਭ੍ਰੰਸ਼ ਨਾਲ ਗਰੈਮਰ ਦੇ ਤੌਰ ਤੇ ਕੁਝ ਸਾਂਝਾ ਹੈ। ਜਦਕਿ ਅਚਾਰਿਆ ਹੇਮ ਚੰਦਰ ਮਾਡਰਨ ਕਹੀਆਂ ਜਾਣ ਵਾਲੀਆਂ ਬੋਲੀਆਂ ਨੂੰ ਅਭ੍ਰੰਸ਼ਾਂ ਵਿੱਚੋਂ ਨਿਕਲੀਆਂ ਮੰਨਦਾ ਹੈ।

ਕੁੱਝ ਵਿਦਵਾਨਾਂ ਦਾ ਮੱਤ ਹੈ ਕਿ ਭਾਰਤੀ ਬੋਲੀਆਂ ਦ੍ਰਾਵਿੜੀਅਨ ਬੋਲੀਆਂ ਹਨ। ਇਹ ਥਿਊਰੀ ਨਵੀਂ ਘੜੀ ਹੈ ਤਾਂ ਕਿ ਸਿੰਧ ਘਾਟੀ ਦੇ ਲੋਕਾਂ ਨੂੰ degrade ਕੀਤਾ ਜਾਵੇ ਜਿਹੜੇ ਕਿ ਸ਼ੂਦਰ ਸਨ ਅਤੇ ਜਿਨਾਂ ਦੀ ਬੋਲੀ ਪੰਜਾਬੀ, ਸਿੰਧੀ ਅਤੇ ਕਈ ਹੋਰ ਬੋਲੀਆਂ ਸਨ। ਜਦ ਅਸੀਂ ਦ੍ਰਾਵਿੜੀਅਨ ਬੋਲੀਆ ਦਾ ਪੰਜਾਬੀ ਅਤੇ ਸਿੰਧੀ ਆਦਿ ਬੋਲੀਆਂ ਦਾ ਆਪਸ ਵਿੱਚ ਟਾਕਰਾ ਕਰਦੇ ਹਾਂ ਤਾਂ ਸਾਨੂੰ ਗਰੈਮਰ ਦੇ ਤੌਰ ਤੇ ਕੁੱਝ ਵੀ ਸਾਂਝਾ ਨਹੀਂ ਮਿਲਦਾ ਹੈ। ਇਨਾਂ ਬੋਲੀਆ ਦਾ ਗਰੈਮਰ ਵੀ ਅੱਡੋ ਅੱਡ ਹਨ। ਸਿੰਧੀ ਗਰੈਮਰ ਦਾ ਨਮੂਨਾ ਅਸੀਂ Earnest Triumph ਦੀ ਸਿੰਧੀ ਗਰੈਮਰ ਵਿੱਚ ਦੇਖ ਸਕਦੇ ਹਾਂ।ਪੰਜਾਬੀ ਦੇ ਰੂਪ ਅਸੀਂ ਭਾਈ ਗੁਰਦਾਸ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੇਖ ਸਕਦੇ ਹਾਂ।ਜਦੋਂ ਅਸੀ ਇਸ ਦਾ ਟਾਕਰਾ ਦੂਸਰੀ ਬੋਲੀਆ ਦੇ ਗਰੈਮਰਾਂ ਨਾਲ ਕਰਦੇ ਹਾਂ ਤਾਂ ਰੂਟ ਸਮੇਤ ਸਾਨੂੰ ਕੁੱਝ ਵੀ ਸਾਂਝਾ ਨਹੀਂ ਮਿਲਦਾ ਹੈ। Wikipaedia ਅਨੁਸਾਰ ਸੀਥੀਅਨ ਲੋਕ ਜੋ War like ਲੋਕ ਸਨ, ਜਿਨਾਂ ਦੀ ਹਿਸਟਰੀ ਸਾਨੂੰ 1100 2.3 ਮਿਲਦੀ ਹੈ, ਨੂੰ ਗ੍ਰੀਕਾਂ ਨੇ ਹਰਾਇਆਂ। ਅੱਜ ਸਾਨੂੰ ਉਨਾਂ ਦੀ ਬੋਲੀ ਦਾ ਕੋਈ ਸਬੂਤ ਨਹੀਂ ਮਿਲਦਾ। ਅੱਜ ਸਾਨੂੰ ਉਨਾਂ ਦੀ ਨਸਲ ਬਾਰੇ ਵੀ ਕੁੱਝ ਪਤਾ ਨਹੀਂ ਲਗਦਾ ਹੈ। ਇਸੇ ਤਰਾਂ ਫੋਨੀਸ਼ੀਅਨ ਲੋਕਾਂ ਦੀ ਵੀ ਸੰਸਾਰ ਵਿੱਚ ਪ੍ਰਸਿੱਧੀ ਰਹੀ। ਇਹ ਲੋਕ ਆਪਣੇ ਆਪ ਨੂੰ ਕਨੈਤੇ ਕਹਾਉਂਦੇ ਸਨ। ਇਨਾਂ ਨੇ ਕਈ ਵੱਡੀਆਂ-ਵੱਡੀਆਂ ਜਿੱਤਾਂ ਵੀ ਹਾਸਲ ਕੀਤੀਆਂ। ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਪਣੀ ਨਾ ਦਾ ਜ਼ਿਕਰ ਆਉਂਦਾ ਹੈ, ਸ਼ਾਇਦ ਇਹ ਫੋਨੀਸ਼ੀਅਨ ਲੋਕ ਹੀ ਹੋਣ। ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਪਣੀਆ ਨੇ ਇੰਦਰ ਦੀਆਂ ਗਾਵਾਂ ਚੁਰਾ ਲਈਆਂ ਅਤੇ ਇੰਦਰ ਨੇ ਆਪਣੀ ਦੂਤੀ ਸ਼ਰਮਾ ਭੇਜੀ, ਜਿਸ ਨੇ ਪਣੀਆ ਨੂੰ ਧਮਕੀ ਦਿੱਤੀ ਕਿ ਇੰਦਰ ਬਹੁਤ ਹੀ ਸ਼ਕਤੀਸ਼ਾਲੀ ਹੈ। ਪਰ ਪਣੀਆ ਨੇ ਪ੍ਰਵਾਹ ਨਹੀਂ ਕੀਤੀ। ਇਸ ਤੋਂ ਪਤਾ ਚਲਦਾ ਹੈ ਕਿ ਉਹ ਕਿੰਨੇ ਬਹਾਦਰ ਸਨ ਭਾਵੇਂ ਇਹ ਮਿਥਿਹਾਸ ਹੀ ਹੋਵੇ ਪਰ ਇਹ ਬਿਰਤਾਂਤ ਸਾਨੂੰ ਵੇਦ ਵਿੱਚ ਮਿਲਦਾ ਹੈ। ਇਨਾਂ ਤੋਂ ਛੁੱਟ ਇੱਥੇ ਹੋਰ ਕਈਆਂ ਨਸਲਾਂ ਨੇ ਇੱਥੇ ਧਾਵਾ ਬੋਲਿਆ ਜਿਵੇਂ ਈਰਾਨੀ, ਸੀਥੀਅਨ, ਹੂਣ, ਸੈਮਟਿਕ ਅਤੇ ਤੁਰਕ-ਮੰਗੋਲਾਇਡ ਆਦਿ। ਇਨਾਂ ਸਾਰੀਆਂ ਨਸਲਾਂ ਨੇ ਇੱਥੇ ਹਮਲੇ ਕੀਤੇ ਅਤੇ ਜਿੱਤਾਂ ਹਾਸਲ ਵੀ ਕੀਤੀਆਂ।

ਮੌਜੂਦਾ ਸਮੇਂ ਭਾਰਤ ਵਿੱਚ ਲੋਕ ਨਾਂ ਤੇ ਸਰਕਾਰ ਚਲਦੀ ਹੈ, ਜਿਸ ਨੂੰ ਸੰਵਿਧਾਨ ਦੁਆਰਾ ਚਲਾਇਆ ਜਾਂਦਾ ਹੈ। ਭਾਰਤ ਦੇ ਮੌਜੂਦਾ ਹਾਕਮ ਆਪਣੇ ਆਪ ਨੂੰ ਸੰਵਿਧਾਨ ਨਾਲੋਂ ਉੱਚਾ ਸਮਝਦੇ ਹਨ। ਸੰਵਿਧਾਨ ਵਿੱਚ ਉਨਾਂ ਅਜਿਹੀ ਤਰਮੀਮ ਕੀਤੀ ਕਿ ਜਿਨਾਂ ਦੀ ਕੋਈ ਲੋੜ ਨਹੀ ਸੀ। ਇਨਾਂ ਨੇ ਇਹ ਤਰਮੀਮ ਇਸ ਲਈ ਕੀਤੀ ਤਾਂ ਕਿ ਬਹੁਤ ਗਿਣਤੀ ਨੂੰ ਖੁਸ਼ ਕੀਤਾ ਜਾ ਸਕੇ। ਇਸ ਤੋਂ ਪਹਿਲਾਂ ਸੰਵਿਧਾਨ ਉੱਤੇ ਦੋ ਸਿੱਖ ਨੁਮਾਇੰਦਿਆਂ ਨੇ ਦਸਤਖਤ ਨਹੀਂ ਕੀਤੇ ਸਨ ਤਾਂ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਹੁਣ ਸੰਵਿਧਾਨ ਬਣ ਗਿਆ ਹੈ ਸਾਇਨ ਨਹੀ ਕੀਤੇ ਤਾਂ ਨਾ ਸਹੀ। ਜਦੋਂ ਅਬਦੁੱਲ ਕਲਾਮ ਅਜ਼ਾਦ ਨੇ ਆਪਣਾ ਇਤਰਾਜ਼ ਦੱਸਿਆ ਹੈ ਕਿ ਹਿੰਦੋਸਤਾਨੀ ਬੋਲੀ ਨੂੰ communication ਬੋਲੀ ਨਾ ਬਣਨ ਦਾ ਮਾੜਾ ਕੰਮ ਕੀਤਾ। ਹਿੰਦੀ ਲੋਕਾਂ ਦੀ ਬੋਲੀ ਨਹੀਂ ਹੈ, ਜਦਕਿ ਹਿੰਦੋਸਤਾਨੀ ਬੋਲੀ ਹੀ ਲੋਕਾਂ ਦੀ ਬੋਲੀ ਹੈ। ਇੱਥੋ ਹੀ ਘੱਟ ਗਿਣਤੀਆਂ ਨੂੰ ਅੱਖੋ ਓਹਲੇ ਕਰਨਾ ਸ਼ੁਰੂ ਹੋ ਗਿਆ। ਮੌਜੂਦਾ ਹਾਕਮ ਤਾਂ ਹਿੰਦੂ ਰਾਸ਼ਟਰ ਦੀਆਂ ਗੱਲਾਂ ਕਰਨ ਲੱਗੇ ਹਨ। ਜਿਹੜਾ ਕਿ ਸੰਵਿਧਾਨ ਦੇ ਬਿਲਕੁੱਲ ਉੱਲਟ ਹੋ ਜਾਂਦਾ ਹੈ ਅਤੇ ਘੱਟ ਗਿਣਤੀਆਂ ਦੇ ਵਿਰੁੱਧ ਹੋ ਜਾਂਦਾ ਹੈ। ਸਿਰਫ ਬਹੁ ਗਿਣਤੀ ਨੂੰ ਹੀ ਖੁਸ਼ ਰੱਖਣ ਦੀ ਹੀ ਚਾਲ ਹੈ। ਘੱਟ ਗਿਣਤੀਆਂ ਨੂੰ

# ਹਿੰਦੂ ਆਗੂ ਸਾਵਰਕਰ ਬਾਰੇ ਕਾਂਗਰਸੀ ਆਗੂਆਂ ਦੇ ਬਿਆਨਾਂ ਵੱਲ ਵੀ ਝਾਤ ਮਾਰਨ : ਮਾਨ

**ਫ਼ਤਹਿਗੜ੍ਹ ਸਾਹਿਬ/** "ਆਰ.ਐਸ.ਐਸ-ਬੀਜੇਪੀ, ਸਿਵ ਸੈਨਾ, ਫਿਰਕੂ ਹਿੰਦੂਤਵ ਜਮਾਤਾਂ ਆਪਣੇ-ਆਪ ਨੂੰ ਉੱਚੇ-ਇਖ਼ਲਾਕ ਵਾਲੀਆ ਜਮਾਤਾਂ ਇਹ ਸਾਬਤ ਕਰਨ ਦੀਆਂ ਗੱਲਾਂ ਕਰਕੇ ਇਥੋਂ ਦੇ ਨਿਵਾਸੀਆ ਨੂੰ ਆਪਣੀ ਪੁਰਾਤਨ ਲੀਡਰਸ਼ਿਪ ਨੂੰ ਉਭਾਰਕੇ ਆਪਣੇ-ਆਪ ਨੂੰ ਸਭ ਤੋਂ ਸ੍ਰੇਸਟ ਦਰਸਾਉਦੀਆ ਹਨ । ਆਰ.ਐਸ.ਐਸ-ਬੀਜੇਪੀ ਆਪਣੇ ਆਗੂ ਵੀਰ ਸਾਵਰਕਰ ਨੂੰ ਆਪਣਾ ਮਾਰਗ ਦਰਸ਼ਕ ਕਰਾਰ ਦੇ ਕੇ ਹਿੰਦੂਆਂ ਨੂੰ ਉਸ ਸੋਚ ਉਤੇ ਪਹਿਰਾ ਦੇਣ ਦਾ ਪ੍ਰਚਾਰ ਕਰਦੀਆ ਹਨ ,ਉਸ ਬਾਰੇ ਮੱਧ-ਪ੍ਰਦੇਸ਼ ਦੇ ਇਕ ਕਾਂਗਰਸੀ ਵੱਲੋਂ ਬੀਤੇ ਦਿਨੀਂ ਜਾਰੀ ਕੀਤੇ ਗਏ ਇਕ ਕਿਤਾਬ "ਵੀਰ ਸਰਵਾਰਕਰ ਕਿਤਨੇ ਵੀਰ" ਵਿਚ ਤੱਥਾਂ ਸਹਿਤ ਉਸਦੇ ਸਮਲਿੰਗੀ ਹੋਣ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ । ਫਿਰ ਇਹ ਵੀਰ ਸਰਵਾਰਕਰ ਨੂੰ ਆਪਣਾ ਮਾਰਗ ਦਰਸ਼ਕ ਕਹਾਉਣ ਵਾਲੀ ਬੀਜੇਪੀ-ਆਰ.ਐਸ.ਐਸ. ਫਿਰਕੂ ਜਮਾਤਾਂ ਦੇ ਆਗੂ ਕਿੰਨੇ ਕੁ ਇਖਲਾਕੀ ਹੋਣਗੇ, ਜੋ ਵੀਰ ਸਾਵਰਕਰ ਨੂੰ ਇਹ ਫਿਰਕੂ ਆਗੂ ਉੱਚੇ-ਇਖ਼ਲਾਕ ਵਾਲਾ ਸਾਬਤ ਕਰਨਾ ਚਾਹੁੰਦੇ ਹਨ, ਉਹ ਤਾਂ ਗਾਂਧੀ ਦੇ ਕਾਤਲ ਨੱਥੂ ਰਾਮ ਗੌਡਸੇ ਨਾਲ ਸਮਲਿੰਗੀ ਵਿਚ ਮਸਰੂਫ ਸੀ, ਇਸੇ ਤਰਾਂ ਇਕ ਹੋਰ ਲੇਖਕ ਜੋਸਫ਼ ਲੇਲਾਈਵੇਲਡ ਦੁਆਰਾ ਲਿਖੀ ਗਈ ਗਾਂਧੀ ਦੀ ਜੀਵਨੀ ਗ੍ਰੇਟ ਸੋਲ (Great Soul) ਗਾਂਧੀ ਵਿਚ ਸਪੱਸਟ ਬਿਆਨ ਕੀਤਾ ਹੈ ਕਿ ਗਾਂਧੀ ਆਪਣੇ ਜਰਮਨ ਦੇ ਵਾਸੀ ਸ੍ਰੀ ਕਾਲੇਨਬਾਛ ਨਾਲ ਦੱਖਣੀ ਅਫ਼ਰੀਕਾ ਵਿਚ ਲੰਮਾਂ ਸਮਾਂ ਸਮਲਿੰਗੀ ਕਰਦੇ ਰਹੇ ਹਨ । ਕੀ ਹੁਣ ਉਸ ਬਾਰੇ ਕੋਈ ਖੋਜ਼ ਕਰਨ ਜਾਂ ਪੁੱਛਣ ਦੀ ਲੋੜ ਬਾਕੀ ਰਹਿ ਜਾਂਦੀ ਹੈ ?"

ਇਹ ਜਾਣਕਾਰੀ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਿੰਦੂਤਵ ਆਗੂ ਵੀਰ ਸਾਵਰਕਰ ਅਤੇ ਗਾਂਧੀ ਦੇ ਇਖ਼ਲਾਕ ਬਾਰੇ ਕਿਤਾਬਾਂ ਵਿਚ ਪ੍ਰਕਾਸ਼ਿਤ ਹੋਏ ਸੱਚ ਤੋਂ ਇਥੋਂ ਦੇ ਨਿਵਾਸੀਆ ਨੂੰ ਜਾਣੂ ਕਰਵਾਉਦੇ ਹੋਏ ਅਤੇ ਬੀਜੇਪੀ-ਆਰ.ਐਸ.ਐਸ, ਕਾਂਗਰਸ ਵਰਗੀਆ ਜਮਾਤਾਂ ਦੇ ਆਗੂਆਂ ਦੇ ਦਾਗੀ ਜੀਵਨ ਸੰਬੰਧੀ ਗੱਲ ਕਰਦੇ ਹੋਏ ਪ੍ਰਗਟ





ਕੀਤੇ । ਉਨਾਂ ਕਿਹਾ ਕਿ ਸਾਨੂੰ ਕਾਂਗਰਸ, ਬੀਜੇਪੀ-ਆਰ.ਐਸ. ਐਸ, ਸੈਂਟਰ ਦੀ ਯੂਨੀਅਨ ਹੋਮ ਮਨਿਸਟਰ, ਦਾ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਹਿੰਦੂਸਤਾਨ ਟਾਈਮਜ਼, ਟਾਇਮਜ਼ ਆਫ਼ ਇੰਡੀਆ ਬਿਨਾਂ ਤੱਥਾਂ ਅਤੇ ਸੱਚਾਈ ਤੋਂ ਆਪਣੇ ਮੀਡੀਏ ਰਾਹੀ ਅਤੇ ਪ੍ਰਚਾਰ ਸਾਧਨਾਂ ਰਾਹੀ ਅੱਤਵਾਦੀ, ਵੱਖਵਾਦੀ, ਗਰਮਦਲੀਏ, ਸ਼ਰਾਰਤੀ ਅਨਸਰ ਦੇ ਨਾਮ ਦੇ ਕੇ ਬਦਨਾਮ ਕਰਨ ਦੀਆਂ ਸਾਜ਼ਿਸਾਂ ਰਚਦੀਆ ਆ ਰਹੀਆ ਹਨ । ਉਪਰੋਕਤ ਲਿਖਿਆ ਗਈਆ ਕਿਤਾਬਾਂ ਵਿਚੋਂ ਛਪੇ ਵੇਰਵਿਆ ਤੋਂ ਸਪੱਸਟ ਹੁੰਦਾ ਹੈ ਕਿ ਸ੍ਰੀ ਸਰਵਾਰਕਰ ਤੇ ਗਾਂਧੀ ਇਸ ਸਮਲਿੰਗੀ ਵਿਚ ਉਪਰਲੀ ਭੂਮਿਕਾ ਨਿਭਾਉਦੇ ਰਹੇ ਹਨ ਅਤੇ ਦੂਸਰੇ ਹੇਠਲੀ । ਅਜਿਹੀ ਲੀਡਰਸ਼ਿਪ ਜਿਸ ਨੂੰ ਫਿਰਕੂ ਆਗੂ ਉਭਾਰਨਾ ਚਾਹੁੰਦੇ ਹਨ ਅਤੇ ਇਹ ਖੁਦ ਕਿਸੇ ਮੁਲਕ ਜਾਂ ਮੁਲਕ ਨਿਵਾਸੀਆ ਨੂੰ ਕਿਹੋ ਜਿਹੀ ਇਖਲਾਕੀ ਸੇਧ ਦੇ ਸਕਣਗੇ ? ਜੋ ਸਿੱਖ ਕੌਮ ਨੂੰ ਉਪਰੋਕਤ ਨਫਰਤ ਭਰੇ ਸ਼ਬਦਾਂ ਨਾਲ ਬਦਨਾਮ ਕਰਦੇ ਹਨ, ਉਹ ਸਮੁੱਚੇ ਇੰਡੀਆ ਨਿਵਾਸੀਆ ਨੂੰ ਉਪਰੋਕਤ ਤੱਥਾਂ ਦੇ ਸਾਹਮਣੇ ਆਉਣ ਤੇ ਜੁਆਬ ਦੇਣ ਕਿ ਉਨਾਂ ਦੀ ਪੁਰਾਤਨ ਲੀਡਰਸ਼ਿਪ ਅਤੇ ਉਹ ਖੁਦ ਕੀ ਹਨ ?

ਉਨਾਂ ਕਿਹਾ ਕਿ ਹਿੰਦੂਤਵ ਜਮਾਤਾਂ ਕਾਂਗਰਸ-ਬੀਜੇਪੀ, ਆਰ.ਐਸ.ਐਸ. ਦੇ ਉਪਰੋਕਤ ਆਗੂਆਂ ਬਾਰੇ ਸਿੱਖ ਕੌਮ ਕੁਝ ਨਹੀਂ ਕਹਿ ਰਹੀ, ਬਲਕਿ ਉਨਾਂ ਦੇ ਆਗੂਆ ਵੱਲੋਂ ਹੀ ਲਿਖਿਆ ਗਈਆ ਕਿਤਾਬਾਂ ਅਤੇ ਕਿਤਾਬਚਿਆ ਵਿਚ ਉਪਰੋਕਤ ਸਾਰੇ ਸੱਚ ਨੂੰ ਸਾਹਮਣੇ ਲਿਆਂਦਾ ਗਿਆ ਹੈ । ਹੁਣ ਇਹ ਖੁਦ ਹੀ ਇੰਡੀਆਂ ਦੇ ਨਿਵਾਸੀਆ ਦੀ ਜਨਤਾ ਵਿਚ ਦਾਗੀ ਰੂਪ ਵਿਚ ਖੜੇ ਹਨ । ਇਹ ਆਗੂ ਆਪਣੇ ਜੀਵਨ ਦੇ ਨਾਂਹਵਾਚਕ ਪੱਖ ਨੂੰ ਛੁਪਾਕੇ ਹਾਂ-ਵਾਚਕ ਪੱਖ ਨੂੰ ਉਭਾਰਕੇ ਇਥੋਂ ਦੇ ਨਿਵਾਸੀਆ ਨੂੰ ਪਹਿਲੇ ਵੀ ਗੁੰਮਰਾਹ ਕਰਦੇ ਰਹੇ ਹਨ ਅਤੇ ਅੱਜ ਵੀ ਗੁੰਮਰਾਹ ਕਰ ਰਹੇ ਹਨ । ਅਜਿਹੀ ਲੀਡਰਸ਼ਿਪ ਅਤੇ ਅਜਿਹੀਆ ਜਮਾਤਾਂ ਕਦੀ ਵੀ ਕਿਸੇ ਮੁਲਕ ਦੇ ਨਿਵਾਸੀਆ ਨੂੰ ਨਾ ਤਾਂ ਇਖਲਾਕੀ ਤੇ ਸਮਾਜਿਕ ਅਗਵਾਈ ਦੇ ਸਕਦੇ ਹਨ ਅਤੇ ਨਾ ਹੀ ਸੰਬੰਧਤ ਮੁਲਕ ਦੇ ਅਮਨ-ਚੈਨ ਤੇ ਜਮਹੂਰੀਅਤ ਨੂੰ ਕਾਇਮ ਰੱਖਣ ਦੀ ਸਮਰੱਥਾਂ ਰੱਖਦੇ ਹਨ । ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਗਾਂਧੀ ਵਰਗੇ ਹਿੰਦੂ ਆਗੂ ਸਿੱਖ ਕੌਮ ਦੇ ਇਨਸਾਨੀਅਤ ਲੀਹਾਂ ਉਤੇ ਪਹਿਰਾ ਦੇਣ ਵਾਲੇ ਅਤੇ ਮਨੁੱਖਤਾ ਲਈ ਆਪਣਾ ਸਰਬੰਸ ਵਾਰਨ ਵਾਲੇ ਸਿੱਖ ਕੌਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਹ ਗੁੰਮਰਾਹਕੁੰਨ ਪ੍ਰਚਾਰ ਕਰਦੇ ਰਹੇ ਹਨ ਕਿ ਉਹ ਕੁਰਾਹੇ ਪਏ ਹੋਏ ਸਨ । ਇਸੇ ਤਰਾਂ ਸ੍ਰੀ ਅਡਵਾਨੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆ ਬਾਰੇ ਆਪਣੀ ਕਿਤਾਬ ਵਿਚ ਭਸਮਾਸੁਰ ਲਿਖਕੇ ਸਿੱਖ ਕੌਮ ਤੇ ਮਨੁੱਖਤਾ ਦੀ ਇਖਲਾਕੀ ਤੌਰ ਤੇ ਅਗਵਾਈ ਕਰਨ ਵਾਲੇ ਸਾਡੇ ਗੁਰੂ ਸਾਹਿਬਾਨ ਅਤੇ ਸਾਡੇ ਕੌਮੀ ਨਾਇਕ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆ ਦੇ ਸਤਿਕਾਰਯੋਗ ਅਕਸ ਨੂੰ ਸਾਜ਼ਸੀ ਢੰਗ ਨਾਲ ਦਾਗੀ ਕਰਨਾ ਚਾਹੁੰਦੇ ਹਨ । ਜਿਸ ਵਿਚ ਉਹ ਨਾ ਤਾਂ ਪਹਿਲੇ ਕਾਮਯਾਬ ਹੋਏ ਹਨ ਅਤੇ ਨਾ ਹੀ ਆਉਣ ਵਾਲੇ ਸਮੇਂ ਵਿਚ ਕਾਮਯਾਬ ਹੋਣਗੇ । ਕਿਉਂਕਿ ਗੁਰੂ ਸਾਹਿਬਾਨ ਨੇ ਨਿਰਸਵਾਰਥ ਹੋ ਕੇ ਮਨੁੱਖਤਾ ਨੂੰ ਸੁਚੱਜੀ ਅਗਵਾਈ ਦਿੱਤੀ ਹੈ ਅਤੇ ਅੱਜ ਵੀ ਸਿੱਖ ਕੌਮ ਉਨਾਂ ਦੇ ਦਰਸਾਏ ਮਨੁੱਖਤਾ ਪੱਖੀ ਮਾਰਗ ਤੇ ਪਹਿਰਾ ਦਿੰਦੀ ਹੋਈ ਅੱਗੇ ਵੱਧ ਰਹੀ ਹੈ । ਸਾਨੂੰ ਇਹ ਕਦੀ ਵੀ ਬੁਰੇ ਨਾਮ ਦੇ ਕੇ ਕੌਮਾਂਤਰੀ ਪੱਧਰ ਤੇ ਬਦਨਾਮ ਕਰਨ ਵਿਚ ਕਾਮਯਾਬ ਨਹੀਂ ਹੋ ਸਕਣਗੇ ।

**ਕਹਾਣੀ**

# ਉਹ

–ਇਕਵਾਕ ਸਿੰਘ ਪੱਟੀ

ਇਹ ਕੋਈ ਪਹਿਲੀ ਵਾਰ ਨਹੀਂ ਸੀ ਹੋਇਆ ਕਿ ਉਸਨੇ ਮੈਨੂੰ ਡੇਟ ਤੇ ਜਾਣ ਨੂੰ ਕਿਹਾ ਹੋਵੇ। ਮੈਂ ਉਸਨੂੰ ਪਿਛਲੇ ਦੋ ਸਾਲਾਂ ਤੋਂ ਜਾਣਦੀ ਸੀ। ਪਹਿਲੀ ਵਾਰ ਉਸਨੂੰ ਆਈਲੈਟਸ ਸੈਂਟਰ ਤੇ ਮਿਲੀ ਸੀ, ਉਹ ਮੇਰੇ ਹੀ ਬੈਚ ਵਿੱਚ ਸੀ ਅਤੇ ਸਾਡੀ ਇੰਨਰਾਲਮੈਂਟ ਵੀ ਇੱਕੋ ਹੀ ਦਿਨ, ਇਕੋ ਹੀ ਸਮੇਂ ਹੋਈ ਸੀ ਅਤੇ ਇਸੇ ਕਰਕੇ ਜਿਸ ਦਿਨ ਮੇਰਾ ਕਲਾਸ ਵਿੱਚ ਪਹਿਲਾ ਦਿਨ ਸੀ, ਉਹੀ ਇੱਕ ਮੇਰਾ ਜਾਣੂੰ ਸੀ। ਸ਼ਾਇਦ ਇਸ ਕਰਕੇ ਵੀ ਅਸੀਂ ਥੋੜਾ ਇੱਕ ਦੂਜੇ ਨੇ ਨੇੜੇ ਸੀ।

ਸਮਾਂ ਲੰਘਿਆ ਸਾਡਾ ਦੋਹਾਂ ਦਾ ਕੋਰਸ ਪੂਰਾ ਹੋ ਗਿਆ। ਹੁਣ ਕਦੇ ਕਦੇ ਵੱਟਸਐਪ ਮੈਸਜ ਕਰ ਦਿੰਦਾ ਸੀ। ਭਾਵੇਂ ਕਿ ਅਸੀਂ ਇਕ ਦੂਜੇ ਦੇ ਸੁਭਾਉ, ਸੋਚ ਅਤੇ ਵਿਚਾਰਾਂ ਨੂੰ ਚੰਗੀ ਤਰਾਂ ਜਾਣਦੇ ਸੀ। ਉਸਦਾ ਲਹਿਜਾ ਬਹੁਤ ਮਜ਼ਾਕੀਆ ਸੀ, ਪਰ ਜਦ ਕਦੇ ਕਿਸੇ ਗੰਭੀਰ ਵਿਸ਼ੇ ਉੱਤੇ ਗੱਲ ਕਰਦਾ ਤਾਂ ਮਾਨੋ ਕਿਸੇ ਫਿਲਾਸਫਰ ਤੋਂ ਘੱਟ ਨਹੀਂ ਲੱਗਦਾ ਸੀ। ਉਸਦਾ ਨਜ਼ਰੀਆ ਹਰ ਛੋਟੀ ਜਾਂ ਵੱਡੀ ਘਟਨਾ ਬਾਰੇ ਬੜਾ ਹੀ ਨਿਰਪੱਖ, ਵਧੀਆ ਅਤੇ ਨਵਾਂ ਜਿਹਾ ਹੁੰਦਾ ਸੀ, ਜੋ ਆਮ ਇਨਸਾਨ ਦੀ ਸਮਝ ਵਿੱਚ ਆਉਣ ਦੇ ਬਾਵਜੂਦ, ਸਮਝ ਤੋਂ ਬਾਹਰ ਰਹਿੰਦਾ ਸੀ। ਜਦ ਉਸਦੇ ਮੈਸਜ ਦਾ ਜੁਆਬ ਦਿੰਦੀ ਜਾਂ ਕਦੇ ਉਸ ਨਾਲ ਘੜੀ ਦੋ ਘੜੀ ਚੈਟ ਕਰਦੀ ਤਾਂ ਲੱਗਦਾ ਸੀ ਜਿਵੇਂ ਉਹ ਮੇਰੇ ਨਾਲ ਫਲਰਟ ਕਰ ਰਿਹਾ ਹੈ, ਇਸ ਗੱਲ ਦਾ ਉਸਨੂੰ ਵੀ ਅਹਿਸਾਸ ਸੀ, ਅਹਿਸਾਸ ਹੁੰਦਾ ਵੀ ਕਿਉਂ ਨਾ ਅੱਜ ਕੱਲ ਦੇ ਸਮੇਂ ਵਿੱਚ ਇਹ ਪਿਆਰ, ਇਸ਼ਕ ਵਗੈਰਾ ਫਿਲਮੀ ਗੱਲਾਂ ਤੋਂ ਵੱਧ ਕੁੱਝ ਰਿਹਾ ਹੀ ਨਹੀਂ ਹੈ। ਜੋ ਕੁੱਝ ਸਾਡੇ ਆਲੇ ਦੁਆਲੇ ਵਾਪਰ ਰਿਹਾ ਹੈ, ਇਹ ਸੱਭ ਇੱਕ ਤਮਾਸ਼ਾ ਜਿਹਾ ਹੀ ਤਾਂ ਹੈ। ਸੱਚ ਕਿੱਥੇ ਹੈ ? ਅੱਜ ਦੇ ਸਮੇਂ ਵਿੱਚ ਜਦ ਭਰਾ–ਭਰਾ ਦਾ ਵੈਰੀ ਬਣਿਆ ਪਿਆ ਹੈ, ਜਦ ਪੁੱਤਰ ਆਪਣੇ ਹੀ ਪਿਉ ਦੇ ਖਿਲਾਫ ਥਾਣਿਆਂ ਕਚਹਿਰੀਆਂ ਵਿੱਚ ਕੇਸ ਕਰ ਰਿਹਾ ਹੈ, ਜਦ ਪਤੀ–ਪਤਨੀ ਦਾ ਪਵਿੱਤਰ ਰਿਸ਼ਤਾ ਇੱਕ ਵਿਉਪਾਰ ਬਣਦਾ ਨਜ਼ਰ ਆ ਰਿਹਾ ਹੈ। ਪਰ ਉਹ ਸੀ ਕਿ ਕਈ ਵਾਰ ਲੱਗਦਾ ਸੀ ਕਿ ਉਹ ਮੁਕੰਮਲ ਇਨਸਾਨ ਹੈ। ਮੈਂ ਉਸਦੀ ਜਿੰਦਗੀ ਵਿੱਚ ਝਾਕਣ ਦੀ ਕੋਸ਼ਿਸ਼ ਕੀਤੀ ਤਾਂ ਦਹਿਲੀਜ਼ ਵੀ ਨਹੀਂ ਸੀ ਟੱਪੀ ਕਿ ਉਸਦੀ ਛੋਟੀ ਉਮਰੇ ਹੀ ਉਸ ਵੱਲੋਂ ਝੇਲੀਆਂ ਵੱਡੀਆਂ ਮੁਸੀਬਤਾਂ ਨੂੰ ਮੈਂ ਨਾ ਤਾਂ ਹੋਰ ਸੁਣ ਸਕਦੀ ਸੀ, ਨਾ ਮੇਰੇ ਵਿੱਚ ਸਮਰੱਥਾ ਸੀ, ਨਾ ਹੀ ਉਸਦੇ ਬੋਲਾਂ ਨੂੰ ਬਰਦਾਸ਼ਤ ਕਰ ਸਕਦੀ ਸੀ, ਜਿਹੜੇ ਬੋਲ, ਬੋਲ ਕੇ ਉਸਨੇ ਮੈਨੂੰ ਆਪਣੀ ਜਿੰਦਗੀ ਦੀ ਕਹਾਣੀ ਦੱਸਣੀ ਸ਼ੁਰੂ ਕੀਤੀ ਸੀ। ਮੈਂ ਟਾਲ ਮਟੋਲ ਕਰਕੇ ਉਸਦੀ ਕਹਾਣੀ ਨੂੰ ਹੋਰ ਅੱਗੇ ਵੱਧਣ ਤੋਂ ਰੋਕ ਦਿੱਤਾ। ਤੇ ਬੱਸ ਇੰਨਾਂ ਹੀ ਕਿਹਾ, ਹੁਣ ਹੋਰ ਨਹੀਂ, ਅੱਗੇ ਵਧੋ। ਛੱਡੋ ਅਤੀਤ ਨੂੰ। ਤਾਂ ਉਹ ਜਿਸ ਪੀੜਾ ਵਿੱਚੋਂ ਆਪਣੇ ਦਿਲ ਨੂੰ ਉਧੇੜ ਰਿਹਾ ਸੀ, ਇੱਕ ਦਮ ਸੰਭਲ ਕੇ, ਬੁਲਾਂ ਉੱਤੇ ਮੁਸਕਰਾਹਟ ਲਿਆ ਕੇ, ਵੱਡੇ ਹੌਂਸਲੇ ਤੇ ਬੁਲੰਦ ਅਵਾਜ਼ ਨਾਲ ਕਹਿਣ ਲੱਗਾ, ਮੈਂ ਤਾਂ ਅੱਗੇ ਵੱਧ ਰਿਹਾ ਹਾਂ, ਤੂੰ ਹੀ ਪਿੱਛੇ ਲੈ ਕੇ ਗਈ ਸੀ ਤੇ ਗੱਲ ਨੂੰ ਇੱਥੇ ਹੀ ਖ਼ਤਮ ਕਰ ਗਿਆ।

ਮੇਰੀ ਜ਼ਿੰਦਗੀ ਵਿੱਚ ਕੋਈ ਹੋਰ ਸ਼ਖਸ ਨਹੀਂ ਸੀ, ਨਾ ਹੀ ਇੰਨਾ ਚੀਜ਼ਾਂ ਬਾਰੇ ਕਦੇ ਸੋਚਿਆ ਸੀ, ਨਾ ਹੀ ਸਮਾਂ ਸੀ। ਬੱਸ ਪਹਿਲਾਂ ਪੜਾਈ ਵਿੱਚ, ਫਿਰ ਘਰ ਦੇ ਕੰਮਾਂ ਵਿੱਚ ਤੇ ਫਿਰ ਵੰਨ–ਸੁਵੰਨੇ ਕੋਰਸਾਂ ਵਿੱਚ ਉਲਝੀ ਰਹਿੰਦੀ ਸਾਂ।

ਆਹ ਦਸੰਬਰ ਮਹੀਨੇ, ਫਿਰ ਉਸਦਾ ਮੈਸਜ਼ ਆਇਆ। ਬਾਹਰ ਪੈ ਰਹੀ ਧੁੰਦ, ਧੁੰਦ ਕਰਨ ਵਾਪਰ ਰਹੇ ਹਾਦਸਿਆਂ ਬਾਰੇ ਗੱਲ ਚੱਲੀ ਤੇ ਚੱਲਦੀ ਹੋਈ ਕਾਫੀ ਦੇ ਕੱਪ ਤੇ ਜਾ ਮੁੱਕੀ। ਪਤਾ ਨਹੀਂ ਕਿਉਂ ਮੈਂ ਇਹ ਮੈਸਜ਼ ਕਰ ਦਿੱਤਾ ਕਿ, ਇੰਨੀ ਠੰਡ ਹੈ ਚੱਲੋ ਕਿਤੇ ਕਾਫੀ ਪੀਣ ਚੱਲਦੇ ਹਾਂ। ਪਹਿਲਾਂ ਤਾਂ ਉਸਨੇ ਜੁਆਬ ਵਿੱਚ ਹੈਰਾਨੀ ਵਾਲਾ ਈਮੋਜ਼ੀ ਭੇਜਿਆ ਅਤੇ ਫਿਰ ਪੁਛਿਆ, 'ਰੀਅਅਅਲਈ ? ?'

ਮੈਂ ਵੀ 'ਯਾਹ' ਲਿਖ ਕੇ ਭੇਜ ਦਿੱਤਾ। ਤਾਂ ਕਹਿਣ ਲੱਗਾ, ਮੈਂ ਇੰਨੀ ਵਾਰ ਕਿਹਾ ਪਹਿਲਾਂ ਤਾਂ ਕਦੇ ਮੰਨੀ ਨਹੀਂ, ਅੱਜ ਅਚਾਨਕ ਇਸ ਗਰੀਬ ਨਾਲ ਕਾਫੀ ਪੀਣ ਦਾ ਦਿਲ ਕਿਵੇਂ ਕਰ ਆਇਆ ?'

ਮੈਂ ਵੀ ਮਜ਼ਾਕੀਆ ਜਿਹਾ ਕਹਿ ਦਿੱਤਾ, 'ਦਿਲ ਦਾ ਕੀ ਹੈ ? ਬੱਸ ਸਮਝੋ ਕੇ ਦਿਲ ਕਰ ਹੀ ਆਇਆ, ਹੁਣ ਇਹ ਦਸੋ ਤੁਸੀਂ ਕਦੋਂ ਪਿਆਉਣੀ ਹੈ ਕਾਫੀ ?'

ਉਹ ਕਹਿਣ ਲੱਗਾ, ਜਲਦੀ, ਬੱਸ ਦੋ ਦਿਨ ਬਾਅਦ ਐਤਵਾਰ ਹੈ, ਮੈਂ ਵੀ ਉਸ ਦਿਨ ਵਿਹਲਾ ਹੋਵਾਂਗਾ ਤੇ ਮੇਰੇ ਖਿਆਲ ਵਿੱਚ ਤੂੰ ਵੀ ? ਸੋ ਮਿਲਦੇ ਆ ਐਤਵਾਰ !

ਮੈਂ ਵੀ ਹਾਂ ਕਰ ਦਿੱਤੀ। ਉਸਨੇ ਫਿਰ ਜੁਆਬੀ ਮੈਸਜ਼ ਵਿੱਚ 'ਥੈਂਕਸ ਯੂ ਸੋ ਮੱਚ' ਲਿਖ ਕੇ ਕਿਹਾ, ਤੂੰ ਮੇਰਾ ਬੜੀ ਦੇਰ ਦਾ ਸੁਪਨਾ ਪੂਰਾ ਕਰਨ ਜਾ ਰਹੀ ਹੈਂ ? ਇਹ ਦੱਸ ਬਾਇ ਕਾਰ ਜਾਣਾ ਜਾਂ ਮੇਰੀ ਬਾਈਕ ਤੇ ?

ਮੈਂ ਜੁਆਬ ਵਿੱਚ, 'ਜਿਵੇਂ ਤੁਹਾਡੀ ਮਰਜ਼ੀ' ਲਿਖ ਕੇ ਭੇਜ ਦਿੱਤਾ।

ਖ਼ੈਰ ! ਅੱਜ ਐਤਵਾਰ ਸੀ। ਤਿੰਨ ਵੱਜ ਕੇ ਤੀਹ ਮਿੰਟ ਤੇ ਅਸੀਂ ਮੁਕਰਰ ਕੀਤੀ ਜਗਾ ਤੇ ਮਿਲੇ ਤੇ ਅਗੋਂ ਉਸਦੀ ਕਾਰ ਵਿੱਚ ਕਾਫੀ ਸ਼ਾਪ ਲਈ ਰਵਾਨਾ ਹੋ ਗਏ। ਸੜਕਾਂ ਤੇ ਚੱਲ ਰਹੀਆਂ ਗੱਡੀਆਂ ਆਪਣੀ ਸਪੀਡ ਵਿੱਚ ਚੱਲ ਰਹੀਆਂ ਸਨ। ਉਹ ਬਹੁਤ ਅਰਾਮ ਨਾਲ, ਸੜਕ ਦੇ ਇੱਕ ਪਾਸੇ ਆਪਣੀ ਕਾਰ ਚਲਾ ਰਿਹਾ ਸੀ। ਕਦੇ ਤਾਕੀ ਦੇ ਬਾਹਰਵਾਰ ਲੱਗੇ ਸ਼ੀਸ਼ੇ ਵਿੱਚੋਂ ਪਿੱਛੇ ਆ ਰਹੀਆਂ ਗੱਡੀਆਂ ਦੇਖਦੇ ਕਦੇ ਅੰਦਰ ਛੱਤ ਨਾਲ ਲੱਗੇ ਸ਼ੀਸ਼ੇ ਵਿੱਚ ਪਿੱਛੇ ਨੂੰ ਦੇਖਦਾ, ਤੇ ਕਦੇ ਕਦੇ ਅੱਖ ਚੁਰਾ ਕੇ ਮੈਨੂੰ ਤੱਕ ਲੈਂਦਾ। ਧੀਮੀ ਜਿਹੀ ਅਵਾਜ਼ ਵਿੱਚ ਪੁਰਾਣੇ ਗੀਤ ਚੱਲ ਰਹੇ ਸਨ, ਵਿੱਚ ਵਿੱਚ ਥੋੜਾ ਜਿਹਾ ਚੱਲ ਰਹੇ ਗੀਤ ਨੂੰ ਗੁਣਗੁਣਾ ਦਿੰਦਾ। ਕਦੀਂ ਇੰਝ ਲੱਗਦਾ ਕਿ ਕੁੱਝ ਸੋਚ ਰਿਹਾ ਹੈ, ਕਦੇ ਲੱਗਦਾ ਕਿ ਬੱਸ ਹੁਣ ਕੁੱਝ ਬੋਲੇਗਾ, ਕਦੇ ਮਹਿਸੂਸ ਹੋਇਆ ਕਿ ਉਦਾਸ ਹੈ, ਕੁੱਝ ਸਮਝ ਨਹੀਂ ਸੀ ਆ ਰਹੀ, ਭਾਵੇਂ ਕਿ ਇਹ ਸਭ ਮੈਨੂੰ ਵੀ ਚੰਗਾ ਲੱਗ ਰਿਹਾ ਸੀ, ਪਰ ਕਾਰ ਵਿੱਚ ਸਿਰਫ ਅਸੀਂ ਦੋਨੋਂ ਹੀ ਸੀ, ਸ਼ਾਇਦ ਕੁੜੀ ਹੋਣ ਕਰਕੇ ਚੁੱਪ ਕਰਕੇ ਬੈਠਣਾ ਮੇਰੇ ਲਈ ਵੀ ਜ਼ਰਾ ਔਖਾ ਸੀ, ਇਸ ਲਈ ਮੈਂ ਕੋਈ ਗੱਲ ਸੁਣਨੀ ਜਾਂ ਕਰਨੀ ਚਾਹੁੰਦੀ ਸੀ। ਮੈਂ ਕੁੱਝ ਬੋਲਣ ਲੱਗੀ ਤਾਂ ਉਹ ਬੋਲ ਹੀ ਪਿਆ, 'ਅੱਜ ਸੂਟ ਬਹੁਤ ਸੁਹਣਾ ਪਾ ਕੇ ਆਈਂ ਹੈਂ ? ਜਿਵੇਂ ਆਪਣੇ ਦੋਸਤ ਨਾਲ ਨਹੀਂ ਆਪਣੇ ਲਵਰ ਨਾਲ ਕਾਫੀ ਪੀਣ ਚੱਲੀ ਹੋਵੇਂ ?

ਮੈਂ ਵੀ ਹੈਰਾਨੀ ਭਰੇ ਅੰਦਾਜ਼ ਵਿੱਚ, ਫਿਰ ਮੁਸਕਰਾਉਂਦੇ ਹੋਏ ਕਿਹਾ, ਐਡੀ ਵੀ ਕੋਈ ਗੱਲ ਨਹੀਂ ਹੈ। ਉਸਨੇ ਵੀ ਲੰਮਾ ਜਿਹਾ, 'ਅੱਛਾ ਜੀ' ਕਹਿ ਕੇ ਆਪਣੀ ਗੱਲ ਤੋਰਦਿਆਂ ਕਿਹਾ, ਪਰ ਮੇਰੇ ਲਈ ਇਹ ਬਹੁਤ ਵੱਡੀ ਗੱਲ ਹੈ। ਹੋ ਸਕਦਾ ਹੈ ਅੱਜ ਸਾਡੀ ਇਹ ਪਹਿਲੀ ਮੁਲਾਕਾਤ, ਮੁਲਾਕਾਤਾਂ ਦਾ ਸਿਲਸਲਾ ਸ਼ੁਰੂ ਕਰਨ ਲਈ ਨੀਂਹ ਦਾ ਕੰਮ ਕਰੇ ਤੇ ਇਹ ਵੀ ਹੋ ਸਕਦਾ ਕਿ ਸਾਡੀ ਇਹ ਮੁਲਾਕਾਤ ਆਖਰੀ ਹੋਵੇ, ਹੋ ਸਕਦਾ ਅੱਜ ਤੁਹਾਨੂੰ ਮੇਰੀਆਂ ਕੁੱਝ ਗੱਲਾਂ ਬਿਲਕੁਲ ਪਸੰਦ ਨਾ ਆਉਣ ਅਤੇ ਹੋ ਸਕਦਾ ਬਹੁਤ ਪਸੰਦ ਆਉਣ।

ਅੱਛਾ ਜੀ, ਦੇਖਦੇ ਹਾਂ, ਕੀ ਬਣਦਾ ਹੈ ? ਮੈਂ ਕਿਹਾ।

ਉਹ ਫਿਰ ਕਹਿਣ ਲੱਗਾ, 'ਮੈਡਮ ਜੀ ! ਅੱਜ ਦਾ ਦਿਨ ਮੇਰੇ ਲਈ ਬਹੁਤ ਹੀ ਵਧੀਆ ਅਤੇ ਮਹਿੰਗਾ ਦਿਨ ਹੈ। ਮੈਂ ਇਸ ਦਿਨ ਲਈ ਬਹੁਤ ਇੰਤਜ਼ਾਰ ਕੀਤਾ ਹੈ, ਇਸੇ ਲਈ ਮੈਂ ਇਸਨੂੰ ਮੇਰੀ ਜ਼ਿੰਦਗੀ ਦੇ ਯਾਦਗਾਰ ਲਮਹਿਆਂ ਵਿੱਚ ਬਦਲਣਾ ਚਾਹੁੰਦਾ ਹਾਂ' ਕਹਿੰਦੇ ਹੋਏ ਉਸਨੇ ਆਪਣੇ ਸੱਜੇ ਹੱਥ ਨਾਲ ਕੋਟ ਦੇ ਅੰਦਰ ਖੱਬੀ ਜੇਬ ਵਿੱਚ ਹੱਥ ਪਾਇਆ ਅਤੇ ਇੱਕ ਬਹੁਤ ਹੀ ਸੁਹਣੀ ਗੁੱਟ ਘੜੀ ਕੱਢ ਕੇ, ਖੱਬੇ ਹੱਥ ਨਾਲ ਮੇਰੇ ਵੱਲ ਵਧਾ ਦਿੱਤੀ ਤੇ ਕਹਿਣ ਲੱਗਾ, ਮੇਰੇ ਵੱਲੋਂ ਇੱਕ ਛੋਟਾ ਜਿਹਾ ਤੋਹਫਾ ਕਬੂਲ ਕਰੋ। ਉਮਦੀ ਹੈ ਤੁਸੀਂ ਫਾਰਮੇਲਟੀ ਕਰਦਿਆਂ ਨਾਂਹ ਨਹੀਂ ਕਹੋਗੇ ਤੇ ਇਸ ਨੂੰ ਬਿਨਾਂ ਝਿਜਕ ਕਬੂਲ ਫੁਰਮਾਉਗੇ ?

ਮੈਂ ਫਿਰ ਵੀ ਕਿਹਾ, ਵੈਸੇ ਇਸ ਦੀ ਲੋੜ ਨਹੀਂ ਸੀ, ਪਰ ਜਿਸ ਅਦਬ ਨਾਲ ਤੁਸੀਂ ਦੇ ਰਹੇ ਹੋ ਨਾਂਹ ਨਹੀਂ ਹੋ ਸਕਦੀ ਪਰ ਹਾਂ, ਇਹ ਗੁੱਟ ਘੜੀ ਤੁਸੀਂ ਆਪ ਹੀ ਮੇਰੇ ਗੁੱਟ ਤੇ ਪਹਿਨਾ ਦਿਉਗੇ ਤਾਂ ਚੰਗਾ ਲੱਗੇਗਾ ਤਾਂ ਉਸਨੇ ਕਿਹਾ ਠੀਕ ਹੈ, ਕਾਫੀ ਸ਼ਾਪ ਤੇ ਜਾ ਕੇ ਪਹਿਨਾ ਦੇਵਾਂਗਾ। ਤਾਂ ਮੈਂ ਉਹ ਗੁੱਟ ਘੜੀ ਉਸਦੇ ਹੱਥਾਂ ਵਿੱਚੋਂ ਲੈ ਲਈ।

ਕਾਫੀ ਸ਼ਾਪ ਤੇ ਕਾਰ ਰੋਕਣ ਤੋਂ ਬਾਅਦ ਮੈਨੂੰ ਕਾਰ ਵਿੱਚ ਹੀ ਬੈਠੇ ਰਹਿਣ ਦਾ ਇਸ਼ਾਰਾ ਕਰ ਕੇ ਆਪ ਤਾਕੀ ਖੋਲ ਕੇ ਬਾਹਰ ਨਿਕਲਿਆ ਅਤੇ ਫਿਰ ਮੇਰੀ ਤਾਕੀ ਖੋਲ ਕੇ, ਮੈਨੂੰ ਉਤਰਣ ਲਈ ਕਿਹਾ। ਮੈਨੂੰ ਪਤਾ ਸੀ ਇਹ ਸੱਭ ਫਲਰਟ ਕਰ ਰਿਹਾ ਹੈ, ਪਰ ਇੰਜ ਵੀ ਲੱਗਦਾ ਸੀ ਕਿਤੇ ਇਹ ਪਿਆਰ ਵਿਆਰ ਦੇ ਚੱਕਰ 'ਚ ਨਾ ਪੈ ਜਾਵੇ ਮੇਰੇ ਨਾਲ। ਪਰ ਮੈਂ ਉਸਦੀ ਨੀਅਤ ਤੇ ਕਦੇ ਵੀ ਸ਼ੱਕ ਨਹੀਂ ਸੀ ਕੀਤਾ।

ਕਾਫੀ ਸ਼ਾਪ ਤੇ ਜਾ ਕੇ ਉਸਨੇ ਮੇਰੇ ਗੁੱਟ ਤੇ ਉਹ ਘੜੀ ਬੰਨ ਦਿੱਤੀ, ਮੈਂ ਘੜੀ ਦਾ ਸੁਰਾਹਣਾ ਕੀਤੀ ਤਾਂ ਉਹ ਇੱਕ ਦਮ ਆਪਣੀ ਕੁਰਸੀ ਤੋਂ ਉੱਠ ਕੇ, ਮੇਰੇ ਕੋਲ ਆ ਕੇ ਮੇਰੇ ਪੈਰਾਂ ਵਿੱਚ ਬੈਠ ਗਿਆ, ਮੈਂ ਇਕ ਦਮ ਰੋਕਿਆ ਇਹ ਸੱਭ ਕੀ ਕਰ ਰਹੇ ਹੋ। ਉਸਨੇ ਇਕਦਮ ਮੇਰੇ ਹੱਥ ਨੂੰ ਆਪਣੇ ਹੱਥਾਂ ਨਾਲ ਘੁੱਟ ਕੇ ਫੜ ਲਿਆ ਅਤੇ ਅੱਖਾਂ ਵਿੱਚ ਅੱਖਾਂ ਪਾ ਕੇ ਆਪਣੀ ਥਾਂ ਬੈਠੇ ਰਹਿਣ ਦਾ ਇਸ਼ਾਰਾ ਕੀਤਾ। ਪਤਾ ਨਹੀਂ ਕਿਉਂ ਮੈਂ ਉਸਦੀ ਗੱਲ ਮੰਨ ਲਈ। ਮੈਂ ਥੋੜੀ ਨਰਵਸ ਜਿਹੀ ਹੋਈ, ਪਰ ਉਸਨੇ ਬੜੇ ਗੰਭੀਰ ਸ਼ਬਦਾਂ ਵਿੱਚ ਬੋਲਣਾ ਸ਼ੁਰੂ ਕੀਤਾ, 'ਮੈਂ ਤੇਰੀ ਜ਼ਿੰਦਗੀ ਦਾ ਕਦੇ ਵੀ ਹਿੱਸਾ ਨਹੀਂ ਬਣ ਸਕਦਾ, ਨਾ ਹੀ ਕਦੇ ਸੋਚ ਸਕਦਾ ਹੈ, ਮੈਨੂੰ ਤੇਰੇ ਮਾਂ–ਬਾਪ ਦੀਆਂ ਸੱਧਰਾਂ ਤੇ ਆਸਾਂ ਦਾ ਖਿਆਲ ਹੈ, ਮੈਂ ਤੇਰੇ ਜਿੰਦਗੀ ਪ੍ਰਤੀ ਤੇਰੇ ਹੱਕਾਂ ਅਤੇ ਤੇਰੀ ਮਰਜ਼ੀ ਦੇ ਫੈਸਲੇ ਤੈਨੂੰ ਕਰਨ ਦੇ ਅਧਿਕਾਰਾਂ ਬਾਰੇ ਵੀ ਜਾਣਦਾ ਹਾਂ। ਤੇਰੀ ਜ਼ਿੰਦਗੀ ਦਾ ਫੈਸਲਾ ਤੂੰ ਕਰਨਾ ਹੈ ਅਤੇ ਤੈਨੂੰ ਹੀ ਕਰਨਾ ਚਾਹੀਦਾ ਹੈ। ਮੈਨੂੰ ਪਤਾ ਵੀ ਹੈ ਤੇਰੀ ਜ਼ਿੰਦਗੀ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ ਅਤੇ ਨਾ ਹੀ ਕੋਈ ਹੋਰ ਸ਼ਖਸ ਹੈ, ਜਿਸ ਨਾਲ ਤੂੰ ਪੂਰੀ ਜ਼ਿੰਦਗੀ ਬਿਤਾਉਣ ਬਾਰੇ ਸੋਚਿਆ ਹੋਵੇ। ਪਰ ਇਹ ਸੱਚ ਹੈ ਕਿ ਮੈਂ ਚਾਹੁੰਦਾ ਹਾਂ ਮੈਂ ਉਹ ਥਾਂ ਲੈ ਲਵਾਂ, ਜੋ ਅਜੇ ਤਕ ਖਾਲੀ ਹੈ ਜਾਂ ਮੇਰੇ ਤੋਂ ਬਿਨਾਂ ਜਾਂ ਮੇਰੇ ਤੋਂ ਬਾਅਦ ਕਿਸੇ ਹੋਰ ਨੂੰ ਮਿਲਣੀ ਹੈ। ਮੈਂ ਇਹ ਗੱਲਾਂ ਤੈਨੂੰ ਆਪਣੀ ਹਿੱਕ ਨਾਲ ਲਾ ਕੇ ਤੇਰੇ ਕੰਨਾਂ ਵਿੱਚ ਵੀ ਕਰ ਸਕਦਾ ਸੀ, ਪਰ ਮੈਂ ਤੇਰੇ ਕਦਮਾਂ ਵਿੱਚ ਬੈਠਾਂ ਹਾਂ ਤਾਂ ਕਿ ਸਾਡੇ ਦੋਹਾਂ ਵਿਚਲਾ ਫ਼ਰਕ ਵੀ ਬਣਿਆ ਰਹੇ। ਮੈਨੂੰ ਪਤਾ ਕਿ ਤੂੰ ਮੇਰੇ ਲਈ ਇੱਕ ਹਸੀਨ ਸੁਪਨਾ ਹੈ ਅਤੇ ਸੁਪਨਾ ਹੀ ਰਹੇਂਗੀ। ਪਰ ਫਿਰ ਵੀ ਜੋ ਮੇਰੇ ਦਿਲ ਵਿੱਚ ਸੀ ਅੱਜ ਮੈਂ ਕਹਿਣ ਦੇਣਾ ਚਾਹੁੰਦਾ ਹਾਂ, ਕੀ ਪਤਾ ਕਿਸ ਮੋੜ ਤੇ ਜਿੰਦਗੀ ਹਾਰ ਜਾਵੇ, ਨਾਲੇ ਮੌਤ ਨੇ ਕਿਹੜਾ ਉਮਰਾਂ ਜਾਣੀਆਂ ਨੇ ?

ਮੈਂ ਉਸਦੀਆਂ ਇਹਨਾਂ ਗੱਲਾਂ ਤੋਂ ਉਸਨੂੰ ਰੋਕਣਾ ਚਾਹੁੰਦੀ ਸੀ, ਪਰ ਉਸਨੇ ਆਪਣੀਆਂ ਗੱਲਾਂ ਦੀ ਰਫ਼ਤਾਰ ਜਾਰੀ ਰੱਖੀ। ਬੁੱਲਾਂ ਤੇ ਮੁਸਕਰਾਹਟ ਬਖੇਰਦਿਆਂ ਕਹਿਣ ਲੱਗਾ, ਪਲੀਜ਼ ਇਹ ਨਾ ਸੋਚੀਂ ਕਿ ਕਿੱਥੇ ਫੱਸ ਗਈ ਅੱਜ ? ਅਤੇ ਮੇਰਾ ਜੁਆਬ ਜਾਣੇ ਬਿਨਾਂ ਉਸਨੇ ਆਪਣੀ ਗੱਲ ਫਿਰ ਤੋਰ ਲਈ। ਯਾਰ ਸੱਚ ਇਹ ਹੈ ਕਿ ਮੈਨੂੰ ਤੇਰੇ ਨਾਲ ਪਿਆਰ ਹੋ ਗਿਆ ਹੈ ਅਤੇ ਸ਼ਾਇਦ ਇਹ ਇੱਕ ਤਰਫਾ ਹੈ। ਸ਼ਾਇਦ ਮੇਰੇ ਵਿੱਚ ਬਹੁਤ ਵੀ ਕਮੀਆਂ ਨੇ ਅਜੇ। ਤੇ ਸ਼ਾਇਦ ਮੈਂ ਇਸ ਦੇ ਕਾਬਲ ਵੀ ਨਹੀਂ ਜੋ ਕੁੱਝ ਕਹਿ ਰਿਹਾ ਹਾਂ ਅਤੇ ਜੋ ਕੁੱਝ ਕਰ ਰਿਹਾ ਹਾਂ। ਤੇਰੇ ਕਦਮਾਂ ਵਿੱਚ ਬੈਠ ਕੇ ਬਹੁਤ ਸਕੂਨ ਮਿਲ ਰਿਹਾ ਹੈ ਅੱਜ, ਸ਼ਾਇਦ ਇਸੇ ਕਰਕੇ ਹੀ ਮੈਂ ਆਪਣੀ ਗੱਲ ਨੂੰ ਕਹਿ ਸਕਣ ਦੀ ਹਿੰਮਤ ਕਰ ਰਿਹਾ ਹਾਂ ਜੋ ਤੇਰੇ ਸਾਹਮਣੇ ਖਲੋ ਕੇ ਨਹੀਂ ਸੀ ਕਹਿ ਸਕਦਾ। ਬੱਸ ਮੈਂ ਤੇਰੇ ਨਾਲ ਇੱਕੋ ਘਰ ਵਿੱਚ ਬੁੱਢਾ ਹੋਣਾ ਚਾਹੁੰਦਾ ਹਾਂ। ਮੈਨੂੰ ਉਹ ਪਿਆਰ ਨਹੀਂ ਚਾਹੀਦਾ ਜੋ ਜਿਸਮਾਂ ਤੋਂ ਸ਼ੁਰੂ ਹੋ ਕੇ ਆਪਣੀ ਅਜ਼ਾਦੀ ਦੇ ਹੱਕਾਂ ਲਈ ਲੜਦਾ ਹੋਇਆ ਵਿਆਹ ਤੋਂ ਦੋ ਤਿੰਨ ਸਾਲ ਬਾਅਦ ਖਤਮ ਹੋ ਜਾਵੇ। ਮੈਂ ਤਾਂ ਉਹ ਪਿਆਰ ਚਾਹੁੰਦਾ ਜੋ ਕਦੇ ਕਮਜ਼ੋਰ ਨਾ ਹੋਵੇ, ਨਾ ਹੀ ਨਿੱਕੀਆਂ–ਵੱਡੀਆਂ ਨਰਾਜ਼ਗੀਆਂ ਜਾਂ ਸ਼ਿਕਵਿਆਂ ਨਾਲ ਅਤੇ ਨਾ ਹੀ ਅਮੀਰੀ ਜਾਂ ਗਰੀਬੀ ਵਿੱਚ। ਉਹ ਪਿਆਰ ਜਿਸ ਉੱਤੇ ਲੋਕ ਕੀ ਕਹਿੰਦੇ ਨੇ ਦਾ ਅਸਰ ਨਾ ਹੋਵੇ ਅਤੇ ਜਿਸ ਪਿਆਰ ਉੱਤੇ ਬੁਢਾਪੇ ਦੀਆਂ ਝੁਰੜੀਆਂ ਵੀ ਆਪਣਾ ਅਸਰ ਨਾ ਪਾ ਸਕਣ।

ਮੇਰਾ ਦਿਲ ਤਾਂ ਕਰੇ ਕਿ ਉਸਨੂੰ ਕਹਾਂ ਬੱਸ ! ਮੈਂ ਤੇਰੇ ਨਾਲ ਜਿੰਦਗੀ ਜਿਊਣ ਲਈ ਤਿਆਰ ਹਾਂ, ਪਰ ਪਤਾ ਨਹੀਂ ਮੈਨੂੰ ਇਹ ਸੱਭ ਬਹੁਤ ਚੰਗਾ ਕਿਉਂ ਲੱਗ ਰਿਹਾ ਸੀ, ਮੈਂ ਹੋਰ ਸੁਨਣਾ ਚਾਹੁੰਦੀ ਸੀ, ਬਾਰ ਬਾਰ ਸੁਨਣਾ ਚਾਹੁੰਦੀ ਸੀ ਤੇ ਮੇਰੀ 'ਹਾਂ' ਵੇਲੇ ਉਸਦੇ ਹਾਵ–ਭਾਵ ਦੇਖਣਾ ਚਾਹੁੰਦੀ ਸੀ, ਮੇਰਾ ਦਿਲ ਕਰੇ ਕਿ ਜਿਵੇਂ ਅੱਜ ਇਸਨੇ ਮੈਨੂੰ ਸਰਪ੍ਰਾਈਜ਼ ਜਿਹਾ ਕਰ ਦਿੱਤਾ, ਬੱਸ ਮੈਂ ਵੀ ਇਸ ਨੂੰ ਇਵੇਂ ਹੀ ਸਰਪ੍ਰਾਈਜ਼ ਕਰਾਂ। ਇਸ ਲਈ ਚੁੱਪ ਰਹੀ। ਇੰਨੇ ਨੂੰ ਵੇਟਰ ਕਾਫੀ ਲੈ ਕੇ ਮੇਜ਼ ਵੱਲ ਆ ਗਿਆ।

ਉਹ ਬੜਾ ਗੰਭੀਰ ਤੇ ਥੋੜਾ ਜਿਹਾ ਸ਼ਰਮਿੰਦਗੀ ਨਾਲ ਆਸੇ ਪਾਸੇ ਦੇਖ ਕੇ ਮੇਰੇ ਤੋਂ ਅੱਖਾਂ ਚੁਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਸੱਚੀਂ ਬੜਾ ਹੀ ਕਿਊਟ ਲੱਗ ਰਿਹਾ ਸੀ। ਮੈਂ ਅੰਦਰੋਂ ਬਹੁਤ ਖੁਸ਼ ਸੀ। ਮੈਂ ਉਸਨੂੰ ਕਾਫੀ ਲੈਣ ਲਈ ਕਿਹਾ, ਉਹ ਥੋੜਾ ਸਥਿਰ ਹੋ ਰਿਹਾ ਸੀ, ਪਰ ਚੁੱਪ ਸੀ।

ਮੈਂ ਕਿਹਾ, 'ਵੈਸੇ ਕਮਾਲ ਕਰ ਤੀ ਸਰਦਾਰ ਸਾਹਬ ਤੁਸੀਂ !

ਉਹ ਕਹਿਣ ਲੱਗਾ, ਜੀ ਸਰਦਾਰਨੀ ਜੀ ਨੂੰ ਖੁਸ਼ ਵੀ ਤਾਂ ਕਰਨਾ ਸੀ ਨਾ।

ਪਰ ਤੁਹਾਡੀ ਸਰਦਾਰਨੀ ਜੀ ਨੇ, ਹਾਂ ਨਹੀਂ ਕੀਤੀ ਅਜੇ। ਮੈਂ ਕਿਹਾ।

ਕੋਈ ਗੱਲ ਨਹੀਂ ਜੀ, ਪਿਆਰ ਰੱਬ ਦੀ ਦਾਤ ਹੈ, ਦਾਤ ਵਾਂਙ ਹੀ ਮਿਲ ਜਾਵੇ ਤਾਂ ਪ੍ਰਵਾਨ ਕਰਨੀ ਚਾਹੀਦੀ ਹੈ, ਨਹੀਂ ਤਾਂ ਉਸਦੀ ਰਜ਼ਾ ਵਿੱਚ ਰਹਿਣਾ ਕੋਈ ਮਾੜੀ ਗੱਲ ਨਹੀਂ। ਉਸਨੇ ਕਿਹਾ।

ਮੈਂ ਕਾਫੀ ਦੀ ਚੁਸਕੀ ਲੈਂਦਿਆ ਕਿਹਾ, 'ਗੱਲ ਤਾਂ ਤੁਹਾਡੀ ਸਹੀ ਹੈ ਸਰਦਾਰ ਜੀ, ਲੱਗਦਾ ਕੁੱਝ ਸੋਚਣਾ ਪੈਣਾ ਇਸ ਮਸਲੇ ਬਾਰੇ।

ਖੈਰ ਅਸੀਂ ਦੋਹੇਂ ਚੁੱਪ ਸੀ, ਕਿ ਅਚਾਨਕ ਬਾਹਰ ਤੇਜ਼ ਬਾਰਸ਼ ਸ਼ੁਰੂ ਹੋ ਗਈ, ਮੈਂ ਉਸਨੂੰ ਜਲਦੀ ਵਾਪਸ ਜਾਣ ਲਈ ਕਿਹਾ। ਉਸਨੇ ਪਹਿਲਾਂ ਦੀ ਤਰਾਂ ਕਾਰ ਦਾ ਦਰਵਾਜ਼ਾ ਖੋਲ ਕੇ ਬਿਠਾਇਆ ਤੇ ਆਪ ਡਰਾਈਵਰ ਸੀਟ ਤੇ ਬੈਠ ਕੇ ਕਾਰ ਪਾਰਕਿੰਗ ਚੋਂ ਮੇਨ ਸੜਕ ਤੇ ਆ ਗਿਆ ਅਤੇ ਕਾਰ ਆਪਣੇ ਰਾਹ ਤੇ ਪੈ ਗਈ।

ਮੇਰੇ ਸਟਾਪ ਤੇ ਕਾਰ ਰੁ ਕ ਗਈ। ਉਹ ਮੇਰੀ ਤਾਕੀ ਖੋਲਣ ਲਈ ਉਤਰਣ ਲੱਗਾ ਤਾਂ ਮੈਂ ਕਿਹਾ, 'ਰਹਿਣ ਦਿਉ, ਬਾਹਰ ਬਾਰਸ਼ ਹੈ, ਮੈਂ ਖੁਦ ਹੀ ਖੋਲ ਲਵਾਂਗੀ। ਪਰ ਉਸਨੇ ਕਾਰ ਦੀ ਡਿੱਗੀ ਵਿੱਚੋਂ ਛੱਤਰੀ ਕੱਢਦਿਆਂ ਕਿਹਾ, ਮੈਨੂੰ ਲੱਗ ਰਿਹਾ ਸੀ ਕਿ ਅੱਜ ਬਾਰਸ਼ ਆਵੇਗੀ, ਇਸ ਲਈ ਪ੍ਰਬੰਧ ਕਰਕੇ ਆਇਆ ਸੀ। ਉਸਨੇ ਕਾਰ ਲਾਕ ਕੀਤੀ ਅਤੇ 'ਮੈਂ ਤੁਹਾਡੇ ਨਾਲ ਪੀਜੀ ਤੱਕ ਜਾ ਆਉਂਦਾ ਹਾਂ ਨਾਲੇ ਛੱਤਰੀ ਵਾਪਿਸ ਲੈ ਆਵਾਂਗੇ' ਮਜ਼ਾਕੀਆਂ ਅੰਦਾਜ਼ ਵਿੱਚ ਕਹਿ ਕੇ ਮੈਨੂੰ ਚੱਲਣ ਦਾ ਇਸ਼ਾਰਾ ਕਰ ਦਿੱਤਾ।

ਪੀਜੀ ਦੇ ਬਾਹਰ ਪੁੱਜ ਕੇ, ਮੈਂ ਉਸਦਾ ਧੰਨਵਾਦ ਕੀਤਾ ਤੇ ਕਿਹਾ ਘਰ ਜਾ ਕੇ ਆਪਣੇ ਪਹੁੰਚਣ ਦਾ ਮੈਸਜ਼ ਕਰ ਦੇਣਾ, ਮੈਂ ਰਾਤ ਨੂੰ ਕਾਲ ਕਾਰਾਂਗੀ, ਬਾਏ।

ਉਸਨੇ ਕਿਹਾ ਮੈਂ ਮੈਸਜ਼ ਕਰ ਦੇਵਾਂਗਾ ਤੇ ਕਾਲ ਦਾ ਇੰਤਜ਼ਾਰ ਕਰਾਂਗਾ, ਉਹ ਖੁਸ਼ ਲੱਗ ਰਿਹਾ ਸੀ। ਮੈਂ ਮੇਨ ਗੇਟ ਦੇ ਓਹਲੇ ਹੋ ਗਈ ਅਤੇ ਉਸਨੂੰ ਜਾਂਦੇ ਦੇਖ ਰਹੇ ਸੀ। ਆਪਣੀ ਕਾਰ ਦੇ ਨੇੜੇ ਜਾ ਕੇ ਉਸਨੇ ਪਿਛੇ ਮੁੜ ਕੇ ਮੈਨੂੰ ਦੇਖਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਨਜ਼ਰ ਨਹੀਂ ਆਈ। ਫਿਰ ਉਸਨੇ ਉੱਪਰ ਦੇਖਿਆ ਅਤੇ ਕਾਰ ਵੱਲ ਨੂੰ ਵਾਪਸ ਮੁੜਿਆ। ਮੈਂ ਵੀ ਆਪਣੇ ਕਮਰੇ ਵੱਲ ਨੂੰ ਮੁੜਦੀ ਹੋਈ ਨੇ ਮਨ ਵਿੱਚ ਕਿਹਾ ਕਿ 'ਮੁੰਡਾ ਝੱਲਾ ਹੀ ਹੈ' ਕਿ ਅਚਾਨਕ ਇੱਕ ਉੱਚੀ ਅਵਾਜ਼ ਸੁਣਾਈ ਦਿੱਤੀ, ਮੈਂ ਇਕ ਦਮ ਪਿੱਛੇ ਮੁੜ ਕੇ ਦੇਖਿਆ, ਉਸਦੀ ਕਾਰ ਦੇ ਕੋਲ ਇੱਕ ਵੱਡਾ ਟਰੱਕ ਖੜਾ ਸੀ ਅਤੇ ਉਸਦੀ ਕਾਰ ਦੇ ਨੇੜੇ ਲੋਕਾਂ ਦੀ ਭੀੜ ਇਕੱਠੀ ਹੋਣ ਲੱਗ ਪਈ। ਮੈਂ ਇਕ ਦਮ ਉਸ ਪਾਸੇ ਵੱਲ ਭੱਜੀ, ਪਰ ਦੇਰ ਹੋ ਚੁੱਕੀ ਸੀ, ਉਸਦੀਆਂ ਅੱਖਾਂ ਮੇਰੇ ਪੀਜੀ ਗੇਟ ਵੱਲ ਖੁਲੀਆਂ ਪਈਆਂ ਸਨ ਤੇ ਆਪ **ਉਹ** !

# ਸਿੱਖੀ ਦਾ ਕੇਂਦਰ ਗੁਰਦੁਆਰਾ

-ਡਾ. ਜਸਬੀਰ ਸਿੰਘ ਸਰਨਾ

ਸਿੱਖੀ ਜਾਹੋ-ਜਲਾਲ ਦੇ ਪ੍ਰਤੀਕ ਵਜੋਂ ਸਾਡੀ ਮਾਨਸਿਕਤਾ ਵਿਚ ਇਹ ਗੱਲ ਗੂੜ-ਰੂਪ ਵਿਚ ਸਮਾਈ ਹੋਈ ਹੈ ਕਿ ਹਰ ਉਸ ਅਸਥਾਨ ਦੀ ਚਰਨ ਧੂੜ ਆਪਣੇ ਮਸਤਕ 'ਤੇ ਲਾਵੇ ਜਿੱਥੇ ਸਤਿਗੁਰਾਂ ਨੇ ਆਪਣੇ ਮੁਬਾਰਕ ਕਦਮਾਂ ਨਾਲ ਇਸ ਧਰਤੀ ਨੂੰ ਫੈਜ਼ਯਾਬ ਕੀਤਾ ਹੈ। ਇਸੇ ਲਈ ਸਿੱਖ ਆਪਣੇ ਗੁਰੂ ਅੱਗੇ ਦੋ ਵਾਰ ਅਰਦਾਸ ਵਿਚ ਸਰਬੱਤ ਗੁਰਦੁਆਰਿਆਂ ਦੇ ਧਿਆਨ ਕੇਂਦਰਿਤ ਕਰਦਾ ਹੈ।

'ਗੁਰਦੁਆਰਾ' ਸ਼ਬਦ ਦੇ ਲਫ਼ਜ਼ੀ ਮਾਅਨੇ ਬੜੇ ਵਿਸ਼ਾਲ ਹਨ। ਇਹ ਵਿਸ਼ਾਲ ਸੋਮੇ ਪਰਮਸਤਿ ਅਕਾਲ ਪੁਰਖ ਦੇ ਸਿਮਰਨ ਦੇ ਮੂਲ ਸਰੋਤ ਹੀ ਨਹੀਂ ਸਗੋਂ ਧਾਰਮਿਕ, ਵਿਦਿਅਕ, ਸਮਾਜਿਕ ਅਤੇ ਸਭਿਆਚਾਰਕ ਕਲਸ਼ ਮੰਨੇ ਜਾਂਦੇ ਹਨ। ਗੁਰਦੁਆਰੇ ਨੂੰ ਗੁਰੂ ਦਾ ਘਰ, ਗੁਰੂ ਦੀ ਮਾਰਫਤ, ਗੁਰੂ ਦੇ ਜ਼ਰੀਏ, ਸਿੱਖਾਂ ਦਾ ਧਰਮ ਮੰਦਰ ਆਦਿ ਆਖਿਆ ਜਾਂਦਾ ਹੈ। ਇਹ ਉਹ ਪਵਿੱਤਰ ਅਸਥਾਨ ਹੈ ਜਿਸ ਨੂੰ ਦਸ ਗੁਰੂ ਸਾਹਿਬਾਨਾਂ ਨੇ ਧਰਮ ਪ੍ਰਚਾਰ ਦੇ ਪ੍ਰਸਾਰ ਲਈ ਬਣਾਇਆ। ਗੁਰਦੁਆਰੇ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਅਰਜਨ ਸਾਹਿਬ ਦੇ ਸਮੇਂ ਤੱਕ ਸਿੱਖਾਂ ਦੇ ਧਰਮ ਅਸਥਾਨ ਨੂੰ 'ਧਰਮਸ਼ਾਲਾ' ਆਖਿਆ ਜਾਂਦਾ ਸੀ।

**ਮੈਂ ਬਧੀ ਸਚੁ ਧਰਮਸਾਲ ਹੈ।**
**ਗੁਰਸਿਖਾਂ ਲਹਦਾ ਭਾਲਿਕੈ।।**
**ਪੈਰ ਧੋਵਾ ਪਖਾ ਫੇਰਦਾ ਤਿਸੁ**
**ਨਿਵਿ ਲਗਾ ਪਾਇ ਜੀਉ।।**
**(ਸ੍ਰੀ ਗੁ. ਗ੍ਰੰ. ਸਾਹਿਬ)**
**ਪੂਰਬ ਧਰਮਸਾਲ ਬਨਵਾਵਹੁ।।**
**ਬਹੁਰ ਆਇ ਹਮ ਕੋ ਲੈਜਾਵਹੁ।।**

ਗੁਰੂ ਅਰਜਨ ਸਾਹਿਬ ਨੇ ਸਭ ਤੋਂ ਪਹਿਲਾਂ ਅੰਮ੍ਰਿਤ ਸਰੋਵਰ ਦੇ ਦਰਬਾਰ ਸਾਹਿਬ ਦੀ 'ਹਰਿ ਮੰਦਰ' ਸੰਗਯਾ ਥਾਪੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਮੀਰੀ ਪੀਰੀ ਦੇ ਪਾਤਸ਼ਾਹ ਦੇ ਸਮੇਂ ਇਸ ਧਰਮਸ਼ਾਲਾ ਦੀ ਸੰਗਯਾ 'ਗੁਰਦੁਆਰਾ' ਹੋਈ। 'ਗੁਰਸ਼ਬਦ ਰਤਨਾਕਰ ਮਹਾਨਕੋਸ਼' ਦੇ ਲੇਖਕ ਅਨੁਸਾਰ ਸਿੱਖਾਂ ਦੇ ਗੁਰਦੁਆਰੇ 'ਪੜ੍ਹਿਆਰਿਆਂ ਲਈ ਸਕੂਲ, ਰੋਗੀਆਂ ਲਈ ਸਫ਼ਾਖਾਨਾ, ਆਤਮ ਜਿਗਯਾਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਆਚਾਰਯ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤਿ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।

ਗੁਰੂ ਨਾਨਕ ਪਾਤਸ਼ਾਹ ਜਿੱਥੇ ਵੀ ਗਏ, ਉਨ੍ਹਾਂ ਨੇ ਲੋਕਾਂ ਨੂੰ 'ਧਰਮਸ਼ਾਲਾ' ਸਥਾਪਤ ਕਰਨ ਦੀ ਤਾਕੀਦ ਕੀਤੀ ਤਾਂ ਜੋ ਸੰਗਤਾਂ ਬੈਠ ਕੇ 'ਅਕਾਲਪੁਰਖ' ਦਾ ਜਾਪ ਕਰ ਸਕਣ। ਗੁਰੂ ਸਾਹਿਬ ਨੇ ਆਪ ਵੀ ਦਰਿਆ ਰਾਵੀ ਦੇ ਕੰਢੇ 'ਕਰਤਾਰਪੁਰ ਸਾਹਿਬ' ਵਿਚ 'ਧਰਮਸ਼ਾਲਾ' ਸਥਾਪਤ ਕੀਤੀ ਜਿੱਥੇ ਗੁਰੂ ਸਾਹਿਬ ਕਾਫੀ ਸਮਾਂ ਰਹੇ। ਗੁਰੂ ਅਰਜਨ ਸਾਹਿਬ ਨੇ 1604 ਵਿਚ ਪੋਥੀ ਜਾਂ ਗ੍ਰੰਥ (ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ) ਸੰਪਾਦਨ ਕੀਤਾ ਜਿਸ ਵਿਚ ਪਵਿੱਤਰ ਸ਼ਬਦਾਂ ਨੂੰ ਇਕੱਠਾ ਕੀਤਾ ਗਿਆ। ਆਪਣੀ ਬਾਣੀ ਤੋਂ ਇਲਾਵਾ, ਗੁਰੂ ਸਾਹਿਬ ਨੇ ਹੋਰ ਭਗਤਾਂ, ਪੀਰਾਂ-ਫਕੀਰਾਂ ਆਦਿ ਦੀ ਬਾਣੀ ਵੀ ਇਸ 'ਗ੍ਰੰਥ' ਵਿਚ ਸ਼ਾਮਲ ਕੀਤੀ। ਗੁਰੂ ਅਰਜਨ ਸਾਹਿਬ ਨੇ ਆਪਣੀ ਬਾਣੀ ਤੋਂ ਇਲਾਵਾ ਆਪਣੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਵੀ ਇਸ 'ਗ੍ਰੰਥ' ਵਿਚ ਅੰਕਿਤ ਕੀਤੀ ਅਤੇ ਹਿੰਦੁਸਤਾਨੀ ਸੂਫੀ ਅਤੇ ਸੰਤਾਂ ਦਾ ਕਲਾਮ ਦਰਜ ਕੀਤਾ। ਇਸ 'ਗ੍ਰੰਥ' ਨੂੰ 'ਪੋਥੀ ਪ੍ਰਮੇਸ਼ਰ ਕਾ ਥਾਨ" ਦਾ ਰੁਤਬਾ ਦਿੱਤਾ।



1708 ਵਿਚ ਦਸਵੇਂ ਗੁਰੂ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਗੁਰਗੱਦੀ ਬਖਸ਼ੀ। ਹਰ ਗੁਰਦੁਆਰੇ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਹੋਣਾ ਬਹੁਤ ਜ਼ਰੂਰੀ ਹੈ। ਗੁਰਦੁਆਰੇ ਦੇ ਬਾਹਰ 'ਨਿਸ਼ਾਨ ਸਾਹਿਬ' ਦੂਰੋਂ ਵਿਖਾਈ ਦੇਂਦਾ ਹੈ ਜਿਸ ਦਾ ਰੰਗ ਪੀਲਾ, ਕੇਸਰੀ ਜਾਂ ਸੁਰਮਈ ਹੁੰਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਅਤੇ ਬੁੱਢਾ ਦਲ ਦੇ ਬੋਲਬਾਲੇ ਸਮੇਂ ਗੁਰਦੁਆਰਿਆਂ ਦਾ ਖਾਸ ਖਿਆਲ ਰੱਖਿਆ ਜਾਂਦਾ ਸੀ। ਗੁਰਦੁਆਰਿਆਂ ਦਾ ਪ੍ਰਬੰਧਕ ਅਤੇ ਸੇਵਾਦਾਰ ਉਹ ਹੀ ਹੋਇਆ ਕਰਦਾ ਸੀ ਜੋ ਵਿਦਵਾਨ, ਗੁਰਮਤਿ ਵਿਚ ਪ੍ਰਪੱਕ ਅਤੇ ਉੱਚੇ ਆਚਾਰ ਵਾਲਾ ਹੁੰਦਾ ਸੀ। ਸਮੇਂ ਦੀ ਗਰਦਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ-ਪੁਲਟ ਕਰ ਦਿੱਤਾ ਜਿਸ ਦਾ ਅਸਰ ਦੇਸ਼ ਦੇ ਸਾਰੇ ਗੁਰਦੁਆਰਿਆਂ 'ਤੇ ਵੀ ਹੌਲੀ-ਹੌਲੀ ਹੋਇਆ। ਸਿੱਖ ਕੌਮ ਵਿਚ ਜਿਵੇਂ-ਜਿਵੇਂ ਗੁਰਮਤਿ ਦਾ ਪ੍ਰਚਾਰ ਅਲੋਪ ਹੁੰਦਾ ਗਿਆ, ਤਿਉਂ-ਤਿਉਂ ਗੁਰਦੁਆਰਿਆਂ ਦੀ ਮਰਯਾਦਾ ਵੀ ਵਿਗੜਦੀ ਗਈ ਅਤੇ ਇਥੋਂ ਤੱਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਸਿਰਫ ਕਹਿਣ ਲਈ ਗੁਰਧਾਮ ਰਹਿ ਗਏ। ਗੁਰਦੁਆਰਿਆਂ ਦੇ ਸੇਵਕਾਂ ਨੇ ਗੁਰਦੁਆਰਿਆਂ ਦੀਆਂ ਪਵਿੱਤਰ ਜਾਇਦਾਦਾਂ, ਜਾਗੀਰਾਂ ਨੂੰ ਆਪਣੇ ਨਾਮ ਕਰ ਲਿਆ ਅਤੇ ਪਵਿੱਤਰ ਅਸਥਾਨਾਂ ਵਿਚ ਉਹ ਅਪਵਿੱਤਰ ਕੰਮ ਹੋਣ ਲੱਗੇ ਜਿਨ੍ਹਾਂ ਦਾ ਜ਼ਿਕਰ ਕਰਨਾ ਇਥੇ ਸ਼ੋਭਦਾ ਨਹੀਂ। ਅੰਗਰੇਜ਼ਾਂ ਦੀ ਹਕੂਮਤ ਸਮੇਂ ਬਹੁਤ ਸਾਰੇ ਮਹੰਤਾਂ ਤੇ ਪੁਜਾਰੀਆਂ ਨੂੰ ਅੰਗਰੇਜ਼ਾਂ ਦੀ ਸ਼ਹਿ ਪ੍ਰਾਪਤ ਹੋਈ ਜਿਸ ਕਾਰਨ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਖਾਲਸਾ ਜੀ ਨੂੰ ਭਾਰੀ ਜਦੋਜਹਿਦ ਕਰਨੀ ਪਈ ਅਤੇ ਅਖੀਰ ਸਫਲਤਾਵਾਂ ਨੇ ਉਨ੍ਹਾਂ ਦੇ ਪੈਰਾਂ 'ਤੇ ਦਸਤਕ ਦਿੱਤੀ।

ਸਮੇਂ ਦੀ ਰਫਤਾਰ ਨਾਲ ਹਿੰਦੁਸਤਾਨ ਦੇ ਹੋਰ ਧਰਮੀ ਲੋਕਾਂ ਨੇ ਆਪਣੇ ਧਰਮ ਤੇ ਸਮਾਜ ਲਈ ਜਥੇ ਬਣਾਏ ਤਾਂ ਸਿੱਖਾਂ ਦੀ ਵੀ ਜਾਗ ਖੁੱਲੀ ਅਤੇ ਉਨ੍ਹਾਂ ਨੇ ਵੀ ਸਿੰਘ ਸਭਾਵਾਂ, ਖਾਲਸਾ ਦੀਵਾਨ ਆਦਿ ਬਣਾ ਕੇ ਧਰਮ ਅਤੇ ਸਮਾਜ ਦਾ ਸੁਧਾਰ ਕਰਨਾ ਆਰੰਭਿਆ। ਖਾਲਸਾ ਅਖਬਾਰ, ਖਾਲਸਾ ਸਮਾਚਾਰ ਆਦਿ ਅਖਬਾਰ ਅਤੇ ਖਾਲਸਾ ਟ੍ਰੈਕਟ ਸੁਸਾਇਟੀਆਂ ਨੇ ਅਹਿਮ ਰੋਲ ਅਦਾ ਕੀਤਾ ਜਿਸ ਕਾਰਨ ਕੌਮ ਵਿਚ ਜਾਗ੍ਰਤੀ ਆਉਣੀ ਕੁਦਰਤੀ ਪਹਿਲੂ ਸੀ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪਹਿਲੀ ਬੀੜ ਦਾ ਪ੍ਰਕਾਸ਼ ਸਿੱਖਾਂ ਦੇ ਕੇਂਦਰੀ ਅਸਥਾਨ 'ਹਰਿਮੰਦਰ ਸਾਹਿਬ' ਅੰਮ੍ਰਿਤਸਰ ਵਿਚ ਹੋਇਆ। ਇਸ ਬੀੜ ਦੀਆਂ ਹੋਰ ਨਕਲਾਂ/ਉਤਾਰੇ ਕਰਕੇ ਸ਼ਰਧਾਲੂ ਸਿਰਾਂ 'ਤੇ ਅਦਬ ਨਾਲ ਚੁੱਕ ਕੇ ਧਰਮਸ਼ਾਲਾ (ਗੁਰਦੁਆਰਿਆਂ) ਵਿਚ ਲੈ ਜਾ ਕੇ ਪ੍ਰਕਾਸ਼ ਕਰਦੇ। ਸਤਿਕਾਰ ਨਾਲ ਇਸ ਨੂੰ 'ਗ੍ਰੰਥ ਸਾਹਿਬ' ਆਖਿਆ ਜਾਂਦਾ। ਧਰਮਸ਼ਾਲ ਜਿਸ ਵਿਚ 'ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕੀਤਾ ਜਾਂਦਾ, ਉਸ ਨੂੰ 'ਗੁਰਦੁਆਰਾ' ਆਖਿਆ ਗਿਆ ਪਰ ਕੇਂਦਰੀ ਸਿੱਖ ਅਸਥਾਨ ਅੰਮ੍ਰਿਤਸਰ 'ਦਰਬਾਰ ਸਾਹਿਬ' ਜਾਂ 'ਹਰਿਮੰਦਰ ਸਾਹਿਬ' ਕਰਕੇ ਪ੍ਰਸਿੱਧ ਹੋਇਆ। ਕਈ ਵੇਰਾਂ ਬਹੁਤ ਸਾਰੇ ਭੁਲੜ ਵੀਰ ਗੁਰਦੁਆਰੇ ਨੂੰ 'ਸਿੱਖ ਟੈਂਪਲ' 'ਸਿੱਖ ਚਰਚ' 'ਸਿੱਖ ਮਸੀਤ' ਆਦਿ ਆਖ ਛੱਡਦੇ ਹਨ ਜੋ ਬਿਲਕੁਲ ਗਲਤ ਹੈ।

ਅਠਾਰਵੀਂ ਸਦੀ ਦੇ ਦੂਜੇ ਅੱਧ ਵਿਚ ਅਤੇ ਬਾਅਦ ਵਿਚ ਸਿੱਖਾਂ ਨੇ ਕਾਫੀ ਮੱਲਾਂ ਮਾਰੀਆਂ ਅਤੇ ਫਤਹਿਯਾਬੀਆਂ ਹਾਸਲ ਕੀਤੀਆਂ। ਬਹੁਤ ਸਾਰੇ ਸਿੱਖ ਵਸੋਂ ਵਾਲੇ ਇਲਾਕਿਆਂ ਵਿਚ ਗੁਰਦੁਆਰੇ ਉਸਾਰੇ ਗਏ, ਖਾਸਕਰ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਦਾ ਨਿਰਮਾਣ ਕੀਤਾ ਗਿਆ। ਬਹੁਤ ਸਾਰੇ ਤਵਾਰੀਖੀ ਗੁਰਦੁਆਰੇ ਰਾਜੇ-ਮਹਾਰਾਜਿਆਂ ਨੇ ਜ਼ਮੀਨਾਂ ਦੇ ਕੇ ਉਸਾਰੇ। ਇਸ ਲੋਕ ਭਲਾਈ ਕਾਰਨ ਕਈ ਵੇਰ ਪੁਰਖੀ ਮਹੰਤਾਂ ਦੇ ਕਬਜ਼ੇ ਵਿਚ ਗੁਰਦੁਆਰੇ ਆ ਗਏ ਜਿਨ੍ਹਾਂ ਨੂੰ ਆਜ਼ਾਦ ਕਰਨ ਲਈ ਸਿੱਖ ਪੰਥ ਨੂੰ ਲਗਾਤਾਰ ਸੰਘਰਸ਼ ਕਰਨੇ ਪਏ ਅਤੇ 1925 ਵਿਚ 'ਸਿੱਖ ਗੁਰਦੁਆਰਾ ਐਕਟ' ਵਜੂਦ ਵਿਚ ਆਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਸਾਰੇ ਗੁਰਦੁਆਰੇ ਕੀਤੇ ਗਏ ਜੋ ਸਰਕਾਰ ਦੀ ਨਿਗਰਾਨੀ ਹੇਠ ਚੁਣੀ ਜਾਂਦੀ ਪ੍ਰਮੁੱਖ ਸੰਸਥਾ ਹੈ। ਬਹੁਤ ਸਾਰੇ ਗੁਰਦੁਆਰੇ ਇਸ ਤਹਿਤ ਨਹੀਂ ਆਉਂਦੇ, ਜਿਨ੍ਹਾਂ ਦਾ ਪ੍ਰਬੰਧ ਮੁਕਾਮੀ ਸੰਗਤਾਂ ਕਰਦੀਆਂ ਹਨ। ਗੁਰਦੁਆਰੇ ਵਿਚ 'ਸੇਵਾ' ਨੂੰ ਉੱਤਮ ਮੰਨਿਆ ਗਿਆ ਹੈ।

ਗੁਰਦੁਆਰੇ ਵਿਚ ਸਿੱਖਾਂ ਤੋਂ ਇਲਾਵਾ ਹਰ ਧਰਮ, ਜਾਤਪਾਤ ਦਾ ਬੰਦਾ ਆ ਸਕਦਾ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਕੁਝ ਵਿਸ਼ੇਸ਼ ਅਸੂਲ ਵੀ ਮੁਕੱਰਰ ਕੀਤੇ ਗਏ ਹਨ ਜਿਵੇਂ ਗੁਰਦੁਆਰੇ ਅਹਾਤੇ ਵਿਚ ਕੋਈ ਸਿਰੋਂ ਨੰਗਾ, ਜੁੱਤੀ ਪਹਿਨ ਕੇ, ਨਸ਼ਾ ਆਦਿ ਕਰ ਕੇ ਨਹੀਂ ਜਾ ਸਕਦਾ। ਸੰਗਤਾਂ ਵਿਚ ਧਰਮ ਜਾਂ ਜਾਤਪਾਤ ਲਿੰਗ ਆਦਿ ਦਾ ਕੋਈ ਭਿੰਨ-ਭੇਤ ਨਹੀਂ ਰੱਖਿਆ ਜਾਂਦਾ। ਗੁਰਦੁਆਰਿਆਂ ਦੀ ਨਿਰਮਾਣਕਾਰੀ ਵੀ ਇਕੋ ਜਿਹੀ ਕਿਤੇ ਵੀ ਮਕਸੂਸ ਨਹੀਂ। ਸਭ ਤੋਂ ਖਾਸ ਬਾਤ ਹੈ ਕਿ ਹਰ ਗੁਰਦੁਆਰੇ ਵਿਚ ਪ੍ਰਕਾਸ਼ ਅਸਥਾਨ ਬਣਾਉਣਾ ਜ਼ਰੂਰੀ ਹੈ। ਇਹ ਆਮ ਸੰਗਤਾਂ ਦੇ ਬੈਠਣ ਦੀ ਥਾਂ ਤੋਂ ਉੱਚਾ ਹੋਣਾ ਬਹੁਤ ਜ਼ਰੂਰੀ ਹੈ। ਅਜੋਕੇ ਸਮੇਂ ਬਹੁਤ ਸਾਰੇ ਗੁਰਦੁਆਰਿਆਂ ਦੀ ਉਸਾਰੀ 'ਦਰਬਾਰ ਸਾਹਿਬ' ਦੀ ਨਿਰਮਾਣਕਾਰੀ ਵਰਗੀ ਕੀਤੀ ਗਈ ਹੈ। ਸੰਗਤਾਂ ਦੇ ਵਿਸ਼ਾਲ ਇਕੱਠਾਂ ਨੂੰ ਸਨਮੁੱਖ ਰੱਖ ਕੇ, ਗੁਰਦੁਆਰਿਆਂ ਵਿਚ ਇਕ ਨੁੱਕਰ 'ਤੇ 'ਪ੍ਰਕਾਸ਼ ਅਸਥਾਨ' ਅਤੇ ਸਾਹਮਣੇ ਵੱਡੇ ਹਾਲ ਉਸਾਰੇ ਗਏ ਹਨ। ਗੁਰਦੁਆਰਿਆਂ ਨਾਲ 'ਗੁਰੂ ਕਾ ਲੰਗਰ' ਅਤੇ 'ਯਾਤਰੂਆਂ ਲਈ ਰਿਹਾਇਸ਼" ਦਾ ਇੰਤਜ਼ਾਮ ਵੀ ਰੱਖਿਆ ਜਾਂਦਾ ਹੈ। ਬਹੁਤ ਸਾਰੇ ਗੁਰਦੁਆਰਿਆਂ ਵਿਚ ਪ੍ਰਮੁੱਖ ਚਾਰ ਭਾਗ ਹੁੰਦੇ ਹਨ ਜਿਵੇਂ ਪ੍ਰਕਾਸ਼ ਅਸਥਾਨ ਤੇ ਸੰਗਤਾਂ ਲਈ ਹਾਲ, ਲੰਗਰ ਹਾਲ, ਰਿਹਾਇਸ਼ ਅਤੇ ਯਾਤਰੂਆਂ ਲਈ ਸਰਾਂ ਅਤੇ ਦਫਤਰ ਤੇ ਲਾਇਬਰੇਰੀ।

# .ਗਦਰ ਪਾਰਟੀ ਦੇ ਸੂਰਬੀਰ ਭਾਈ ਮੇਵਾ ਸਿੰਘ ਲੋਪੋਕੇ

**11 ਜਨਵਰੀ ਨੂੰ ਬਰਸੀ 'ਤੇ ਵਿਸ਼ੇਸ਼**

**-ਪਿਰਥੀਪਾਲ ਸਿੰਘ ਮਾੜੀ ਮੇਘਾ**

ਗ਼ਦਰ ਪਾਰਟੀ ਦੇ ਸੂਰਬੀਰ ਭਾਈ ਮੇਵਾ ਸਿੰਘ ਦਾ ਜਨਮ 1881 ਵਿਚ ਪਿੰਡ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਵਿਚ ਨੰਦ ਸਿੰਘ ਔਲਖ ਦੇ ਘਰ ਹੋਇਆ। ਜਵਾਨ ਉਮਰ ਵਿਚ ਮੇਵਾ ਸਿੰਘ ਨੂੰ ਸੋਝੀ ਆ ਗਈ ਕਿ ਅੰਗਰੇਜ਼ੀ ਰਾਜ ਵਿਚ ਕਿਸਾਨੀ ਦਾ ਧੰਦਾ ਘਾਟੇਵੰਦਾ ਹੈ। ਸਿਰ 'ਤੇ ਚੜ੍ਹਿਆ ਕਰਜ਼ਾ ਘਟਣ ਦੀ ਥਾਂ ਵਧਦਾ ਜਾ ਰਿਹਾ ਹੈ, ਇਸ ਹਾਲਤ ਵਿਚ ਭਾਈ ਮੇਵਾ ਸਿੰਘ 1906 ਨੂੰ ਕੈਨੇਡਾ ਪਹੁੰਚ ਗਏ। ਭਾਈ ਮੇਵਾ ਸਿੰਘ ਨੇ ਕੈਨੇਡਾ ਵਿਚ 'ਨਿਊ ਵੈਸਟ ਮਨਿਸਟਰ ਦੀ ਫਰੇਜ਼ਰ' ਮਿੱਲ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਭਾਈ ਮੇਵਾ ਸਿੰਘ ਸਮੇਤ ਹਿੰਦੀ ਕਿਰਤੀ ਥੋੜੇ ਅਰਸੇ ਵਿਚ ਹੀ ਖੁਸ਼ਹਾਲ ਹੋ ਗਏ ਤੇ ਉਨ੍ਹਾਂ ਨੇ ਕਾਫੀ ਜਾਇਦਾਦਾਂ ਵੀ ਬਣਾ ਲਈਆਂ। ਕੈਨੇਡਾ ਦੇ ਮੂਲ ਨਿਵਾਸੀ ਹਿੰਦੀ ਕਿਰਤੀਆਂ ਦੀ ਖੁਸ਼ਹਾਲੀ ਨੂੰ ਸਹਾਰ ਨਾ ਸਕੇ ਤੇ ਉਹ ਉਨ੍ਹਾਂ ਨਾਲ ਨਫਰਤ ਕਰਨ ਲੱਗ ਪਏ। ਹਿੰਦ ਵਾਸੀਆਂ ਕੋਲ ਆਪਣੇ ਦੁਖੜਿਆਂ ਬਾਰੇ ਮਿਲ ਬੈਠ ਕੇ ਵਿਚਾਰ ਕਰਨ ਲਈ ਕੋਈ ਟਿਕਾਣਾ ਨਹੀਂ ਸੀ। ਇਸ ਹਾਲਤ ਵਿਚ ਵੈਨਕੂਵਰ ਵਿਚ ਰਹਿੰਦੇ ਹਿੰਦੀ ਕਿਰਤੀਆਂ ਨੇ 'ਖਾਲਸਾ ਦੀਵਾਨ ਸੁਸਾਇਟੀ' ਬਣਾਈ। ਸੁਸਾਇਟੀ ਨੇ 19 ਜਨਵਰੀ 1908 ਨੂੰ ਵੈਨਕੂਵਰ ਵਿਚ 'ਗੁਰਦੁਆਰਾ ਸਿੱਖ ਟੈਂਪਲ' ਸਥਾਪਤ ਕੀਤਾ। ਭਾਈ ਮੇਵਾ ਸਿੰਘ ਗੁਰਦੁਆਰਾ ਬਣਾਉਣ ਵਾਲਿਆਂ ਵਿਚੋਂ ਪ੍ਰਮੁੱਖ ਸਨ। ਗੁਰਦੁਆਰੇ ਦੀ ਉਪਰਲੀ ਮੰਜ਼ਿਲ 'ਤੇ ਗੁਰੂ ਗ੍ਰੰਥ ਸਾਹਿਬ ਤੇ ਥੱਲੜੀ ਮੰਜ਼ਿਲ ਵਿਚ ਹਿੰਦੀ ਕਿਰਤੀ ਆਪਣੇ ਦੁੱਖ-ਦਰਦ ਸਾਂਝੇ ਕਰਦੇ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਜਹਾਜ਼ ਰਾਹੀਂ ਮੁਸਾਫਰਾਂ ਨੂੰ ਹਿੰਦੁਸਤਾਨ ਤੋਂ ਲੈ ਕੇ ਵੈਨਕੂਵਰ ਪਹੁੰਚੇ। ਕੈਨੇਡੀਅਨ ਸਰਕਾਰ ਨੇ ਜਹਾਜ਼ ਤੋਂ ਮੁਸਾਫਰਾਂ ਨੂੰ ਉਤਰਨ ਨਾ ਦਿੱਤਾ। ਸਰਕਾਰ ਵੱਲੋਂ ਮੁਸਾਫਰਾਂ ਨੂੰ ਸਮੁੰਦਰ ਵਿਚ ਡੋਬ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਭਾਈ ਮੇਵਾ ਸਿੰਘ ਇਹ ਅਪਮਾਨ ਸਹਾਰ ਨਾ ਸਕੇ। ਭਾਈ ਮੇਵਾ ਸਿੰਘ, ਭਾਈ ਭਾਗ ਸਿੰਘ ਭਿੱਖੀਵਿੰਡ, ਭਾਈ ਬਲਵੰਤ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਕੈਨੇਡਾ ਦੀ ਸਰਕਾਰ ਨਾਲ ਸਿੱਧੀ ਟੱਕਰ ਲੈਣ ਵਾਸਤੇ ਹਥਿਆਰ ਲੈਣ ਲਈ ਅਮਰੀਕਾ ਚਲੇ ਗਏ ਪਰ ਵਾਪਸੀ 'ਤੇ ਸਰਹੱਦ ਪਾਰ ਕਰਦੇ ਸਮੇਂ ਹਥਿਆਰ ਤੇ ਗੋਲੀ ਸਿੱਕੇ ਸਮੇਤ ਫੜੇ ਗਏ ਸਨ।



ਅੰਗਰੇਜ਼ ਹਾਕਮਾਂ ਨੇ ਕੈਨੇਡੀਅਨ ਹਕੂਮਤ ਨਾਲ ਮਿਲ ਕੇ ਕਿਰਤੀਆਂ ਦੀ ਸਾਰੀ ਸਰਗਰਮੀ ਨੋਟ ਕਰਨ ਲਈ ਕੁਝ ਜਾਸੂਸ ਪਾਲੇ ਹੋਏ ਸਨ। ਅੰਗਰੇਜ਼ ਹਕੂਮਤ ਦਾ ਸਭ ਤੋਂ ਬਦਨਾਮ ਜਾਸੂਸ ਹਾਪਕਿਨਸਨ ਵੀ ਕੈਨੇਡਾ ਪਹੁੰਚ ਚੁੱਕਾ ਸੀ। ਪਹਿਲਾਂ ਉਹ ਭਾਰਤ ਹਿੰਦੋਸਤਾਨ ਵਿਚ ਨੌਕਰੀ ਕਰਦਾ ਸੀ, ਜਿਸ ਕਰਕੇ ਉਹ ਭਾਰਤੀ ਭਾਸ਼ਾਵਾਂ ਜਾਣਦਾ ਸੀ। ਉਸ ਨੇ ਹਿੰਦੀ ਕਿਰਤੀਆਂ ਵਿਚੋਂ ਕੌਮ ਦੇ ਗਦਾਰ ਬੇਲਾ ਸਿੰਘ ਜਿਆਣ ਅਤੇ ਬਾਵਾ ਸਿੰਘ ਲਿੱਤਰਾਂ ਨੂੰ ਪੈਸੇ ਦੇ ਲਾਲਚ ਵਿਚ ਫਸਾ ਕੇ ਆਪਣੇ ਨਾਲ ਜੋੜ ਲਿਆ ਸੀ। ਕਿਰਤੀ ਵੀ ਹਾਪਕਿਨਸਨ ਦੀ ਨੀਤੀ ਨੂੰ ਪਹਿਚਾਣ ਗਏ। ਉਨ੍ਹਾਂ ਗੁਰਦੁਆਰੇ ਵਿਚ ਇਕੱਠ ਕਰਕੇ ਮਤਾ ਪਾਸ ਕਰ ਦਿੱਤਾ ਕਿ ਕੋਈ ਵੀ ਹਿੰਦੋਸਤਾਨੀ ਹਾਪਕਿਨਸਨ ਨਾਲ ਮੇਲ ਮਿਲਾਪ ਨਾ ਰੱਖੇ, ਜੇ ਕੋਈ ਰੱਖੇਗਾ ਤਾਂ ਉਹ ਕੌਮ ਦਾ ਗਦਾਰ ਗਿਣਿਆ ਜਾਵੇਗਾ। ਅੰਗਰੇਜ਼ ਪ੍ਰਸਤਾਂ ਦੀ ਗ਼ਦਾਰ ਜੁੰਡਲੀ, ਜਿਸ ਨੂੰ ਹਾਪਕਿਨਸਨ ਦੀ ਸ਼ਹਿ ਸੀ, ਉਹ ਦੇਸ਼ ਭਗਤਾਂ ਦੇ ਖੂਨ ਦੀ ਪਿਆਸੀ ਸੀ। ਗ਼ਦਾਰ ਹੁਕਮਾ ਸਿੰਘ ਅੱਚਰਵਾਲ ਨੇ ਹਸਨ ਰਹੀਮ 'ਤੇ ਕਾਤਲਾਨਾ ਹਮਲਾ ਕਰ ਦਿੱਤਾ ਪਰ ਹਸਨ ਬਚ ਗਿਆ। ਗ਼ਦਾਰ ਹਰਨਾਮ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਨੂੰ ਬਿਨਾਂ ਵਜ੍ਹਾ ਹੀ ਗਾਲ੍ਹਾਂ ਕੱਢ ਦਿੱਤੀਆਂ, ਇਸ ਇਵਜ਼ ਭਾਈ ਜਗਤ ਸਿੰਘ ਪਿੰਡ ਸੁਰ ਸਿੰਘ ਨੇ 17 ਅਗਸਤ 1914 ਨੂੰ ਹਰਨਾਮ ਸਿੰਘ ਦਾ ਕਤਲ ਕਰ ਦਿੱਤਾ। ਇਸ ਮਗਰੋਂ ਗੱਦਾਰ ਜੁੰਡਲੀ ਦਾ ਸਾਥੀ ਅਰਜਨ ਸਿੰਘ ਆਪਣੀ ਗੋਲੀ ਨਾਲ ਆਪੇ ਹੀ ਮਰ ਗਿਆ। ਅਰਜਨ ਸਿੰਘ ਦੇ ਸਸਕਾਰ ਤੋਂ ਬਾਅਦ ਸੰਗਤ ਗੁਰਦੁਆਰੇ ਅਰਦਾਸ ਵਿੱਚ ਜੁੜੀ ਹੋਈ ਸੀ ਤਾਂ ਗਦਾਰ ਬੇਲਾ ਸਿੰਘ ਨੇ ਦੋ ਪਿਸਤੌਲਾਂ ਨਾਲ ਭਾਈ ਭਾਗ ਸਿੰਘ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਭਾਈ ਬਦਨ ਸਿੰਘ ਭਾਈ ਭਾਗ ਸਿੰਘ ਦੇ ਬਚਾਅ ਲਈ ਅੱਗੇ ਵਧੇ ਤਾਂ ਬੇਲਾ ਸਿੰਘ ਨੇ ਉਨ੍ਹਾਂ ਨੂੰ ਵੀ ਗੋਲੀਆਂ ਨਾਲ ਭੁੰਨ ਦਿੱਤਾ। ਬੇਲਾ ਸਿੰਘ ਗੋਲੀਆਂ ਚਲਾਉਂਦਾ ਹੋਇਆ ਉੱਥੋਂ ਦੌੜ ਗਿਆ। ਭਾਈ ਭਾਗ ਸਿੰਘ ਭਿੱਖੀਵਿੰਡ ਤੇ ਭਾਈ ਬਦਨ ਸਿੰਘ ਪਿੰਡ ਦਲੇਲ ਸਿੰਘ ਵਾਲਾ ਦੋਵੇਂ ਦੇਸ਼ ਭਗਤ ਸ਼ਹੀਦ ਹੋ ਗਏ। ਭਾਈ ਮੇਵਾ ਸਿੰਘ ਦੀ ਸੋਚ ਸੀ ਕਿ ਗੋਲੀ ਕਾਂਡ ਦੇ ਸਰਗਨੇ ਹਾਪਕਿਨਸਨ ਨੂੰ ਪਹਿਲ ਦੇ ਆਧਾਰ 'ਤੇ ਮਾਰਿਆ ਜਾਵੇ ਤੇ ਬਾਕੀਆਂ ਨਾਲ ਬਾਅਦ ਵਿੱਚ ਨਜਿੱਠਿਆ ਜਾਵੇਗਾ। ਇਕ ਦਿਨ ਹਾਪਕਿਨਸਨ ਬੇਲਾ ਸਿੰਘ ਦੇ ਮੁਕੱਦਮੇ ਵਿਚ ਕਚਹਿਰੀ ਆਇਆ ਹੋਇਆ ਸੀ। ਭਾਈ ਮੇਵਾ ਸਿੰਘ ਨੇ ਹਾਪਕਿਨਸਨ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਭਾਈ ਮੇਵਾ ਸਿੰਘ ਭੱਜ ਵੀ ਸਕਦੇ ਸਨ ਪਰ ਉਨ੍ਹਾਂ ਨੇ ਅਫਸਰ ਦੇ ਮੇਜ 'ਤੇ ਪਿਸਤੌਲ ਰੱਖ ਕੇ ਕਿਹਾ ਕਿ, "ਮੇਰਾ ਮਕਸਦ ਪੂਰਾ ਹੋ ਗਿਆ ਹੈ, ਹੁਣ ਮੈਨੂੰ ਫੜ ਕੇ ਬੇਸ਼ੱਕ ਥਾਣੇ ਲੈ ਚੱਲੋ ਮੈਨੂੰ ਫੜੇ ਜਾਣ ਦਾ ਕੋਈ ਭੈਅ ਨਹੀਂ ਹੈ।"

ਭਾਈ ਮੇਵਾ ਸਿੰਘ ਨੂੰ ਜਦੋਂ ਹਾਪਕਿਨਸਨ ਨੂੰ ਮਾਰਨ ਦਾ ਕਾਰਨ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, "ਇਹ ਬਦਲਾ ਹੈ ਦੇਸ਼ ਅਤੇ ਧਰਮ ਦੇ ਅਪਮਾਨ ਦਾ। ਇਹ ਬਦਲਾ ਹੈ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਦੇ ਕਤਲ ਦਾ। ਇਸ ਕੇਸ ਅਧੀਨ ਭਾਈ ਮੇਵਾ ਸਿੰਘ ਨੂੰ ਫਾਂਸੀ ਹੋਈ ਤੇ ਸਾਮਰਾਜੀ ਅੰਗਰੇਜ਼ ਹਕੂਮਤ ਨੇ ਮਹਾਨ ਸੂਰਬੀਰ ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਵੈਨਕੂਵਰ ਵਿਚ ਫਾਂਸੀ ਦੇ ਦਿੱਤੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦਾ ਜੀਵਨ ਅਨੁਭਵ

**-ਤੇਜਵੰਤ ਸਿੰਘ ਗਿੱਲ**



ਗੁਰੂ ਨਾਨਕ ਦੇਵ ਦਾ ਜੀਵਨ ਅਨੁਭਵ ਬਹੁਤ ਅਲੌਕਿਕ ਸੀ। ਸਿਰੜ, ਸਹਿਜ ਅਤੇ ਸੁਹਜ ਦਾ ਇਸ ਵਿਚ ਮੁੱਢ ਤੋਂ ਹੀ ਵਾਸਾ ਸੀ। ਸਮਾਂ ਬੀਤਣ ਨਾਲ ਇਸ ਵਿਚ ਅਚੰਭਿਤ ਕਰ ਦੇਣ ਵਾਲੇ ਵੇਰਵੇ ਦਾ ਵਾਧਾ ਹੁੰਦਾ ਗਿਆ। 'ਜਨਮ ਸਾਖੀਆਂ' ਦੇ ਪ੍ਰਚੱਲਿਤ ਹੋਣ ਨਾਲ ਤਾਂ ਕਰਾਮਾਤਾਂ ਦਾ ਪ੍ਰਵੇਸ਼ ਵੀ ਹੋਣ ਲੱਗ ਪਿਆ। ਸਮਾਂ ਬੀਤਣ ਨਾਲ ਕਰਾਮਾਤੀ ਰੁਝਾਨ ਵਿਚ ਵਾਧਾ ਹੀ ਹੁੰਦਾ ਗਿਆ। ਭਾਈ ਵੀਰ ਸਿੰਘ ਦੇ ਨਾਨਕ ਚਮਤਕਾਰ ਵਿਚ ਤਾਂ ਕਰਾਮਾਤੀ ਰੁਝਾਨ ਸਿਖਰ ਨੂੰ ਪਹੁੰਚ ਗਿਆ। ਪੂਰਬਲੇ ਬਿਰਤਾਂਤ ਵਿਚ ਜੋ ਕਸਰ ਰਹਿ ਗਈ ਸੀ, ਉਹ ਹਰ ਪੱਖੋਂ ਪੂਰੀ ਹੋਈ ਲੱਗਣ ਲੱਗੀ।

ਸਵਾਲ ਪੈਦਾ ਹੁੰਦਾ ਹੈ ਕਿ ਕੋਈ ਪੁਨਰ-ਵਰਨਣ ਹੈ ਜੋ ਕਰਾਮਾਤੀ ਦਰਸਾਏ ਗਏ ਗੁਰੂ ਸਾਹਿਬ ਦੇ ਜੀਵਨ ਅਨੁਭਵ ਨੂੰ ਅਲੌਕਿਕ ਦੇ ਨਾਲ ਸੰਭਾਵੀ ਦਰਸਾ ਸਕੇ। ਜਿਸ ਸਿਰੜ, ਸਹਿਜ ਅਤੇ ਸੁਹਜ ਨੂੰ ਉਹ ਹਰ ਪਲ ਪ੍ਰਣਾਏ ਰਹੇ, ਉਸ ਨੂੰ ਉਨ੍ਹਾਂ ਦੇ ਹਾਵਾਂ/ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਦਾ ਅਨਿੱਖੜਵਾਂ ਅੰਗ ਦਰਸਾ ਸਕੇ। ਇਸ ਪਾਸੇ ਯਤਨ ਜਰੂਰੀ ਹੈ, ਖਾਸ ਕਰਕੇ ਜੀਵਨ ਦੇ ਇਸ ਪੜਾਅ 'ਤੇ ਜੋ ਨਕਲ ਹੈ, ਉਸ ਨੂੰ ਅਸਲ ਮੰਨਣ ਦਾ ਰੁਝਾਨ ਵਧਦਾ ਹੀ ਜਾ ਰਿਹਾ ਹੈ।

ਗੁਰੂ ਸਾਹਿਬ ਦੇ ਜਨਮ ਬਾਰੇ ਵਿਉਂਤੀ ਵਿਧਾ-ਵਿਧੀ ਤੋਂ ਗੱਲ ਸ਼ੁਰੂ ਹੋ ਸਕਦੀ ਹੈ। ਨਾਨਕ ਚਮਤਕਾਰ ਵਿਚ ਇਸ ਨੂੰ ਪਰਮ ਕ੍ਰਿਪਾਲੂ ਪ੍ਰਭੂ ਦੇ ਕੌਤਕ ਵਜੋਂ ਪੇਸ਼ ਕੀਤਾ ਗਿਆ ਹੈ। ਪੁਸ਼ਪ ਬਿਬਾਨ ਜਿਸ ਨੂੰ ਪਰਉਪਕਾਰ ਦਾ ਨਾਂ ਦਿੱਤਾ ਗਿਆ ਹੈ, ਉਸ ਵਿਚ ਗੁਰੂ ਸਾਹਿਬ ਨੂੰ ਆਦਰ ਸਹਿਤ ਬਿਠਾ ਕੇ ਵਿਦਾ ਕੀਤਾ ਜਾਂਦਾ ਹੈ। ਮਾਤਾ ਤ੍ਰਿਪਤਾ ਦੇ ਗਰਭ ਤੋਂ ਜਨਮ ਲੈਣ ਵਾਲੇ ਪਲ ਤਾਰਾ ਮੰਡਲ ਸਾਰੀ ਰਾਤ ਨੂਰ ਦੀ ਫੁਹਾਰ ਵਰ੍ਹਾਉਂਦੇ ਹਨ। ਨੀਲਾ ਆਕਾਸ਼ ਨੀਲਮਣੀ ਵਾਂਗ ਟਹਿਕ ਜਾਂਦਾ ਹੈ। ਪੰਛੀ ਅਲਾਪ ਕਰਨ ਲੱਗਦੇ ਹਨ। ਧਰਤੀ ਤੇ ਗਗਨ ਵਿਚ ਨੂਰ ਪਸਰ ਜਾਂਦਾ ਹੈ। ਨਗਰ ਦਾ ਪ੍ਰੋਹਿਤ, ਪਾਂਧਾ ਅਚੰਭਿਤ ਹੋ ਜਾਂਦੇ ਹਨ। ਹਰੇਕ ਨੂੰ ਵਿਸ਼ਵਾਸ ਹੈ ਕਿ ਨਵ-ਜੰਮੇ ਬਾਲਕ ਦੇ ਲੱਛਣ ਨਿਰੀ ਪ੍ਰਬੀਨਤਾ ਦੇ ਨਹੀਂ, ਅਵਤਾਰਤਾ ਦੇ ਹਨ।

ਨਿਸ਼ਚੇ ਹੀ ਇਹ ਕੁਲ ਵਰਨਣ ਸਾਖੀਆਂ ਵਿਚ ਮਿਲਦੇ ਬਿਆਨ ਨੂੰ ਮਾਤ ਪਾਉਂਦਾ ਹੈ। ਵਾਸਤਵ ਵਿਚ ਇਹ ਉਸ ਗੁਬਾਰੇ ਦੀ ਨਿਆਈਂ ਹੈ ਜਿਸ ਵਿਚਲੀ 'ਵਾ ਅਸਲ ਦੀ ਛੂਹ ਨਾਲ ਛਾਈਂ-ਮਾਈਂ ਹੋ ਜਾਂਦੀ ਹੈ। ਅਸਲ ਵਿਚ ਵੀ ਕਈ ਭੇਤ ਹਨ ਜਿਨ੍ਹਾਂ ਦੇ ਖੁੱਲ੍ਹਣ ਨਾਲ ਵਚਿੱਤਰ ਅਹਿਸਾਸ ਹੋਣ ਲੱਗਦਾ ਹੈ। ਇਹ ਵੱਖਰੀ ਗੱਲ ਹੈ ਕਿ ਇਸ ਵਿਚ ਆਕਾਸ਼ ਤੋਂ ਭਰਮਾਉਂਦਾ ਖਲਾਅ ਨਹੀਂ, ਧਰਤੀ ਤੋਂ ਉੱਠਦਾ ਅਚੰਭਾ ਹੈ ਜੋ ਮਾਰਮਿਕ ਹੈ। ਇਹ ਹੈ ਕਿ ਆਪਣੀ ਭੈਣ ਨਾਨਕੀ ਨਾਲੋਂ ਉਹ ਉਮਰ ਵਿਚ ਕਈ ਸਾਲ ਛੋਟੇ ਸਨ। ਕਈ ਸਾਲ ਬਾਅਦ ਪੈਦਾ ਹੋਇਆ ਦੂਜਾ ਬੱਚਾ, ਪਰਮਾਤਮਾ ਦੀ ਦਾਤ ਹੀ ਮੰਨਿਆ ਜਾਂਦਾ ਹੈ। ਐਨਾ ਹੀ ਉਹ ਪਹਿਲੇ ਬੱਚੇ ਵੱਲੋਂ ਸੁਗਾਤ ਸਮਝਿਆ ਜਾਂਦਾ ਹੈ। ਇਸ ਤੋਂ ਇਹ ਗੁੰਝਲ਼ ਵੀ ਖੁੱਲ੍ਹਦੀ ਹੈ ਕਿ ਬਾਲਕ ਦਾ ਨਾਂ ਨਾਨਕ ਕਿਉਂ ਰੱਖਿਆ ਗਿਆ। ਜੇ ਉਹ ਨਾਨਕੇ ਘਰ ਪੈਦਾ ਹੋਇਆ ਹੁੰਦਾ ਤਾਂ ਸੁਭਾਵਿਕ ਹੀ ਇਹ ਉਸ ਦਾ ਨਾਂ ਹੋ ਸਕਦਾ ਸੀ, ਪਰ ਉਹ ਤਾਂ ਦਾਦਕਾ ਘਰ ਪੈਦਾ ਹੋਇਆ। ਉਸ ਨੂੰ ਇਹ ਨਾਂ ਦਿੱਤਾ ਜਾਣਾ ਇਸ ਗੱਲ ਦਾ ਪ੍ਰਮਾਣ ਸੀ ਕਿ ਮਾਪਿਆਂ ਦੀ ਨਜ਼ਰ ਵਿਚ ਉਹ ਭੈਣ ਵੱਲੋਂ ਦਿੱਤੀ ਅਦਭੁੱਤ ਸੌਗਾਤ ਸੀ। ਕੁਝ ਇਤਿਹਾਸਕਾਰਾਂ ਨੂੰ ਇਸ ਗੁੰਝਲ਼ ਨੇ ਅਚੰਭਿਤ ਵੀ ਕੀਤਾ। ਉਨ੍ਹਾਂ ਤੋਂ ਏਨਾ ਭਰੋਸੇਯੋਗ ਬਿਆਨ ਫੇਰ ਵੀ ਨਾ ਸਰਿਆ ਜਿੰਨਾ ਮੋਹਨ ਸਿੰਘ ਦੇ ਮਹਾਂਕਾਵਿ ਨਾਨਕਾਇਣ ਵਿਚ ਅੰਕਿਤ ਹੈ:

**ਤ੍ਰਿਪਤਾ ਦੇ ਸਨ ਪੇਕੇ ਚਾਹਲ ਪਿੰਡ ਵਿਚ**
**ਮੀਆਂ ਮੀਰ ਤੋਂ ਅੱਠ ਮੀਲ ਦੀ ਵਿੱਥ 'ਤੇ**
**ਪੂਰਬ ਦੱਖਣ ਵੱਲ ਵਸੇ ਘੁੱਗ ਜੋ।**
**ਬੁਹੜਾ ਵੱਡਾ ਹੋਇਆ ਉਸਦਾ ਵੀਰ ਜਾਂ**
**ਉਸੇ ਦੇ ਨਾਂ ਉੱਤੇ ਨਾਲ ਪਿਆਰ ਦੇ**
**ਨਾਨਕ ਰੱਖਿਆ ਨਾਂ ਉਸਦੇ ਮਾਪਿਆਂ।**

ਇਸ ਤਰ੍ਹਾਂ ਇਤਿਹਾਸ ਦੇ ਤਰਕ ਨੂੰ ਜੋ ਅੜਿੱਚਣ ਦਰਪੇਸ਼ ਸੀ, ਕਾਵਿ ਦੇ ਨਿੱਘ ਨੇ ਉਸ ਨੂੰ ਖੋਲ੍ਹ ਦਿੱਤਾ।

ਈਸ਼ਵਰ ਵੱਲੋਂ ਮਿਲੀ ਦਾਤ ਜਾਂ ਭੈਣ ਵੱਲੋਂ ਮਿਲੀ ਦੁਰਲੱਭ ਸੁਗਾਤ ਤੋਂ ਮਾਪਿਆਂ ਦੀਆਂ ਆਸਾਂ ਵੀ ਸਿਖਰ ਛੂਹ ਗਈਆਂ। ਬਾਲਕ ਨਾਨਕ ਦੇ ਮਾਤਾ ਪਿਤਾ, ਖਾਸਕਰ ਪਿਤਾ ਵੱਲੋਂ ਵਰੋਸਾਈਆਂ ਆਸਾਂ ਦੀ ਤਾਂ ਕੋਈ ਸੀਮਾ ਹੀ ਨਹੀਂ ਸੀ। ਸਫਲ ਜੀਵਨ ਜਿਉਣ ਅਤੇ ਸਮਾਜ ਵਿਚ, ਸਰਕਾਰੇ ਦਰਬਾਰੇ ਨਾਮਣਾ ਖੱਟਣ ਦੀ ਬੁਨਿਆਦੀ ਸ਼ਰਤ ਵਿੱਦਿਆ ਸੀ। ਨਗਰ ਵਿਚ ਫਾਰਸੀ, ਸੰਸਕ੍ਰਿਤ ਅਤੇ ਹੋਰ ਕਿਸੇ ਵਿਸ਼ੇ ਦੀ ਸਿੱਖਿਆ ਦੇਣ ਖਾਤਰ ਜਿਹੜੇ ਤਿੰਨ ਵਿਦਿਆਲੇ ਸਨ, ਉਨ੍ਹਾਂ ਦੇ ਮੁਖੀਆਂ ਕੋਲ ਬਾਲਕ ਨਾਨਕ ਨੂੰ ਉਹ ਬੜੀ ਆਸ ਨਾਲ ਲੈ ਕੇ ਜਾਂਦਾ ਹੈ। ਕਿਸੇ ਵੀ ਵਿਦਿਆਲੇ ਵਿਚ ਉਸ ਦੀ ਉਮੰਗ ਨੂੰ ਬੂਰ ਨਹੀਂ ਪੈਂਦਾ। ਜਿਹੜਾ ਵੀ ਮੁਖੀ ਬਾਲਕ ਨਾਨਕ ਨੂੰ ਆਪਣੇ ਵਿਸ਼ੇ ਦੀ ਜਾਣ-ਪਛਾਣ ਕਰਵਾਉਂਦਾ ਹੈ, ਉਸ ਦੀਆਂ ਪਤੇ ਦੀਆਂ ਗੱਲਾਂ ਸੁਣ ਕੇ ਨਿਰ-ਉੱਤਰ ਹੋ ਜਾਂਦਾ ਹੈ। ਇਹ ਨਹੀਂ ਕਿ ਬਾਲਕ ਨਾਨਕ ਨੂੰ ਵਿੱਦਿਆ ਵਿਚ ਦਿਲਚਸਪੀ ਨਹੀਂ ਸੀ। ਸੱਚੀ ਗੱਲ ਇਹ ਸੀ ਕਿ ਵਿੱਦਿਆ ਬਾਰੇ ਉਸ ਦੇ ਮਿਆਰ ਏਨੇ ਉੱਚ ਪਾਏ ਦੇ ਸਨ ਕਿ ਉਨ੍ਹਾਂ ਦਾ ਸਾਰ ਜਾਣਨਾ ਅਤੇ ਉਨ੍ਹਾਂ ਦਾ ਮੁੱਲ ਪਛਾਣਨਾ ਕਿਸੇ ਦੇ ਵੱਸ ਦੀ ਗੱਲ ਨਹੀਂ ਸੀ। ਇਸ ਚੇਤਨਾ ਦਾ ਸ੍ਰੋਤ ਕੀ ਸੀ, ਕਿਸੇ ਨੂੰ ਸਮਝ ਨਹੀਂ ਸੀ ਆਉਂਦਾ। ਸਾਖੀਕਾਰਾਂ ਦਾ ਨਿਰਣਾ ਹੈ ਕਿ ਇਹ ਈਸ਼ਵਰ ਦੀ ਰਹਿਮਤ ਸੀ। ਜੇ ਪਰਿਵਾਰਕ ਜੀਵਨ 'ਤੇ ਝਾਤੀ ਮਾਰੀ ਜਾਵੇ ਤਾਂ ਇਕ ਜਿਉਂਦੇ ਜਾਗਦੇ ਬੰਦੇ ਦੀ ਨਿਸ਼ਾਨਦੇਹੀ ਹੁੰਦੀ ਹੈ। ਉਹ ਬਾਲਕ ਨਾਨਕ ਦਾ ਦਾਦਾ ਸ਼ਿਵ ਰਾਮ ਸੀ। ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਦੇ ਮਹਾਨ ਕੋਸ਼ ਵਿਚ ਉਸ ਬਾਰੇ ਇਹ ਵੇਰਵਾ ਦਰਜ ਹੈ: ਸ਼ਿਵ ਰਾਮ: ਰਾਮ ਨਾਰਾਯਣ ਵੇਦੀ ਦਾ ਸੁਪੁਤ, ਬਾਬਾ ਕਾਲੂ ਜੀ ਦਾ ਪਿਤਾ, ਮਾਤਾ ਬਨਾਰਸੀ ਜੀ ਦਾ ਪਤੀ ਅਤੇ ਸਤਿਗੁਰੂ ਨਾਨਕ ਦੇਵ ਜੀ ਦਾ ਦਾਦਾ। ਇਸ ਮਹਾਤਮਾ ਦਾ ਜਨਮ ਸੰਮਤ 1475 ਦਾ ਦੱਸਿਆ ਜਾਂਦਾ ਹੈ। ਕਈ ਲੇਖਕਾਂ ਨੇ ਨਾਮ ਸ਼ਿਵ ਨਾਰਾਯਣ ਵੀ ਲਿਖਿਆ ਹੈ।

ਇਸ ਇੰਦਰਾਜ ਵਿਚ ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਨੁਕਤਾ ਬਾਲਕ ਨਾਨਕ ਦੇ ਦਾਦਾ ਨੂੰ ਮਹਾਤਮਾ ਕਿਹਾ ਜਾਣਾ ਹੈ। ਸੁਤੇਸਿੱਧ ਹੀ ਇਸ ਤੋਂ ਅੰਦਾਜਾ ਹੁੰਦਾ ਹੈ ਕਿ ਰਿਸ਼ੀ ਬਿਰਤੀ ਦੇ ਨਾਲ ਉਹ ਵਿੱਦਿਆ ਦਾ ਵੀ ਗਿਆਤਾ ਸੀ। ਪੁਰਾਤਨ ਗ੍ਰੰਥਾਂ ਦਾ ਗਿਆਨ ਕੀਮਤੀ ਸਰਮਾਇਆ ਸੀ। ਬਾਲਕ ਨਾਨਕ ਨੂੰ ਪੁਰਾਤਨ ਗ੍ਰੰਥਾਂ ਤੋਂ ਜਾਣੂ ਕਰਵਾਉਣਾ ਉਸ ਲਈ ਪਿੱਤਰੀ ਮੋਹ ਦਾ ਅੰਗ ਹੋ ਸਕਦਾ ਸੀ। ਸ਼ਾਇਦ ਇਸ ਕਾਰਨ ਬਾਲਕ ਨਾਨਕ ਲਈ ਦਾਦੇ ਦੇ ਹਿਰਦੇ ਵਿਚ ਮੋਹ ਵਧੇਰੇ ਹੀ ਉਮੜਦਾ ਹੋਵੇ। ਘਰੇਲੂ ਸਥਿਤੀ ਪੇਚੀਦਾ ਜ਼ਰੂਰ ਸੀ, ਪਰ ਇਸ ਦੀ ਕੁੱਲ ਪੇਚੀਦਗੀ ਬਾਲਕ ਨਾਨਕ ਦੇ ਪੱਖ ਵਿਚ ਹੀ ਭੁਗਤਦੀ ਹੋਵੇਗੀ। ਜੇ ਪੁਰਾਤਨ ਗਿਆਨ ਬਾਰੇ ਉਹ ਕੋਈ ਸੰਵਾਦੀ ਰੁਚੀ ਅਪਣਾ ਲੈਂਦਾ, ਕੋਈ ਨਘੋਚਵੀਂ ਧਾਰਨਾ ਬੋਲ ਦਿੰਦਾ ਤਾਂ ਉਸ 'ਤੇ ਵੀ ਕੋਈ ਉਜ਼ਰ ਨਹੀਂ ਸੀ ਹੋ ਸਕਦਾ।

ਜਾਇਦਾਦ ਨਾਲ ਮੋਹ ਰੱਖਣ ਵਾਲੇ ਮਹਿਤਾ ਕਾਲੂ ਨੂੰ ਤਾਂ ਦਾਦੇ ਪੋਤੇ ਦੀ ਨੇੜਤਾ ਚੰਗੀ ਨਹੀਂ ਲੱਗੀ ਹੋਵੇਗੀ। ਅਸਚਰਜ ਨਹੀਂ ਕਿ ਉਸ ਨੇ ਹੈਂਕੜ ਤੇ ਫਕਿਰ ਦੇ ਮਿਲੇ-ਜੁਲੇ ਪ੍ਰਭਾਵ ਵੱਸ ਇਹ ਚਾਹਿਆ ਹੋਵੇ ਕਿ ਲੜਕਪਣ ਵਿਚ ਪੈਰ ਰੱਖ ਰਿਹਾ ਨਾਨਕ ਜੇ ਹੋਰ ਨਹੀਂ, ਮੱਝਾਂ ਚਾਰਨ ਦਾ ਹੀ ਜ਼ਿੰਮਾ ਲੈ ਲਵੇ। ਅਜੋਕੇ ਸੰਦਰਭ ਵਿਚ ਵਧੇਰੇ ਮਹੱਤਵ ਇਸ ਦਾ ਹੋਰ ਹੈ। ਉਹ ਹੈ ਪਰਵਾਨ ਚੜ੍ਹ ਰਹੇ ਨਾਨਕ ਦਾ ਪਸ਼ੂਆਂ ਨਾਲ ਵਤੀਰਾ ਅਤੇ ਪਸ਼ੂ-ਜਗਤ ਵੱਲ ਉਸਦਾ ਝੁਕਾਅ ਜੋ ਨਾ ਪਸ਼ੂ-ਪੂਜਾ ਅਤੇ ਨਾ ਪਸ਼ੂ-ਹੱਤਿਆ ਵਿਚ ਆਸਥਾ ਰੱਖਦਾ ਸੀ। ਗੁਰੂ ਨਾਨਕ ਦਾ ਪਸ਼ੂਆਂ ਪ੍ਰਤੀ ਦ੍ਰਿਸ਼ਟੀਕੋਣ ਹਿੱਤਕਾਰੀ ਹੋਣ ਦਾ ਪ੍ਰਮਾਣ ਹੈ।

ਪੂਜਾ ਅਤੇ ਹੱਤਿਆ ਤੋਂ ਪਾਰ ਪਸ਼ੂ-ਜਗਤ ਬਾਰੇ ਦ੍ਰਿਸ਼ਟੀਗੋਚਰ ਨਾਨਕ ਦੇ ਜੀਵਨ ਅਨੁਭਵ ਲਈ ਨਵਾਂ-ਦੁਆਰ ਖੋਲ੍ਹਦਾ ਹੈ। ਸੱਚਾ ਸੌਦਾ ਵਾਲੀ ਘਟਨਾ ਇਸ ਨੂੰ ਸਹਿਕ ਸਕੰਦੜਾ ਰੂਪ ਬਖਸ਼ਦੀ ਹੈ। ਉਨ੍ਹਾਂ ਪ੍ਰਾਣੀਆਂ ਨਾਲ ਕਿਵੇਂ ਪੇਸ਼ ਆਇਆ ਜਾਵੇ ਜੋ ਸਮਾਜਿਕ ਵਰਤਾਰੇ ਤੋਂ ਅਲੱਗ ਥਲੱਗ ਹੋ ਕੇ ਖੋਖਲੇ ਆਦਰਸ਼ ਪਾਲਣ ਦਾ ਦਾਅਵਾ ਕਰਦੇ ਸਨ। ਤਨ ਢਕਣ ਲਈ ਬਸਤਰ ਅਤੇ ਅਰੋਗ ਰਹਿਣ ਲਈ ਖਾਣ-ਪੀਣ ਦਾ ਆਹਰ ਵੀ ਨਹੀਂ ਕਰ ਸਕਦੇ ਸਨ। ਅਜਿਹੇ ਸੌਦੇ ਦਾ ਜੁਗਾੜ ਕਰਨ ਦੀ ਥਾਂ ਜੋ ਉਸ ਦੇ ਪਿਤਾ ਨੂੰ ਧਰਵਾਸ ਦਿਵਾ ਸਕਦਾ, ਉਹ ਨਿਤਾਣੇ ਸਾਧੂਆਂ ਨੂੰ ਇਹ ਦਰਸਾਉਣ 'ਤੇ ਤੁਲ ਗਿਆ ਕਿ ਉਹ ਚਾਹੇ ਆਪਣਾ ਧਿਆਨ ਨਾ ਰੱਖ ਸਕਦੇ ਹੋਣ, ਮਾਨਵ-ਹਿਤੈਸ਼ੀ ਹੋਣ ਨਾਤੇ ਉਹ ਤਾਂ ਇਹ ਚੁਣੌਤੀ ਕਬੂਲ ਕਰਨ ਲਈ ਤਿਆਰ ਸੀ। ਤਸੱਵਰ ਵਿਚ ਆਉਂਦਾ ਹੈ ਕਿ ਜਵਾਨੀ ਵਿਚ ਪੈਰ ਰੱਖ ਰਹੇ ਨਾਨਕ ਲਈ ਇਸ ਘਟਨਾ ਦਾ ਨਾਟਕੀ ਮਹੱਤਵ ਸੀ। ਹੁਣ ਤਕ ਕਾਵਿਕ ਅੰਦਾਜ਼ ਵਾਲੇ ਹਾਵ-ਭਾਵ ਸਨ ਜਿਨ੍ਹਾਂ ਦਾ ਉਸ ਦੇ ਜੀਵਨ ਅਨੁਭਵ ਵਿਚ ਸਗਵਾਂ ਸਥਾਨ ਰਿਹਾ ਸੀ। ਇਸ ਪੜਾਅ 'ਤੇ ਨਾਟਕੀ ਅੰਦਾਜ਼ ਦਾ ਦਾਖਲਾ ਨੁਮਾਇਆ ਹੋਣ ਲੱਗਦਾ ਹੈ ਜੋ ਭਵਿੱਖ ਵਿਚ ਮਹਾਂ-ਕਾਵਿਕ ਪਾਸਾਰ ਗ੍ਰਹਿਣ ਕਰਦਾ ਹੈ।

ਮੋਦੀਖਾਨੇ ਵਿਚਲਾ ਵਿਹਾਰ ਇਸ ਬਦਲ ਦਾ ਆਰੰਭ ਸੀ। ਕਬੀਲਦਾਰ ਹੋ ਚੁੱਕੇ ਨਾਨਕ ਲਈ ਇਹ ਅਵਸਰ ਵੀ ਸੀ ਤੇ ਸੰਸਾਰ ਨੂੰ ਦੇਖਣ ਅਤੇ ਮਾਨਵ-ਹਿਤੈਸ਼ੀ ਰਾਹ 'ਤੇ ਲਿਆਉਣ ਦੀ ਵੰਗਾਰ ਵੀ, ਜਿਸ ਨੂੰ ਕਾਵਿਕ ਸਮੇਤ ਨਾਟਕੀ ਢੰਗ ਨਾਲ ਗੁਰੂ ਨਾਨਕ ਨੇ ਕਬੂਲ ਕਰਨ ਵਿਚ ਕੋਈ ਢਿੱਲ ਨਾ ਦਿਖਾਈ। ਇੱਥੋਂ ਉਦਾਸੀਆਂ ਦਾ ਉਹ ਚੱਕਰ ਚੱਲਿਆ ਜਿਨ੍ਹਾਂ ਨੇ ਗੁਰੂ ਨਾਨਕ ਦੇ ਕਰਤੱਵ ਨੂੰ, ਭਾਈ ਗੁਰਦਾਸ ਦੇ ਕਹਿਣ ਅਨੁਸਾਰ ਬ੍ਰਹਿਮੰਡੀ ਆਕਾਰ ਪ੍ਰਦਾਨ ਕੀਤਾ:

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗਿ ਚਾਨਣ ਹੋਆ।
ਜਿਉਂ ਕਹਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।

ਇਸ ਤਰ੍ਹਾਂ ਦਾ ਬ੍ਰਹਿਮੰਡੀ ਆਕਾਰ ਗ੍ਰਹਿਣ ਕਰਕੇ ਗੁਰੂ ਨਾਨਕ ਜਨਤਾ ਨੂੰ ਜਾਗ੍ਰਿਤ ਕਰਨ ਦੀ ਮੁਹਿੰਮ 'ਤੇ ਚੜ੍ਹਿਆ ਕਿਉਂ ਜੋ ਹਰੇਕ ਦਿਸ਼ਾ ਵਿਚ ਕੂੜ ਪਸਰਿਆ ਹੋਇਆ ਸੀ। ਭਾਈ ਗੁਰਦਾਸ ਦੇ ਇਸ ਵਰਨਣ ਤੋਂ ਭੁਲੇਖਾ ਨਹੀਂ ਪੈਣਾ ਚਾਹੀਦਾ ਕਿ ਜਾਗ੍ਰਿਤੀ ਦਾ ਪਾਸਾਰ ਕਰਨ ਲਈ ਹੀ ਗੁਰੂ ਨਾਨਕ ਨੇ ਸਾਖੀਆਂ ਵਿਚ ਉਦਾਸੀ ਦਾ ਰਾਹ ਚੁਣਿਆ। ਇਸ ਤੋਂ ਪ੍ਰਭਾਵ ਜਾ ਸਕਦਾ ਹੈ ਕਿ ਉਚਾਰ ਹੀ ਇਕੋ ਇਕ ਮਾਧਿਅਮ ਸੀ ਜਿਸ ਰਾਹੀਂ ਗੁਰੂ ਨਾਨਕ ਨੇ ਜਨਤਾ ਨਾਲ ਰਾਬਤਾ ਬਣਾਇਆ। ਭਾਈ ਗੁਰਦਾਸ ਦੀ ਇਕ ਹੋਰ ਵਾਰ ਵਿਚ ਇਸ ਬਾਰੇ ਸੰਕੇਤ ਇਸ ਪ੍ਰਕਾਰ ਹੈ:

ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ।
ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜ੍ਹਿਆ ਸੰਸਾਰਾ।

ਗੁਰੂ ਨਾਨਕ ਦੇ ਆਪਣੇ ਕਥਨ ਵਿਚ ਇਸ ਦਾ ਸਾਰ ਵਧੇਰੇ ਤੀਬਰਤਾ ਅਤੇ ਪ੍ਰਬਲਤਾ ਨਾਲ ਲਬਰੇਜ਼ ਹੈ ਜੋ ਇਉਂ ਹੈ:

ਅਖੀਂ ਪਰਣੈਂ ਜੇ ਫਿਰਾਂ ਦੇਖਾਂ ਸਭ ਆਕਾਰ॥

ਜਦੋਂ ਕਿਸੇ ਪ੍ਰਯੋਜਨ ਵਿਚ ਇਸ ਤਰ੍ਹਾਂ ਗਤੀਮਾਨ ਬਣੇ ਰਹਿਣ ਦੀ ਸਮਰੱਥਾ ਆ ਸਮਾਏ ਤਾਂ ਉਸ ਨੂੰ ਪੂਰਵ-ਨਿਸ਼ਚਿਤ ਵਿਧੀ ਅਨੁਸਾਰ ਨੇਪਰੇ ਚਾੜ੍ਹਨਾ ਦੁਰਗਮ ਹੋ ਜਾਂਦਾ ਹੈ। ਕਈ ਵਾਰੀ ਨੌਬਤ ਇਹ ਆ ਬਣਦੀ ਹੈ ਕਿ ਵਿਧੀ ਦਾ ਅਨੋਖਾ ਹੋਣਾ ਪ੍ਰਥਮ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਦਾ ਇਹ ਕਮਾਲ ਹੀ ਸਮਝੋ ਕਿ ਉਨ੍ਹਾਂ ਨੂੰ ਆਪਣੀ ਦ੍ਰਿਸ਼ਟੀ ਅਤੇ ਉਸ ਨੂੰ ਸਾਕਾਰ ਕਰਨ ਲਈ ਲੋੜੀਂਦੀ ਵਿਧੀ ਵਿਚਕਾਰ ਕਿਸੇ ਘਾਟ ਨੂੰ ਪੂਰਨ ਦੀ ਨੌਬਤ ਕਦੇ ਨਾ ਬਣੀ। ਵਾਰਾਨਸੀ ਨਜ਼ਦੀਕ ਗੰਗਾ ਕੰਢੇ ਅਨੇਕ ਸ਼ਰਧਾਲੂਆਂ ਦੀ ਹਾਜ਼ਰੀ ਵਿਚ ਕੁਝ ਰੂੜ੍ਹੀਵਾਦੀ ਧਾਰਮਿਕ ਵਿਸ਼ਵਾਸਾਂ ਦੇ ਉਲਟ ਸੂਰਜ ਦੀ ਥਾਂ ਪੰਜਾਬ ਵੱਲ ਜਲ ਸੁੱਟਣਾ ਇਸ ਦਾ ਪ੍ਰਮਾਣ ਸੀ ਜਿਸ ਨੇ ਸੈਂਕੜੇ ਸਾਲਾਂ ਤੋਂ ਪ੍ਰਚਲੱਤ ਪਰਪੰਚ ਨੂੰ ਖੋਖਲਾ ਸਿੱਧ ਕੀਤਾ। ਗੁਰੂ ਸਾਹਿਬ ਦੀ ਨਾਟਕੀ ਅਤੇ ਕਾਵਿ ਨੂੰ ਪ੍ਰਣਾਈ ਵਿਧੀ ਨੇ ਸਭ ਨੂੰ ਨਿਰ-ਉੱਤਰ ਕਰ ਦਿੱਤਾ। ਇਹ ਵੱਖਰੀ ਗੱਲ ਹੈ ਕਿ ਗੁਰੂ ਸਾਹਿਬ ਵੱਲੋਂ ਪੇਸ਼ ਕੀਤੀ ਦ੍ਰਿਸ਼ਟੀ ਪੂਰੀ ਤਰ੍ਹਾਂ ਪੂਰਬਲੀ ਵਹਿਮਪ੍ਰਸਤੀ ਨੂੰ ਉਖਾੜਦੀ ਨਹੀਂ ਸੀ। ਸਮਾਂ ਬੀਤਣ ਨਾਲ ਇਸ ਵਿਚ ਬਾਹਰੀ ਤਬਦੀਲੀ ਤਾਂ ਆਈ ਹੈ, ਪਰ ਇਸ ਦਾ ਅੰਧ-ਵਿਸ਼ਵਾਸ ਕਾਇਮ ਹੈ। ਸੰਤੋਖ ਵਾਲੀ ਗੱਲ ਇਹ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਲੋਪ ਕਰ ਦੇਣ ਦੇ ਜਿਸ ਸਾਹਸ ਦੀ ਹੁਣ ਵੀ, ਸ਼ਾਇਦ ਪਹਿਲਾਂ ਨਾਲੋਂ ਵਧੇਰੇ ਲੋੜ ਹੈ, ਉਸ ਦਾ ਸ੍ਰੋਤ ਗੁਰੂ ਸਾਹਿਬ ਵੱਲੋਂ ਦਿਖਾਈ ਵਿਧੀ ਵਿਚ ਸੁਰੱਖਿਅਤ ਹੈ।

ਦੂਜੀ ਉਦਾਹਰਣ ਗੁਰੂ ਸਾਹਿਬ ਦੀ ਮੱਕੇ ਦੀ ਯਾਤਰਾ ਨਾਲ ਸੰਬੰਧਤ ਹੈ। ਮੰਨਿਆ ਜਾਂਦਾ ਹੈ ਕਿ ਦਿਨ ਭਰ ਰੱਬ ਦੇ ਘਰ ਵਿਚ ਹਾਜ਼ਰੀ ਭਰ ਕੇ ਰਾਤ ਪੈਣ 'ਤੇ ਉਹ ਕਾਬ੍ਹੇ ਵੱਲ ਪੈਰ ਕਰਕੇ ਲੇਟ ਗਏ। ਪ੍ਰਬੰਧਕਾਂ ਦੀ ਨਜ਼ਰ ਵਿਚ ਇਹ ਘੋਰ ਅਵੱਗਿਆ ਸੀ। ਉਨ੍ਹਾਂ ਦੇ ਮੁਖੀ ਨੇ ਗੁਰੂ ਸਾਹਿਬ ਨੂੰ ਬੁਰਾ ਭਲਾ ਕਿਹਾ ਅਤੇ ਅਵੱਗਿਆ ਲਈ ਕਸੂਰਵਾਰ ਠਹਿਰਾਇਆ। ਮੁਖੀ ਨੇ ਗੁਰੂ ਸਾਹਿਬ ਦੇ ਪੈਰਾਂ ਨੂੰ ਕਾਬ੍ਹੇ ਤੋਂ ਉਲਟ ਦਿਸ਼ਾ ਵੱਲ ਘੁਮਾ ਦਿੱਤਾ। ਇਸ ਤਰ੍ਹਾਂ ਕਰਨ ਦੀ ਦੇਰ ਸੀ ਕਿ ਕਾਬ੍ਹਾ ਉਸੇ ਪਾਸੇ ਘੁੰਮ ਗਿਆ। ਉਸ ਨੇ ਆਪਣੀ ਹਰਕਤ ਜਾਰੀ ਰੱਖੀ, ਪਰ ਕਾਬ੍ਹਾ ਉਸੇ ਪਾਸੇ ਘੁੰਮ ਜਾਂਦਾ ਜਿਸ ਪਾਸੇ ਵੱਲ ਗੁਰੂ ਸਾਹਿਬ ਦੇ ਪੈਰ ਹੁੰਦੇ। ਉਸ ਦੇ ਸਮੇਤ ਸਭ ਯਾਤਰੀ ਇਸ ਗੱਲ ਤੋਂ ਕਾਇਲ ਹੋ ਗਏ ਕਿ ਕਾਇਨਾਤ ਦੀ ਹਰੇਕ ਦਿਸ਼ਾ ਵਿਚ ਰੱਬ ਦਾ ਵਾਸਾ ਹੈ।

ਤੀਜੀ ਮਿਸਾਲ ਉਸ ਵੇਲ਼ੇ ਦੇ ਪੰਜਾਬ ਦੀ ਲਈ ਜਾ ਸਕਦੀ ਹੈ। ਐਮਨਾਬਾਦ ਨਗਰ ਵਿਚ ਗੁਰੂ ਸਾਹਿਬ ਆਪਣੇ ਅਨਿਨ ਸਿੱਖ ਭਾਈ ਲਾਲੋ ਦੇ ਘਰ ਠਹਿਰੇ ਹੋਏ ਸਨ। ਨਗਰ ਦੇ ਮੁਖੀ ਮਲਿਕ ਭਾਗੋ ਨੇ ਮਹਾਂਭੋਜ ਰੱਖਿਆ ਜਿੱਥੇ ਵੱਡੀ ਗਿਣਤੀ ਵਿਚ ਸੰਤ-ਸਾਧ, ਕੰਨਪਾਟੇ, ਮਲੰਗ ਬੁਲਾਏ ਹੋਏ ਸਨ। ਗੁਰੂ ਸਾਹਿਬ ਨੂੰ ਵੀ ਸੱਦਾ ਗਿਆ, ਪਰ ਉਨ੍ਹਾਂ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਸ਼ਿਵ ਕੁਮਾਰ ਦੀ ਬੜੀ ਹੀ ਸੁੰਦਰ ਕਵਿਤਾ ਦੇ ਅੰਤ 'ਤੇ ਜਿਵੇਂ ਆਉਂਦਾ ਹੈ: ਪਰ ਸੱਚਾ ਸਾਧ ਨਾ ਪਰਤਿਆ, ਉਸ ਕੋਧਰਾ ਖਾਧਾ ਮੰਗ।

ਉਨ੍ਹਾਂ ਜੋ ਕੋਧਰੇ ਦੀ ਰੋਟੀ ਮੰਗੀ, ਉਹ ਭਾਈ ਲਾਲੋ ਦੇ ਘਰੋਂ ਸੀ। ਇਸ ਤੋਂ ਅੱਗੇ ਦੀ ਗੱਲ ਜੋ ਸ਼ਿਵ ਕੁਮਾਰ ਦੀ ਕਵਿਤਾ ਵਿਚ ਨਹੀਂ ਆਉਂਦੀ, ਇਹ ਹੈ ਕਿ ਮਲਿਕ ਭਾਗੋ ਨੇ ਤੈਸ਼ ਵਿਚ ਆ ਕੇ ਹੁਕਮ ਚਾੜ੍ਹ ਦਿੱਤਾ ਕਿ ਗੁਰੂ ਜੀ ਨੂੰ ਜਿਵੇਂ ਵੀ ਹੋ ਸਕੇ, ਉਸ ਦੇ ਹਜ਼ੂਰ ਲਿਆਂਦਾ ਜਾਵੇ। ਗੁਰੂ ਜੀ ਆ ਗਏ ਅਤੇ ਉਨ੍ਹਾਂ ਤੋਂ ਨਾ ਆਉਣ ਦਾ ਕਾਰਨ ਪੁੱਛਿਆ ਗਿਆ ਤਾਂ ਇਕ ਘਟਨਾ ਘਟਾ ਕੇ ਉਨ੍ਹਾਂ ਪ੍ਰਤੱਖ ਨੂੰ ਪ੍ਰਮਾਣ ਕੀ ਵਾਲੀ ਗੱਲ ਸੱਚੀ ਸਿੱਧ ਕਰ ਦਿੱਤੀ। ਉਨ੍ਹਾਂ ਇਕ ਹੱਥ ਵਿਚ ਮਲਿਕ ਭਾਗੋ ਦੇ ਮਹਾਂਭੋਜ ਦਾ ਨਮੂਨਾ ਲਿਆ ਅਤੇ ਦੂਜੇ ਹੱਥ ਵਿਚ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਦਾ। ਦੋਵਾਂ ਨੂੰ ਉਨ੍ਹਾਂ ਘੁੱਟਿਆ ਤਾਂ ਭਾਈ ਲਾਲੋ ਦੇ ਘਰ ਦੀ ਰੋਟੀ ਵਿਚੋਂ ਦੁੱਧ ਅਤੇ ਮਲਿਕ ਭਾਗੋ ਦੇ ਮਹਾਂਭੋਜ ਦੇ ਨਮੂਨੇ ਵਿਚੋਂ ਲਹੂ ਟਪਕ ਪਿਆ। ਗੱਲ ਦੁੱਧ ਵਾਂਗ ਸਪੱਸ਼ਟ ਹੋ ਗਈ। ਭਾਈ ਲਾਲੋ ਦੀ ਕਿਰਤ ਹਲਾਲ ਦੀ ਸੀ ਜਦੋਂਕਿ ਮਲਿਕ ਭਾਗੋ ਦੀ ਕਮਾਈ ਹਰਾਮ ਦੀ ਸੀ। ਪਹਿਲੇ ਦੀ ਕੋਧਰੇ ਦੀ ਰੋਟੀ ਖਾ ਕੇ ਉਸ ਨੇ ਨੇਕ ਕਮਾਈ ਦਾ ਪੱਖ ਪੂਰਿਆ ਅਤੇ ਦੂਜੇ ਦੇ ਮਹਾਂਭੋਜ ਵਿਚ ਹਾਜ਼ਰ ਹੋਣ ਤੋਂ ਨਾਂਹ ਕਰਕੇ ਉਸ ਨੇ ਹਰਾਮ ਦੀ ਲੁੱਟ-ਖਸੁੱਟ ਵਿਰੁੱਧ ਆਵਾਜ਼ ਬੁਲੰਦ ਕੀਤੀ।

ਵਿਅੰਗ ਦੀ ਗੱਲ ਇਹ ਹੈ ਕਿ ਹਰੇਕ ਧਰਮ ਸਥਾਨ 'ਤੇ ਗੁਰੂ ਸਾਹਿਬ ਦੇ ਨਿਰਣੇ ਦੀ ਮਹਿਮਾ ਹੁੰਦੀ ਹੈ, ਪਰ ਧਰਮ ਸਥਾਨਾਂ ਦਾ ਵਿਹਾਰ ਇਸ ਦੇ ਬਿਲਕੁਲ ਉਲਟ ਹੈ। ਸਾਹਿਤ ਵਿਚ ਇਸ ਪ੍ਰਤੱਖਣ ਨੂੰ ਅੱਗੇ ਨਹੀਂ ਤੋਰਿਆ ਗਿਆ। ਕੇਵਲ ਸੰਤ ਸਿੰਘ ਸੇਖੋਂ ਦੇ ਇਕਾਂਗੀ 'ਮਹਾਤਮਾ' ਵਿਚ ਇਹ ਦ੍ਰਿੜ ਕਰਵਾਇਆ ਗਿਆ ਕਿ ਜੇ ਕੋਧਰੇ ਦੀ ਰੋਟੀ ਗੁਰੂ ਸਾਹਿਬ ਨੂੰ, ਭਾਈ ਲਾਲੋ ਦੇ ਬਾਲਕ ਨੂੰ ਭੁੱਖਾ ਰੱਖ ਕੇ ਦਿੱਤੀ ਜਾਂਦੀ ਤਾਂ ਉਹ ਵੀ ਉਨ੍ਹਾਂ ਨੂੰ ਅਨਿਆਂ ਲੱਗਣਾ ਸੀ। ਲਹੂ ਦਾ ਵਗਣਾ ਭਾਵੇਂ ਨਾ ਮਹਿਸੂਸ ਹੁੰਦਾ, ਦੁੱਧ ਦਾ ਟਪਕਣਾ ਅਨੁਭਵ ਨਹੀਂ ਹੋਣਾ ਸੀ। ਚੌਥੀ ਮਿਸਾਲ ਉੜੀਸਾ ਦੇ ਸ਼ਿਵ ਮੰਦਰ ਦੀ ਹੈ। ਆਪਣੀ ਉਦਾਸੀ ਦੌਰਾਨ ਗੁਰੂ ਸਾਹਿਬ ਉੱਥੇ ਪਹੁੰਚੇ ਤਾਂ ਆਰਤੀ ਦੀ ਰਸਮ ਨੇਪਰੇ ਚਾੜ੍ਹੀ ਜਾ ਰਹੀ ਸੀ। ਬਹੁਤ ਹੀ ਅਦਭੁੱਤ ਮਾਹੌਲ ਬਣਿਆ ਹੋਇਆ ਸੀ। ਇਸ ਤੋਂ ਮੰਤਰ-ਮੁਗਧ ਹੋਣ ਦੀ ਥਾਂ ਗੁਰੂ ਸਾਹਿਬ ਨੇ ਆਪਣੀ ਅਦੁੱਤੀ ਰਚਨਾ 'ਆਰਤੀ' ਦਾ ਗਾਇਣ ਆਰੰਭ ਕਰ ਦਿੱਤਾ। ਬਾਰਾਂ ਸਤਰਾਂ ਵਿਚ ਸੰਪੰਨ ਹੋਈ ਇਸ ਰਚਨਾ ਵਿਚ ਕੁੱਲ ਕਾਇਨਾਤ ਦਾ ਚਿੱਤਰ ਹੈ। ਕੁਦਰਤ ਦੇ ਰੰਗਾਂ ਅਤੇ ਪੱਤਿਆਂ ਤੋਂ ਚੱਲ ਕੇ ਬਿਰਖਾਂ, ਹਵਾਵਾਂ ਤੇ ਨਜ਼ਾਰਿਆਂ ਦਾ ਜੋ ਪਾਰਾਵਾਰ ਸਿਰਜ ਹੋ ਜਾਂਦਾ ਹੈ ਉਹ ਪੜ੍ਹਨ-ਸੁਣਨ ਵਾਲੇ ਦੇ ਤਸੱਵੁਰ, ਤਰਕ, ਗਿਆਨ, ਸੁਹਜ ਆਦਿ ਨਾਲ ਨਾਤਾ ਜੋੜ ਲੈਂਦਾ ਹੈ।

ਸ੍ਰੀ ਗੁਰੂ ਨਾਨਕ ਚਮਤਕਾਰ (ਜਿਲਦ-2) ਦੇ ਅੰਤਲੇ ਪੰਨਿਆਂ ਵਿਚ ਭਾਈ ਵੀਰ ਸਿੰਘ ਨੇ 'ਆਰਤੀ' ਦੀ ਤੁਲਨਾ ਹੈਨਰੀ ਬਰਗਸਾਂ ਦੇ ਕਾਲ-ਸਿਧਾਂਤ ਕੀਤੀ ਹੈ। ਬੁੱਧੀ ਦੀ ਖੋਜ ਦਾ ਨਤੀਜਾ ਹੋਣ ਕਾਰਨ ਸਾਇੰਸ ਦੇ ਸਾਰੇ ਸਿਧਾਂਤ ਭਾਈ ਸਾਹਿਬ ਅਨੁਸਾਰ ਨਿਰੋਲ ਪਦਾਰਥਵਾਦੀ ਹਨ। ਭਾਈ ਸਾਹਿਬ ਦੇ ਵਿਚਾਰ ਵਿਚ ਬਰਗਸਾਂ ਦੀ ਇਹ ਖੂਬੀ ਹੈ ਕਿ ਉਸ ਨੇ ਤਰਕ ਦੀ ਥਾਂ ਸੁਧਿ () ਨੂੰ ਕਾਲ ਬਾਰੇ ਖੋਜ ਦਾ ਆਧਾਰ ਮਿਥਿਆ। ਮੁਸ਼ਕਿਲ ਇਹ ਆ ਬਣਦੀ ਹੈ ਕਿ ਉਹ ਸੁਧਿ ਨੂੰ ਹੋਸ਼ ਤਕ ਘਟਾ ਲੈਂਦਾ ਹੈ ਜੋ ਚੇਤਨਾ ਦਾ ਦੂਜਾ ਨਾਂ ਹੈ। ਬਿਨਾਂ ਕਿਸੇ ਸੰਕੋਚ ਤੋਂ ਉਹ ਇਹ ਮੰਨਣ ਲਈ ਤਿਆਰ ਹੈ ਕਿ ਕਮਾਲ ਗੁਰੂ ਸਾਹਿਬ ਦੇ ਹਿੱਸੇ ਆਇਆ। ਉਨ੍ਹਾਂ ਸੁਧਿ ਨੂੰ ਆਧਾਰ ਮਿਥਿਆ ਤੇ ਸਿਦਕ ਰਾਹੀਂ ਇਸ ਨਿਚੋੜ 'ਤੇ ਪਹੁੰਚ ਗਏ ਕਿ ਸੁਧਿ ਜੇ ਸਿਮਰਨ ਦਾ ਰਾਹ ਅਪਣਾ ਲਵੇ ਤਾਂ ਨਾਮ ਤੇ ਨਾਮੀਂ ਮਿਲ ਜਾਂਦੇ ਹਨ ਅਤੇ ਅੰਤਿਮ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। ਦੋਵਾਂ ਪ੍ਰਬੰਧਾਂ ਵਿਚ ਕਾਲ ਦਾ ਅਭਾਵ ਹੈ। ਅਲੰਕਾਰਕ ਰੂਪ ਵਿਚ ਹੀ ਇਹ ਗੌਣ ਪ੍ਰਤੀਤ ਹੁੰਦਾ ਹੈ। ਬਰਗਸਾਂ ਦੇ ਸਿਧਾਂਤ ਵਿਚ ਕਾਇਨਾਤ ਤੋਂ ਨਿਜਾਤ ਪਾ ਕੇ ਇਹ ਅਨੁਭੂਤੀ ਦਾ ਅੰਗ ਬਣ ਜਾਂਦਾ ਹੈ। ਗੁਰੂ ਨਾਨਕ ਦੇਵ ਦੇ ਪ੍ਰਤੱਖਣ ਵਿਚ ਇਸ ਦੀ ਡੋਰ ਅਕਾਲ ਪੁਰਖ ਕੋਲ਼ ਹੈ ਜਿਸ ਦੇ ਹੁਕਮ ਵਿਚ ਰਹਿ ਕੇ ਉਸੇ ਦੀ ਨਦਰਿ ਅਧੀਨ ਕਾਇਨਾਤ ਵਿਚ ਇਸ ਦੀ ਤਰੰਗ ਚੱਲਦੀ ਹੈ। ਇਕ ਦੀ ਅੰਤਰਗਾਮੀ ਅਤੇ ਦੂਜੇ ਦੀ ਪਾਰਗਾਮੀ ਦ੍ਰਿਸ਼ਟੀ ਵਿਚ ਵਿਰੋਧ ਕੋਈ ਨਹੀਂ, ਅੰਤਰ ਜਰੂਰ ਹੈ।

ਜਗਤ ਜਲੰਦੇ ਨੂੰ ਆਪਣੇ ਚਿੰਤਨ ਅਨੁਸਾਰ ਢਾਲਣ ਦਾ ਗੁਰੂ ਨਾਨਕ ਨੇ ਜੋ ਯਤਨ ਕੀਤਾ, ਉਸ ਦੇ ਮੱਦੇਨਜਰ ਉਨ੍ਹਾਂ ਨੂੰ ਸਿੱਖ ਧਰਮ ਦਾ ਬਾਨੀ ਮੰਨਣਾ ਯੋਗ ਹੀ ਨਹੀਂ, ਜ਼ਰੂਰੀ ਵੀ ਹੈ। ਪਰ ਉਨ੍ਹਾਂ ਦੇ ਪਰਾਕਰਮ ਨੂੰ ਏਥੋਂ ਤਕ ਸੀਮਤ ਕਰ ਦੇਣਾ ਵੀ ਠੀਕ ਨਹੀਂ। ਪੰਜਾਬੀ ਭਾਸ਼ਾ ਅਤੇ ਕਾਵਿ ਨੂੰ ਉਨ੍ਹਾਂ ਦੀ ਦੇਣ ਇਸ ਉਪਾਧੀ ਦੇ ਅੰਤਰਗਤ ਲੋਪ ਹੋ ਕੇ ਰਹਿ ਜਾਂਦੀ ਹੈ। ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿ ਇਸ ਦਿਸ਼ਾ ਵਿਚ ਉਨ੍ਹਾਂ ਦੀ ਅਦਭੁੱਤ ਦੇਣ ਦਾ ਪੂਰੇ ਸਿੱਖਾਂ ਸਮੇਤ ਪੂਰੇ ਪੰਜਾਬ ਵਾਸੀ ਮੁੱਲ ਨਹੀਂ ਪਾ ਸਕੇ।

ਤੇਰ੍ਹਵੀਂ ਸਦੀ ਦੇ ਆਰੰਭ ਵਿਚ ਸ਼ੇਖ ਫਰੀਦ ਦੇ ਸ਼ਲੋਕਾਂ ਨਾਲ ਲਿਖਤੀ ਰੂਪ ਵਿਚ ਪੰਜਾਬੀ ਕਾਵਿ ਦੀ ਨੀਂਹ ਰੱਖੀ ਗਈ। ਲਹਿੰਦੀ ਬੋਲੀ ਵਿਚ ਸ਼ੇਖ ਫਰੀਦ ਦੇ ਸ਼ਲੋਕ ਜਿਨ੍ਹਾਂ ਵਿਚ ਲਫਜ਼ਾਂ ਦੀ ਗਿਣਤੀ ਅੱਠ ਸੌ ਤੋਂ ਵੱਧ ਨਹੀਂ ਸੀ, ਸ਼ੁਭ ਸ਼ਗਨ ਸਨ, ਭਾਵੇਂ ਉਨ੍ਹਾਂ ਦਾ ਪੂਰਾ ਮੁੱਲ ਆਦਿ ਗ੍ਰੰਥ ਵਿਚ ਸ਼ਾਮਲ ਹੋ ਜਾਣ ਨਾਲ ਪਿਆ। ਇਸ ਦਾ ਆਧਾਰ ਗੁਰੂ ਨਾਨਕ ਦੇਵ ਦੀ ਬਾਣੀ ਸੀ ਜਿਸ ਨੇ ਸਰਲ ਜਿਹੇ ਅਨੁਮਾਨ ਅਨੁਸਾਰ ਵੀਹ ਹਜ਼ਾਰ ਲਫ਼ਜ਼ਾਂ ਨੂੰ ਕਲਾਵੇ ਵਿਚ ਲਿਆ ਹੋਇਆ ਸੀ। ਤਤਸਮ ਵਿਧੀ ਅਨੁਸਾਰ ਕਾਫੀ ਲਫ਼ਜ਼

ਬਾਕੀ ਸਫ਼ਾ 28 'ਤੇ

## ਨਨਕਾਣਾ ਸਾਹਿਬ ਤੇ ਕਰਤਾਰਪੁਰ ਸਾਹਿਬ...

ਭਾਈਚਾਰੇ ਦਾ ਅਟੁੱਟ ਅੰਗ ਹੈ, ਉੱਥੇ ਉਨਾਂ ਕਿਹਾ ਕਿ ਇਸ ਰਿਸ਼ਤੇ ਵਿੱਚ ਕਦੇ ਵੀ ਦਰਾੜ ਨਹੀਂ ਪੈ ਸਕਦੀ।

ਇਮਰਾਨ ਖਾਨ ਪ੍ਰਧਾਨ ਮੰਤਰੀ ਪਾਕਿਸਤਾਨ ਨੇ ਸੁਨੇਹਾ ਦਿੱਤਾ ਕਿ ਜੋ ਹਾਲਾਤ ਖਰਾਬ ਕਰ ਰਹੇ ਹਨ। ਉਨਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨਾਂ ਕਿਹਾ ਕਿ ਭਾਵੇਂ ਸਬੰਧਤ ਵਿਅਕਤੀ ਨੇ ਮੁਆਫੀ ਮੰਗ ਲਈ ਹੈ ,ਫਿਰ ਵੀ ਇਸ ਦੀ ਤਹਿ ਤੱਕ ਜਾ ਕੇ ਅਸਲੀਅਤ ਨੂੰ ਸਿੱਖ ਭਾਈਚਾਰੇ ਸਾਹਮਣੇ ਮੈਂ ਲਿਆਵਾਂਗਾ।ਉਨਾਂ ਕਿਹਾ ਕਿ ਕੁਝ ਲੋਕੀਂ ਹਿੰਦੋਸਤਾਨ ਵਿੱਚ ਸਿਆਸੀ ਰੋਟੀਆਂ ਸੇਕ ਰਹੇ ਹਨ ਅਤੇ ਹਾਲਾਤ ਨੂੰ ਖਰਾਬੀ ਵਾਲੇ ਪਾਸੇ ਲਿਜਾ ਰਹੇ ਹਨ। ਉਨਾਂ ਨੂੰ ਚਾਹੀਦਾ ਹੈ ਕਿ ਉਹ ਸ਼ਾਂਤੀ ਦਾ ਸਬੂਤ ਦੇਣ ਅਤੇ ਭਾਈਚਾਰਕ ਸਾਂਝ ਬਣਾ ਕੇ ਰੱਖਣ। ਇਮਰਾਨ ਖਾਨ ਨੇ ਕਿਹਾ ਕਿ ਇਸ ਸਾਲ ਦੇ ਗੁਰਪੁਰਬ ਦਾ ਇਕੱਠ ਕਰਤਾਰਪੁਰ ਸਾਹਿਬ ਤੇ ਨਨਕਾਣਾ ਸਾਹਿਬ ਸ਼ਾਂਤੀ ਤੇ ਭਾਈਚਾਰਕ ਸਾਂਝ ਦਾ ਸਬੂਤ ਰਿਹਾ ਹੈ।

ਇਮਰਾਨ ਗੁੰਦਲ ਸੈਕਟਰੀ ਧਾਰਮਿਕ ਥਾਂਵਾਂ ਪਾਕਿਸਤਾਨ ਨੇ ਦੱਸਿਆ ਕਿ ਗੁਰੂਆਂ-ਪੀਰਾਂ ਦੇ ਸੁਨੇਹੇ ਅਤੇ ਸਿੱਖਿਆਵਾਂ ਸਾਨੂੰ ਜੋੜਨ ਅਤੇ ਮਜ਼ਬੂਤੀ ਨਾਲ ਵਿਚਰਨ ਲਈ ਭਾਈਚਾਰਕ ਵੱਲ ਤੋਰਦੀਆਂ ਹਨ। ਸਾਨੂੰ ਇਸ ਤੇ ਪਹਿਰਾ ਦੇਣਾ ਚਾਹੀਦਾ ਹੈ। ਉਨਾਂ ਕਿਹਾ ਕਿ ਹਿਸਟਰੀ ਵਿੱਚ ਪਹਿਲੀ ਵਾਰ ਦੋਹਾਂ ਥਾਂਵਾਂ ਤੇ ਇੱਕ ਸਮੇਂ ਦਸਮੇਸ਼ ਪਿਤਾ ਸਾਹਿਬ-ਏ-ਕਮਾਲ ਦੇ ਗੁਰਪੁਰਬ ਮਨਾਏ ਗਏ ਜੋ ਕਿ ਸੰਗਤਾਂ ਦੀ ਅਦੁੱਤੀ ਸ਼ਾਨ, ਜਾਹੋ ਜਲਾਲ ਅਤੇ ਭਾਈਚਾਰਕ ਸਾਂਝ ਦਾ ਸਬੂਤ ਦੇ ਗਏ। ਇਸ ਵਿੱਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਸੇਵਾ ਭਾਵਨਾ ਸਲਾਹੁਣਯੋਗ ਸੀ।ਸਮੁੱਚਾ ਭਾਈਚਾਰਾ ਖੁਸ਼ੀ ਅਤੇ ਪਿਆਰ ਵੰਡਦਾ ਆਮ ਨਜ਼ਰ ਆਇਆ ਤੇ ਇੱਕ ਦੂਜੇ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੰਦਾ ਫੂਲੇ ਨਹੀਂ ਸਮਾ ਰਿਹਾ ਸੀ। ਜੋ ਕਿ ਸਮੁੱਚੀ ਕੌਮ ਲਈ ਬੜੀ ਫਖਰ ਵਾਲੀ ਗੁੱਲ ਹੈ।

## ਭਾਰਤ ਵਿੱਚ ਪੋਪੂਲਰ ਫਰੰਟ ਆਫ

ਕਰਦੀ ਹੈ। ਮੂਲ ਰੂਪ ਵਿੱਚ ਇਹ ਜਥੇਬੰਦੀ ਇੱਕ ਸਮਾਜਿਕ-ਰਾਜਨੀਤਕ ਸੰਸਥਾ ਹੋਣ ਦਾ ਦਾਅਵਾ ਕਰਦੀ ਹੈ ਜੋ ਮੁਸਲਮਾਨਾਂ ਅਤੇ ਸਮਾਜ ਦੇ ਹੋਰ ਦੱਬੇ-ਕੁਚਲੇ ਲੋਕਾਂ ਦੀ ਬਿਹਤਰੀ ਲਈ ਕਾਰਜਸ਼ੀਲ ਹੈ।

ਸੋਸ਼ਲ ਡੈਮੋਕਰੇਟਿਕ ਪਾਰਟੀ ਆਫ ਇੰਡੀਆ (ਐਸਡੀਪੀਆਈ) ਕੀ ਹੈ ?

ਸੋਸ਼ਲ ਡੈਮੋਕਰੈਟਿਕ ਪਾਰਟੀ ਆਫ ਇੰਡੀਆ (ਐਸਪੀਡੀਆਈ) ਪੀਐਫਆਈ ਦੀ ਰਾਜਨੀਤਕ ਇਕਾਈ ਹੈ। ਇਸ ਨੂੰ ਭਾਰਤੀ ਚੋਣ ਕਮਿਸ਼ਨ ਕੋਲ 2010 'ਚ ਰਜਿਸਟਰ ਕਰਾਇਆ ਗਿਆ ਸੀ। ਇਸ ਦਾ ਨਿਸ਼ਾਨਾ ਮੁਸਲਿਮ, ਦਲਿਤ, ਪਿਛੜੀਆਂ ਜਾਤਾਂ ਅਤੇ ਆਦੀਵਾਸੀਆਂ ਦਾ ਵਿਕਾਸ ਕਰਨਾ ਦੱਸਿਆ ਜਾਂਦਾ ਹੈ।

ਐਸਡੀਪੀਆਈ ਦੀ ਵੈੱਬਸਾਈਟ ਤੋਂ ਹਾਸਲ ਹੋਈ ਜਾਣਕਾਰੀ ਮੁਤਾਬਿਕ ਇਸ ਦੀ ਸਥਾਪਨਾ 21 ਜੂਨ, 2009 ਨੂੰ ਕੀਤੀ ਗਈ ਸੀ। ਐਸਡੀਪੀਆਈ ਦਾ ਦਾਅਵਾ ਹੈ ਕਿ ਉਹ ਭਾਰਤ ਵਿੱਚ ਚੱਲ ਰਹੇ ਮੌਜੂਦਾ ਨਿਜ਼ਾਮ ਨੂੰ ਪੂਰੀ ਤਰਾਂ ਬਦਲਣਾ ਚਾਹੁੰਦੇ ਹਨ, ਜਿਸ ਵਿੱਚ ਜ਼ਮੀਨੀ ਪੱਧਰ ਤੱਕ ਲੋਕਤੰਤਰ ਅਤੇ ਲੋਕ ਹੱਥ ਤਾਕਤ ਨੂੰ ਯਕੀਨੀ ਬਣਾਇਆ ਜਾਵੇਗਾ।

ਐਸਡੀਪੀਆਈ ਰਾਸ਼ਟਰੀ ਏਕਤਾ, ਫਿਰਕੂ ਸਦਭਾਵਨਾ ਅਤੇ ਸਮਾਜਿਕ ਸਦਭਾਵਨਾ.ਵਰਗੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਦਾ ਦਾਅਵਾ ਕਰਦੀ ਹੈ।

## ਸਿੱਮੀ ਨਾਲ ਸਬੰਧਾਂ ਦਾ ਦੋਸ਼

ਪੀਐਫਆਈ 'ਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਇਹ ਜਥੇਬੰਦੀ ਪਬੰਧੀ ਅਧੀਨ ਵਿਦਿਆਰਥੀ ਜਥੇਬੰਦੀ ਸਟੂਡੈਂਟ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿੱਮੀ) ਦਾ ਹੀ ਨਵਾਂ ਰੂਪ ਹੈ। ਜਦਕਿ ਪੀਐਫਆਈ ਇਹਨਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦੀ ਹੈ।

31 ਦਸੰਬਰ ਨੂੰ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਕਿਹਾ ਕਿ ਪੀਐਫਆਈ ਸਿੱਮੀ ਦਾ ਹੀ ਨਵਾਂ ਅਵਤਾਰ ਹੈ। ਮੌਰਿਆ ਨੇ ਕਿਹਾ, "ਸੂਬੇ ਅੰਦਰ ਹੋਈ ਭੰਨ-ਤੋੜ ਵਿੱਚ ਪੀਐਫਆਈ ਦਾ ਹੱਥ ਹੋਣ ਦੇ ਸਬੂਤ ਮਿਲੇ ਹਨ...ਜਾਂਚ ਚੱਲ ਰਹੀ ਹੈ ਤੇ ਸਾਰਾ ਕੁੱਝ ਸਾਹਮਣੇ ਆ ਜਾਵੇਗਾ। ਜੇ ਸਿੱਮੀ ਕਿਸੇ ਵੀ ਰੂਪ 'ਚ ਮੁੜ ਪ੍ਰਗਟ ਹੁੰਦੀ ਹੈ ਤਾਂ ਉਸ ਨੂੰ ਕੁਚਲ ਦਿੱਤਾ ਜਾਵੇਗਾ।"

ਦੱਸ ਦਈਏ ਕਿ ਸਿੱਮੀ ਮੁਸਲਿਮ ਵਿਦਿਆਰਥੀਆਂ ਦੀ ਜਥੇਬੰਦੀ ਸੀ ਜਿਸ ਦੀ ਸਥਾਪਨਾ 1977 ਵਿੱਚ ਕੀਤੀ ਗਈ ਸੀ। ਪਰ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਅਧੀਨ 2001 'ਚ ਇਸ ਵਿਦਿਆਰਥੀ ਜਥੇਬੰਦੀ 'ਤੇ ਭਾਰਤ ਸਰਕਾਰ ਨੇ ਪਾਬੰਦੀ ਲਾ ਦਿੱਤੀ ਸੀ। ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਕੀਤੀ ਗਈ ਪਾਬੰਦੀ ਦੀ ਮੰਗ 'ਤੇ ਪ੍ਰਤੀਕਰਮ ਦਿੰਦਿਆਂ ਪੀਐਫਆਈ ਨੇ ਸਰਕਾਰ ਦੇ ਦੋਸ਼ਾਂ ਨੂੰ ਬੇਬੁਨਿਆਦ 'ਤੇ ਆਪਣਾ ਜ਼ੁਰਮ ਲੁਕਾਉਣ ਦੀ ਕਾਰਵਾਈ ਦੱਸਿਆ ਹੈ। ਜਥੇਬੰਦੀ ਨੇ ਕਿਹਾ ਕਿ ਜਦੋਂ ਬਾਕੀ ਸੂਬਿਆਂ 'ਚ ਹੋਏ ਪ੍ਰਦਰਸ਼ਨ ਸ਼ਾਂਤਮਈ ਰਹੇ ਤਾਂ ਸਿਰਫ ਯੋਗੀ ਅਦਿੱਤਿਆਨਾਥ ਦੀ ਅਗਵਾਈ ਵਾਲੀ ਸਰਕਾਰ ਦੇ ਸੂਬੇ ਵਿੱਚ ਹੀ ਹਿੰਸਾ ਕਿਉਂ ਹੋਈ। ਉਹਨਾਂ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਪੁਲਿਸ ਨੇ ਪ੍ਰਦਰਸ਼ਨਾਂ ਨੂੰ ਹਿੰਸਕ ਬਣਾਇਆ।

## ਐੱਨਆਰਸੀ ਨੂੰ ਲੈ ਕੇ ਭਾਰਤੀ

ਰਹਿੰਦੀਆਂ ਹਨ।ਅਜਿਹੇ ਕੁਝ ਮਾਮਲਿਆਂ ਵਿਚ ਹੁਕਮਰਾਨਾਂ ਦੀ ਚੁੱਪ ਜ਼ਖ਼ਮਾਂ 'ਤੇ ਲੂਣ ਛਿੜਕਦੀ ਹੈ। ਇਨਾਂ ਸਭ ਤੋਂ ਇਲਾਵਾ ਇਕ ਹਾਲੀਆ ਮੁੱਦੇ ਦੀ ਪੜਤਾਲ ਬਹੁਤ ਜ਼ਰੂਰੀ ਹੋਵੇਗੀ ਅਤੇ ਉਹ ਮੁੱਦਾ ਹੈ ਐੱਨਆਰਸੀ, ਸੀਏਏ ਅਤੇ ਉਸ ਦੇ ਨਤੀਜਿਆਂ ਦਾ। ਇਸ ਵਿਚ ਸਭ ਤੋਂ ਪਹਿਲਾਂ ਤਾਂ ਇਹੀ ਦੇਖਣਾ ਹੋਵੇਗਾ ਕਿ ਜੇ ਸੀਏਏ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ ਅਰਥਾਤ ਐੱਨਆਰਸੀ ਨਾਲ ਲਾਗੂ ਕੀਤਾ ਉਦੋਂ ਕੀ ਹੋਵੇਗਾ ? ਸੀਏਏ ਵਿਚ 31 ਦਸੰਬਰ 2014 ਦੀ ਮਿਆਦ ਤੈਅ ਕੀਤੀ ਗਈ ਹੈ। ਇਸ ਵਿਚ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਬੰਗਲਾਦੇਸ਼ ਦੇ 6 ਧਾਰਮਿਕ ਸਮੂਹ ਹਿੰਦੂ, ਸਿੱਖ, ਜੈਨ, ਬੋਧੀ, ਈਸਾਈ ਅਤੇ ਪਾਰਸੀ ਸ਼ਾਮਲ ਕੀਤੇ ਗਏ ਹਨ। ਅਸਲ ਵਿਚ ਇਹ ਕਦਮ ਪੱਖਪਾਤੀ ਅਤੇ ਗ਼ੈਰ-ਸੰਵਿਧਾਨਕ ਹੈ। ਆਖ਼ਰ ਇਸ ਵਿਚ ਇਨਾਂ ਤਿੰਨ ਦੇਸ਼ਾਂ ਨੂੰ ਹੀ ਕਿਉਂ ਸ਼ਾਮਲ ਕੀਤਾ ਗਿਆ ਅਤੇ ਸ੍ਰੀਲੰਕਾ, ਮਿਆਂਮਾਰ ਅਤੇ ਭੂਟਾਨ ਨੂੰ ਇਸ ਵਿਚ ਕਿਉਂ ਛੱਡਿਆ ਗਿਆ ? ਫਿਰ ਤਿੰਨ ਦੇਸ਼ਾਂ ਦੇ ਮੁਸਲਿਮ ਨਾਗਰਿਕਾਂ ਨੂੰ ਬਾਹਰ ਕਿਉਂ ਰੱਖਿਆ ਗਿਆ ? ਦੱਖਣੀ ਏਸ਼ੀਆ ਦੇ ਸਭ ਤੋਂ ਵੱਧ ਤੰਗ-ਪਰੇਸ਼ਾਨ ਕੀਤੇ ਜਾਂਦੇ ਘੱਟ-ਗਿਣਤੀਆਂ ਵਿਚ ਸ੍ਰੀਲੰਕਾ ਦੇ ਤਾਮਿਲ ਸਭ ਤੋਂ 'ਤੇ ਆਉਣਗੇ ਜਿਨਾਂ ਵਿਚ ਹਿੰਦੂ ਅਤੇ ਮੁਸਲਿਮ ਦੋਵੇਂ ਸ਼ਾਮਲ ਹਨ। ਮਿਆਂਮਾਰ ਦੇ ਰੋਹੰਗਿਆ, ਪਾਕਿਸਤਾਨ ਦੇ ਅਹਿਮਦੀਆ, ਸ਼ੀਆ, ਬਲੂਚੀ ਅਤੇ ਸਿੰਧੀ ਦੇ ਇਲਾਵਾ ਭਟਾਨ ਦੇ ਈਸਾਈਆਂ ਦੀ ਹਾਲਤ ਵੀ ਅਜਿਹੀ ਹੀ ਹੈ। ਸੀਏਏ ਵਿਚ ਉਨਾਂ ਨੂੰ ਕਿਉਂ ਛੱਡਿਆ ਗਿਆ ?

ਨਾਗਰਿਕਤਾ ਕਾਨੂੰਨ ਦੀ ਪੱਖਪਾਤੀ ਵਿਵਸਥਾ ਨੂੰ ਇਕ ਮਿਸਾਲ ਸਦਕਾ ਸਮਝ ਸਕਦੇ ਹੋ ਜਿਸ ਵਿਚ ਤਿੰਨਾਂ ਦੇਸ਼ਾਂ ਦੇ ਹਿੰਦੂਆਂ ਨੂੰ ਤਾਂ ਭਾਰਤ ਵਿਚ ਦਾਖ਼ਲਾ ਮਿਲ ਜਾਵੇਗਾ ਪਰ ਸ੍ਰੀਲੰਕਾ ਦੇ ਤਾਮਿਲ ਹਿੰਦੂਆਂ ਨੂੰ ਨਹੀਂ। ਇਸੇ ਤਰਾਂ ਭੂਟਾਨ ਦੇ ਈਸਾਈ ਵੀ ਇਸ ਦਾ ਲਾਭ ਨਹੀਂ ਲੈ ਸਕਣਗੇ। ਅਜਿਹਾ ਕਿਉਂ ? ਚੋਣ ਦਾ ਅਜਿਹਾ ਪੈਮਾਨਾ ਸਮਝ ਤੋਂ ਦੂਰ ਹੈ। ਸੀਏਏ ਵਿਚ ਇਹ ਵੀ ਸਪਸ਼ਟ ਨਹੀਂ ਕਿ ਗ਼ੈਰ-ਕਾਨੂੰਨੀ ਨਾਗਰਿਕ ਮੰਨੇ ਜਾਣ ਵਾਲਿਆਂ ਦਾ ਕੀ ਹੋਵੇਗਾ ? ਉਨਾਂ ਨੂੰ ਕੈਂਪਾਂ ਵਿਚ ਭੇਜੇ ਜਾਣ ਦੀ ਚਰਚਾ ਹੈ। ਅਸਾਮ ਦੇ ਗਵਾਲਪਾੜਾ ਜ਼ਿਲੇ ਵਿਚ 46 ਕਰੋੜ ਰੁਪਏ ਦੀ ਲਾਗਤ ਨਾਲ ਇਕ ਅਜਿਹੇ ਕੈਂਪ ਦਾ ਨਿਰਮਾਣ ਹੋ ਰਿਹਾ ਹੈ ਜਿਸ ਵਿਚ 3000 ਲੋਕ ਰੱਖੇ ਜਾ ਸਕਦੇ ਹਨ। ਅਜਿਹੇ ਵਿਚ ਤਮਾਮ ਸਵਾਲ ਉੱਠ ਰਹੇ ਹਨ। ਜਿਵੇਂ ਇਸ ਵਿਚ ਜੇ ਲੱਖਾਂ ਲੋਕਾਂ ਦੀ ਪਛਾਣ ਹੋਈ ਤਦ ਅਜਿਹੇ ਕਿੰਨੇ ਕੈਂਪ ਬਣਾਏ ਜਾਣਗੇ ? ਸਰਕਾਰ ਉਨਾਂ ਦੇ ਨਿਰਮਾਣ ਲਈ ਸੋਮੇ ਕਿੱਥੋਂ ਲਿਆਵੇਗੀ ? ਕੀ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਤਾਉਮਰ ਇਨਾਂ ਕੈਂਪਾਂ ਵਿਚ ਰਹਿਣਾ ਪਵੇਗਾ ? ਭਾਰਤ ਵਿਚ ਜਨਮੇ ਉਨਾਂ ਦੇ ਬੱਚਿਆਂ ਦਾ ਭਵਿੱਖ ਕੀ ਹੋਵੇਗਾ ? ਕੀ ਉਨਾਂ ਬੱਚਿਆਂ ਨੂੰ ਵੀ ਕੈਂਪਾਂ ਵਿਚ ਰੱਖਿਆ ਜਾਵੇਗਾ ? ਕੀ ਉਨਾਂ ਨੂੰ ਸਿਹਤ ਅਤੇ ਸਿੱਖਿਆ ਸਹੂਲਤ ਮਿਲੇਗੀ ? ਇਨਾਂ 'ਚੋਂ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਮਿਲਿਆ। ਐੱਨਆਰਸੀ ਭਾਰਤ ਨੂੰ ਵੰਡਣ ਵਾਲੀ ਭਿਆਨਕ ਅਤੇ ਸ਼ਾਤਿਰ ਯੋਜਨਾ ਹੈ। ਇਸ ਵਿਚ ਹਰੇਕ ਵਿਅਕਤੀ ਨੂੰ ਭਾਰਤ ਦਾ ਨਾਗਰਿਕ ਹੋਣ ਦੇ ਸਬੂਤ ਦੇਣੇ ਹੋਣਗੇ।

ਉਦਾਰ ਜਮਹੂਰੀਅਤਾਂ ਵਿਚ ਇਹੀ ਵਿਵਸਥਾ ਹੈ ਕਿ ਨਾਗਰਿਕਤਾ 'ਤੇ ਸ਼ੱਕ ਦੀ ਹਾਲਤ ਵਿਚ ਉਸ ਦੀ ਜਾਂਚ ਰਾਜ ਦੀ ਜ਼ਿੰਮੇਵਾਰੀ ਹੈ। ਇਸ ਦੇ ਉਲਟ ਐੱਨਆਰਸੀ ਵਿਚ ਇਹ ਸਬੰਧਤ ਵਿਅਕਤੀ ਦੀ ਜ਼ਿੰਮੇਵਾਰੀ ਹੋਵੇਗੀ। ਜੇ ਇਹ ਬਦਨੀਅਤੀ ਵਾਲਾ ਪੈਮਾਨਾ ਅਸਾਮ ਵਿਚ ਲਾਗੂ ਹੋ ਗਿਆ ਤਾਂ ਉੱਥੇ 19,06,657 ਲੋਕ ਗ਼ੈਰ-ਕਾਨੂੰਨੀ ਪਰਵਾਸੀ ਮੰਨੇ ਗਏ ਹਨ। ਉਨਾਂ ਵਿਚੋਂ ਜ਼ਿਆਦਾਤਰ ਬੇਹੱਦ ਗ਼ਰੀਬ ਅਤੇ ਕਮਜ਼ੋਰ ਤਬਕੇ ਦੇ ਲੋਕ ਹਨ। ਕੋਈ ਨਹੀਂ ਜਾਣਦਾ ਕਿ ਉਨਾਂ ਦਾ ਕੀ ਭਵਿੱਖ ਹੋਵੇਗਾ। ਖ਼ੈਰ ! ਐੱਨਆਰਸੀ ਅਤੇ ਸੀਏਏ ਦੀ ਜੁਗਲਬੰਦੀ ਕਾਰਨ ਸਭ ਤੋਂ ਜ਼ਿਆਦਾ ਭਾਰਤੀ ਮੁਸਲਮਾਨ ਪ੍ਰਭਾਵਿਤ ਹੋਣਗੇ। ਬਾਕੀ ਧਾਰਮਿਕ ਸਮੂਹ ਜੇ ਐੱਨਆਰਸੀ ਤਹਿਤ ਬਾਹਰ ਹੋ ਜਾਣਗੇ ਤਾਂ ਉਨਾਂ ਨੂੰ ਸੀਏਏ ਜ਼ਰੀਏ ਜੋੜ ਲਿਆ ਜਾਵੇਗਾ। ਇਸ ਦੀ ਗਾਜ ਸਿਰਫ਼ ਮੁਸਲਮਾਨਾਂ 'ਤੇ ਡਿੱਗੇਗੀ ਜੋ ਜੇ ਐੱਨਆਰਸੀ ਵਿਚ ਗ਼ੈਰ-ਕਾਨੂੰਨੀ ਪਰਵਾਸੀ ਪਾਏ ਗਏ ਤਾਂ ਉਨਾਂ ਨੂੰ ਸੀਏਏ ਦਾ ਸਹਾਰਾ ਵੀ ਨਹੀਂ ਮਿਲੇਗਾ। ਇਹੀ ਵਜਾ ਹੈ ਕਿ ਭਾਰਤੀ ਮੁਸਲਮਾਨਾਂ ਵਿਚ ਇਸ ਨੂੰ ਲੈ ਕੇ ਇੰਨੇ ਭੈਅ ਅਤੇ ਬੇਯਕੀਨੀ ਵਾਲਾ ਮਾਹੌਲ ਬਣਿਆ ਹੋਇਆ ਹੈ। ਇਸ 'ਤੇ ਹੋਏ ਵਿਆਪਕ ਰੋਸ-ਮੁਜ਼ਾਹਰਿਆਂ ਨੇ ਸਰਕਾਰ ਨੂੰ ਫ਼ਿਲਹਾਲ ਕਦਮ ਪਿੱਛੇ ਖਿੱਚਣ ਲਈ ਮਜਬੂਰ ਕਰ ਦਿੱਤਾ ਹੈ ਜਦਕਿ ਗ੍ਰਹਿ ਮੰਤਰੀ ਅਤੇ ਹੋਰ ਮੰਤਰੀ ਸਮੇਂ-ਸਮੇਂ ਇਸ ਦੀ ਤਾਲ ਠੋਕਦੇ ਆਏ ਹਨ। ਅਜਿਹੇ 'ਚ ਸਰਕਾਰ ਹੁਣ ਰਾਸ਼ਟਰੀ ਜਨਸੰਖਿਆ ਰਜਿਸਟਰ ਅਰਥਾਤ ਐੱਨਪੀਆਰ ਲੈ ਕੇ ਆ ਰਹੀ ਹੈ ਜਿਸ ਨੂੰ 2010 ਵਿਚ ਹੋਈ ਜਨਗਣਨਾ ਨਾਲ ਜੋੜਨ ਦੀ ਕੋਸ਼ਿਸ਼ ਵੀ ਕੀਤੀ।

ਐੱਨਪੀਆਰ 2010 ਚੋਣਵੇਂ ਸੂਬਿਆਂ ਵਿਚ ਹੀ ਕਰਵਾਈ ਗਈ ਸੀ ਜਿਸ ਵਿਚ ਨਾ ਤਾਂ ਕੋਈ ਵਿਵਾਦ ਹੋਇਆ ਅਤੇ ਨਾ ਹੀ ਅਸਾਮ ਵਰਗਾ ਕੋਈ ਮਾੜਾ ਅਹਿਸਾਸ। ਉਸ ਵਿਚ ਸੀਏਏ ਵਰਗਾ ਖ਼ਦਸ਼ਾ ਵੀ ਨਹੀਂ ਸੀ। ਨਾਲ ਹੀ, ਐੱਨਪੀਆਰ 2010 ਵਿਚ ਸਿਰਫ਼ 15 ਖੇਤਰਾਂ ਦੇ ਅੰਕੜਿਆਂ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਦੇ ਉਲਟ ਐੱਨਪੀਆਰ 2020 ਪੂਰੇ ਦੇਸ਼ 'ਚ ਕਰਵਾਇਆ ਜਾਵੇਗਾ। ਇਹ ਅਸਾਮ ਐੱਨਆਰਸੀ ਅਤੇ ਸੀਏਏ ਦੇ ਅਨਰਥਕਾਰੀ ਤਜਰਬੇ ਦੀ ਪਿੱਠ ਭੂਮੀ ਦੇ ਨਾਲ ਸੰਪੰਨ ਹੋਵੇਗਾ। ਇਸ ਦੇ ਲਈ ਇਸਤੇਮਾਲ ਹੋਣ ਵਾਲੇ ਫਾਰਮ ਵਿਚ ਵੀ ਤਮਾਮ ਹੋਰ ਸੂਚਨਾਵਾਂ ਮੰਗੀਆਂ ਜਾਣਗੀਆਂ ਜਿਨਾਂ ਦਾ ਮਰਦਮਸ਼ੁਮਾਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੋਵੇਗਾ। ਇਹ ਇਕ ਤਰਾਂ ਨਾਲ ਐੱਨਆਰਸੀ ਵਰਗੀ ਕਵਾਇਦ ਹੋਵੇਗੀ ਜਿਸ ਦਾ ਵਿਰੋਧ ਬੇਹੱਦ ਜ਼ਰੂਰੀ ਹੈ। ਭਾਰਤੀ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਦੀ ਰੱਖਿਆ ਲਈ ਹਰੇਕ ਦੇਸ਼ ਭਗਤ ਭਾਰਤੀ ਦਾ ਫ਼ਰਜ਼ ਹੈ ਕਿ ਉਹ ਹਿੰਦੂ ਰਾਸ਼ਟਰ ਦੀ ਘਾਤਕ ਧਾਰਨਾ ਦਾ ਵਿਰੋਧ ਕਰੇ। ਇਹੀ ਵਜਾ ਹੈ ਕਿ ਭਾਰਤੀਅਤਾ ਦੇ ਵਿਚਾਰ ਤੇ ਸੰਵਿਧਾਨ ਦੀ ਰੱਖਿਆ ਲਈ ਤਮਾਮ ਲੋਕ ਖ਼ਾਸ ਤੌਰ 'ਤੇ ਸੜਕਾਂ 'ਤੇ ਵਿਰੋਧ ਲਈ ਉਤਰੇ ਹਨ।

**-ਲੇਖਕ ਕਾਂਗਰਸ ਦਾ ਸੀਨੀਅਰ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਹੈ**

## ਗੁਰੂ ਨਾਨਕ ਦਾ ਜੀਵਨ ਅਨੁਭਵ

ਸੰਸਕ੍ਰਿਤ, ਪਾਲੀ, ਸਿੰਧੀ, ਅਰਬੀ ਅਤੇ ਫਾਰਸੀ ਤੋਂ ਲਏ ਗਏ। ਵਧੇਰੇ ਗਿਣਤੀ ਉਨ੍ਹਾਂ ਲਫਜ਼ਾਂ ਦੀ ਸੀ ਜਿਨ੍ਹਾਂ ਦੇ ਉਚਾਰ, ਸ਼ਬਦ-ਜੋੜ ਅਤੇ ਭਾਵ-ਅਰਥ ਵਿਚ ਵੀ ਤਬਦੀਲੀ ਨੂੰ ਯੋਗ ਮੰਨਿਆ ਗਿਆ। ਫਕਿਰ ਵਾਲੀ ਗੱਲ ਹੈ ਕਿ ਇਨ੍ਹਾਂ ਵਿਚੋਂ ਕਾਫੀ ਸ਼ਬਦ ਸਾਡੀ ਬੋਲਚਾਲ ਵਿਚੋਂ ਕਿਰ ਚੁੱਕੇ ਹਨ। ਇਹ ਫਕਿਰ ਕਰਨਾ ਵੀ ਬਣਦਾ ਹੈ ਕਿ ਉਨ੍ਹਾਂ ਲਫਜ਼ਾਂ ਦੇ ਭਾਵ ਅਰਥ ਵੀ ਸਨ ਜੋ ਸਾਡੇ ਸੋਚਣ, ਮਹਿਸੂਸਣ ਆਦਿ ਨੂੰ ਟੁੰਬਦੇ ਸਨ। ਉਨ੍ਹਾਂ ਦੇ ਕਿਰ ਜਾਣ ਨਾਲ ਅਸੀਂ ਆਧੁਨਿਕ ਬਣਨ ਦੇ ਭੇਖ ਹੇਠ ਬੌਧਿਕ ਅਤੇ ਭਾਵੁਕ ਤੌਰ 'ਤੇ ਸੁੰਗੜ ਗਏ ਹਾਂ। ਆਪਣੇ ਪ੍ਰਯਤਨ ਨਾਲ ਸਿਰਜੀ ਭਾਸ਼ਾ ਨੂੰ ਗੁਰੂ ਸਾਹਿਬ ਨੇ ਅਜਿਹੀ ਰੰਗਤ ਵਿਚ ਢਾਲ਼ਿਆ ਜੋ ਕਾਲ ਅਤੇ ਅਕਾਲ, ਸ੍ਰਿਸ਼ਟੀ, ਕਾਇਨਾਤ ਤੇ ਦੁਨੀਆ, ਇਸ ਵਿਚ ਵਿਚਰਦੇ ਜੀਵਾਂ ਵਿਚਕਾਰ ਸਹਿਜ ਦੀ ਅਭਿਲਾਖੀ ਸੀ। ਗੁਰੂ ਸਾਹਿਬ ਪੁਰਾਤਨ ਗ੍ਰੰਥਾਂ ਵਿਚਲੇ ਗਿਆਨ ਭੰਡਾਰ ਅਤੇ ਮਿੱਥਾਂ ਆਦਿ ਵਿਚ ਜੜ੍ਹ-ਵਸਤੂਕਰਨ ਦਾ ਸ਼ਿਕਾਰ ਹੋ ਗਏ ਸਰੋਕਾਰ ਨੂੰ ਅਨੂਠੇ ਰੂਪ ਵਿਚ ਵਿਚਰਦਾ ਦੇਖਣ ਦੇ ਗੁਰੂ ਸਾਹਿਬ ਅਭਿਲਾਖੀ ਸਨ। ਹਰ ਪੱਧਰ 'ਤੇ ਨਿਆਂ ਦਾ ਵਰਤਾਰਾ ਉਨ੍ਹਾਂ ਲਈ ਬੁਨਿਆਦੀ ਮੁੱਲ ਸਮਾਨ ਸੀ।

ਇਹ ਸਭ ਸਰੋਕਾਰ ਉਨ੍ਹਾਂ ਦੀ ਬਾਣੀ ਵਿਚ ਨਗੀਨਿਆਂ ਵਾਂਗ ਜੜੇ ਪਏ ਹਨ। ਆਪਣੀ ਬਾਣੀ ਵਿਚ ਭਿੰਨ-ਭਿੰਨ ਰੁਚੀਆਂ ਦੀ ਸਾਂਝ ਦੇ ਨਾਲ ਭਿੰਨਤਾ ਦਰਸਾਉਣ ਵਿਚ ਉਨ੍ਹਾਂ ਨੂੰ ਕਮਾਲ ਹਾਸਲ ਸੀ।

ਸਾਖੀਕਾਰਾਂ, ਭਾਈ ਗੁਰਦਾਸ ਅਤੇ ਹੋਰ ਪ੍ਰਸ਼ੰਸਕਾਂ ਦੇ ਉਲਟ ਗੁਰੂ ਨਾਨਕ ਨੇ ਆਪਣੇ ਆਪ ਨੂੰ 'ਨਾਨਕ ਸਾਇਰ ਏਵ ਕਹਿਤ ਹੈ' ਵਜੋਂ ਤਸੱਵੁਰ ਵਿਚ ਲਿਆਂਦਾ ਸੀ। ਇਸ ਦਾ ਵਿਸਥਾਰ ਵੀ ਉਨ੍ਹਾਂ ਇਸ ਪ੍ਰਕਾਰ ਕਰਨਾ ਯੋਗ ਸਮਝਿਆ ਸੀ:

**ਧੰਨੁ ਸੁ ਕਾਗਦੁ ਕਲਮ ਧੰਨ ਧਨੁ ਭਾਂਡਾ ਧਨੁ ਮਸੁ ।।**
**ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ।।**

ਕਾਵਿ ਦੇ ਨਾਲ ਉਸ ਦੇ ਅੰਤਰਗਤ ਗੁਰੂ ਸਾਹਿਬ ਨੇ ਸੰਗੀਤ ਅਤੇ ਚਿੱਤਰਕਾਰੀ ਦਾ ਬਰਾਬਰ ਸੰਜੋਗ ਬਣਾਈ ਰੱਖਿਆ। ਉਂਝ ਤਾਂ ਲਫਜ਼ ਉਹ ਦੁਵੱਲਾ ਕਾਰਜ ਨੇਪਰੇ ਚਾੜ੍ਹਨ ਲਈ ਤੱਤਪਰ ਹੁੰਦਾ ਹੈ ਜੋ ਸੁਰ ਅਤੇ ਚਿੱਤਰ ਇਕੱਲਾ-ਇਕੱਲਾ ਕਰਦੇ ਹਨ। ਜਦੋਂ ਕਾਵਿ ਕਲਾ ਚਿੱਤਰ ਅਤੇ ਸੁਰ ਨੂੰ ਆਪਣਾ ਸਹਿਯੋਗੀ ਬਣਾ ਲੈਂਦੀ ਹੈ ਤਾਂ ਉਸ ਰਾਹੀਂ ਜੋ ਉਚਾਰਿਆ ਜਾਂਦਾ ਹੈ, ਉਹ ਕਿਤੇ ਵਧੇਰੇ ਕਾਵਿਮਈ, ਲਿਸ਼ਕਦਾ ਅਤੇ ਸਹਿਕ ਸਕੰਦੜਾ ਹੋ ਨਿੱਬੜਦਾ ਹੈ। ਗੁਰੂ ਨਾਨਕ ਦੀ ਬਾਣੀ ਵਿਚ ਇਹ ਅਜੂਬਾ ਵਰਤਦਾ ਹੀ ਰਹਿੰਦਾ ਹੈ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਹੋ ਸਕਦਾ ਕਿ ਕਈ ਵਾਰ ਤੋਲ-ਤੁਕਾਂਤ ਦਾ ਮਿਥਿਆ ਜਾਬਤਾ ਡੋਲ ਜਾਂਦਾ ਹੈ। ਇਹ ਕਿਸੇ ਕਚਿਆਈ ਕਰਕੇ ਨਹੀਂ ਸਗੋਂ ਇਸ ਕਾਰਨ ਹੁੰਦਾ ਹੈ ਕਿ ਸੰਗੀਤ ਅਤੇ ਚਿੱਤਰਕਲਾ ਨੂੰ ਆਪਣੀ ਕਾਵਿਕਲਾ ਵਿਚ ਯੋਗ ਸਥਾਨ ਦੇਣ ਖਾਤਰ ਇਸ ਪ੍ਰਵਾਨਤ ਬੰਧੇਜ ਤੋਂ ਦੂਰ ਜਾਣਾ ਯੋਗ ਹੈ। ਜਪੁਜੀ ਬਾਰੇ ਇਹ ਧਾਰਨਾ ਬਣੀ ਹੋਈ ਹੈ ਕਿ ਇਸ ਦੇ ਨਿਰਮਾਣ ਵਿਚ ਕਿਸੇ ਤੋਲ-ਤੁਕਾਂਤ ਦੀ ਵਰਤੋਂ ਨਹੀਂ ਹੋਈ ਅਤੇ ਨਾ ਹੀ ਸੰਗੀਤ ਦੀ ਕੋਈ ਲੈਅ ਇਸ ਦੇ ਧੁਰ ਅੰਦਰ ਸਮਾਈ ਹੋਈ ਹੈ। ਇਨ੍ਹਾਂ ਵਿਚਾਰਾਂ ਨੂੰ ਲਾਂਭੇ ਰੱਖ ਕੇ ਇਸ ਮਹਾਨ ਰਚਨਾ ਦਾ ਇਕਾਗਰ ਚਿੱਤ ਅਧਿਐਨ ਕੀਤਾ ਜਾਵੇ ਤਾਂ ਅਨੁਭਵ ਹੋਣ ਲੱਗਦਾ ਹੈ ਕਿ ਵਿਸ਼ੇਸ਼ ਪ੍ਰਕਾਰ ਦਾ ਪੱਕਾ ਰਾਗ ਹੈ ਜਿਸ ਦੀਆਂ ਧੁਨਾਂ ਇਸ ਦੇ ਸ਼ਬਦਾਂ ਦੇ ਦੁਹਰਾਉ ਵਿਚੋਂ ਉੱਠਦੀਆਂ ਜਾਪਦੀਆਂ ਹਨ।

ਇਸ ਤਰ੍ਹਾਂ ਅਪਹੁੰਚ ਤਕ ਪਹੁੰਚਣ ਦਾ ਪਰਿਯਾਸ ਹੈ ਜੋ ਗੁਰੂ ਸਾਹਿਬ ਦੇ ਚਿੰਤਨ ਅਤੇ ਉਨ੍ਹਾਂ ਦੀ ਕਾਵਿ-ਕਲਾ ਦਾ ਮੀਰੀ ਗੁਣ ਹੈ। ਕਈ ਥਾਵਾਂ 'ਤੇ ਗੁਰੂ ਸਾਹਿਬ ਅੰਤਿਮ ਮਹੱਤਵ ਅਤੇ ਮੁੱਲ ਵਾਲੇ ਪ੍ਰਸ਼ਨ ਉਠਾਉਂਦੇ ਹਨ, ਉਨ੍ਹਾਂ ਦੇ ਉੱਤਰ ਉਸ ਨੂੰ ਪਾਰ ਨਹੀਂ ਕਰਦੇ। ਦਰਅਸਲ, ਇਹ ਮਾਨਵਤਾ ਦੇ ਧੁਰਾਂ ਤੋਂ ਵਿੱਢੇ ਅਤੇ ਇਤਿਹਾਸ ਵਿਚੋਂ ਚਲੇ ਆ ਰਹੇ ਪ੍ਰਸ਼ਨ-ਉੱਤਰ ਦੇ ਸਮਤੋਲ ਵਿਚ ਵਿਚਰ ਰਹੇ ਦਵੰਦ ਵੱਲ ਸੰਕੇਤ ਹੈ। ਮੇਰੀ ਮੱਤ ਅਨੁਸਾਰ ਇਤਿਹਾਸ ਦੀ ਕੁੱਲ ਚਾਲ ਦੌਰਾਨ ਪ੍ਰਸ਼ਨਾਂ ਦੀ ਪੂਰੀ ਤਰ੍ਹਾਂ ਪੈੜ ਨੱਪਣ ਵਿਚ ਉੱਤਰ ਸਫਲ ਨਹੀਂ ਹੋਏ। ਗੁਰੂ ਸਾਹਿਬ ਦੇ ਕਥਨਾ ਵਿਚ ਉਤਰ ਜੋ ਉਠਾਏ ਗਏ ਪ੍ਰਸ਼ਨਾਂ ਤੋਂ ਕਈ ਕਟਾਖਸ ਪਾਰ ਨਹੀਂ ਜਾਂਦੇ ਲੱਗਦੇ ਤਾਂ ਉਹ ਪਿਛਾਂਹ ਰਹਿ ਜਾਣ ਦਾ ਪ੍ਰਭਾਵ ਵੀ ਨਹੀਂ ਦਿੰਦੇ। ਇਹ ਲਾਸਾਨੀ ਗੁਣ ਸਭਿਆਚਾਰ ਅਤੇ ਇਤਿਹਾਸ ਵਿਚ ਸਿਰਫ ਗੁਰੂ ਨਾਨਕ ਦੇ ਹੀ ਹਿੱਸੇ ਆਇਆ ਹੈ।

## ਸਿੱਖਾਂ ਦੇ ਰੋਹ ਅੱਗੇ ਝੁਕੀ ਮੱਧ ਪ੍ਰਦੇਸ ਸਰਕਾਰ

ਪ੍ਰਮੁੱਖ ਸਲਾਹਕਾਰ ਸਲੂਜਾ ਤੇ ਰਾਜ ਦੇ ਤਿੰਨ ਸੀਨੀਅਰ ਆਈ. ਏ. ਐਸ. ਅਫਸਰਾਂ ਦੇ ਵਫਦ ਨੂੰ 6 ਜਨਵਰੀ ਦਿਨ ਸੋਮਵਾਰ ਨੂੰ ਪੀੜਤ ਸਿੱਖ ਪਰਿਵਾਰਾਂ ਨੂੰ ਮਿਲਣ ਦੀ ਹਦਾਇਤ ਕੀਤੀ ਹੈ। ਤਰਹਾਲ ਦੇ ਸਿੱਖ ਆਗੂ ਸ: ਗੁਲਜਾਰ ਸਿੰਘ ਬਾਜਵਾ ਨੇ ਦੱਸਿਆ ਕਿ ਸਰਕਾਰੀ ਵਫਦ ਦੇ ਆਉਣ ਬਾਰੇ ਪ੍ਰਸ਼ਾਸਨ ਨੇ ਉਨਾਂ ਨੂੰ ਜਾਣਕਾਰੀ ਦੇ ਦਿੱਤੀ ਹੈ। ਪਤਾ ਲੱਗਾ ਹੈ ਕਿ ਇਸ ਉੱਚ ਪੱਧਰੀ ਵਫਦ ਵਲੋਂ ਮੌਕੇ 'ਤੇ ਹੀ ਸਿੱਖਾਂ ਦੇ ਘਰਾਂ ਤੇ ਫਸਲਾਂ ਦੇ ਨੁਕਸਾਨ ਦੇ ਮੁਆਵਜੇ ਬਾਰੇ ਫੈਸਲਾ ਸੁਣਾਇਆ ਜਾ ਸਕਦਾ ਹੈ।

### ਗੁਰਦੁਆਰਾ ਸਾਹਿਬ 'ਚ ਹੋਇਆ ਇਕੱਠ

ਗੁਰਦੁਆਰਾ ਤਰਹਾਲ ਵਿਖੇ ਅੱਜ ਆਲੇ-ਦੁਆਲੇ ਤੋਂ ਭਾਰੀ ਗਿਣਤੀ 'ਚ ਸਿੱਖ ਸੰਗਤ ਇਕੱਠੀ ਹੋਈ। ਇਸ ਮੌਕੇ ਸ੍ਰੋਮਣੀ ਕਮੇਟੀ ਦੇ ਵਫਦ 'ਚ ਸ਼ਾਮਿਲ ਸ: ਗੁਰਚਰਨ ਸਿੰਘ ਗਰੇਵਾਲ, ਸ: ਇੰਦਰਮੋਹਨ ਸਿੰਘ ਲਖਮੀਰ ਵਾਲਾ ਤੇ ਤੇਜਿੰਦਰ ਸਿੰਘ ਪੱਡਾ ਵੀ ਹਾਜਰ ਸਨ। ਪਤਾ ਲੱਗਾ ਹੈ ਕਿ ਸੰਗਤ ਨੇ ਸ੍ਰੋਮਣੀ ਕਮੇਟੀ ਤੇ ਸਮੂਹ ਸਿੱਖ ਸੰਸਥਾਵਾਂ ਤੇ ਸੰਗਤ ਵਲੋਂ ਮਿਲੇ ਸਹਿਯੋਗ ਦਾ ਧੰਨਵਾਦ ਕੀਤਾ। ਸ: ਬਾਜਵਾ ਤੋਂ ਇਲਾਵਾ ਪ੍ਰਭਦਿਆਲ ਸਿੰਘ, ਕੁਲਵੰਤ ਸਿੰਘ ਤੇ ਰਾਜਵਿੰਦਰ ਸਿੰਘ ਆਦਿ ਨੇ ਕਿਹਾ ਕਿ ਸਹਿਯੋਗ ਮਿਲਣ ਨਾਲ ਇਥੇ ਵਸੇ ਸਿੱਖਾਂ ਦਾ ਮਨੋਬਲ ਉੱਚਾ ਹੋਇਆ ਹੈ।

## ਸਿੱਖਸ ਆਫ ਅਮਰੀਕਾ ਦਾ ਵ.ਫਦ...

ਮੁਸਲਿਮ ਫਾਰ ਟਰੰਪ ਦੇ ਸਾਜਿਦ ਤਰਾਰ ਨੇ ਕਿਹਾ ਕਿ ਸਿੱਖਸ ਆਫ ਅਮਰੀਕਾ ਹਮੇਸ਼ਾ ਹੀ ਸਿੱਖ ਕੁਮਿਨਟੀ ਦੇ ਮਸਲਿਆਂ ਨੂੰ ਨਜਿੱਠਣ ਵਿੱਚ ਅਹਿਮ ਰੋਲ ਨਿਭਾਉਦੇ ਹੈ। ਅਸੀਂ ਇਹਨਾ ਦੇ ਸਦਾ ਹੀ ਰਿਣੀ ਹਾਂ।

ਇਸ ਵ.ਫਦ ਵਿੱਚ ਬਲਜਿੰਦਰ ਸਿੰਘ ਸ਼ੰਮੀ, ਡਾਕਟਰ ਸੁਰਿੰਦਰ ਸਿੰਘ ਗਿੱਲ , ਗੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਸੁਰਜੀਤ ਸਿੰਘ ਮਾਨ ,ਸੁਰਮੁਖ ਸਿੰਘ ਮਾਣਕੂ, ਉਮਰ ਜਾਨ ਨੱਕਸ ਟੀ.ਵੀ ਵੀ ਸ਼ਾਮਲ ਸਨ । ਜਿਨਾ ਨੇ ਸਿੱਖਾਂ ਦੀਆ ਮੁਸ਼ਕਲਾਂ ਨੂੰ ਖੁੱਲ ਕੇ ਦੱਸਿਆ। ਜਿਸ ਦੇ ਹੱਲ ਲਈ ਅੰਬੈਸਡਰ ਵੱਲੋਂ ਬੜੇ ਸੰਜੀਦਾ ਮਾਹੋਲ ਵਿੱਚ ਹਰ ਮਸਲੇ ਨੂੰ ਹੱਲ ਕਰਨ ਦਾ ਪੂਰਾ ਵਾਧਾ ਕੀਤਾ । ਸਮੁੱਚੇ ਤੋਰ ਤੇ ਇਸ ਵ.ਫਦ ਦੀ ਕੁਮਿਨਟੀ ਵੱਲੋਂ ਸ਼ਲਾਘਾ ਕੀਤੀ ਗਈ ਹੈ।

# Sir Speedy Tustin Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW




# ਪਾਠਕਾਂ ਦਾ ਨਜ਼ਰੀਆ

## ਜੋ ਨਨਕਾਣਾ ਸਾਹਿਬ ਹੋਇਆ

ਇੱਕ ਸਿਰ ਫਿਰੇ ਬੰਦੇ ਨੇ ਨਨਕਾਣਾ ਸਾਹਿਬ ਵਿੱਚ ਸਿੱਖਾਂ ਦੇ ਖਿਲਾਫ ਜ਼ਹਿਰ ਉਗਲਿਆ, ਤੇ ਮੁਜ਼ਾਹਰੇ ਦੇ ਨਾਮ ਉਤੇ ਤਮਾਸ਼ਾ ਕਰ ਕੇ ਮੀਡੀਆ ਦਾ ਧਿਆਨ ਆਪਣੇ ਵੱਲ ਖਿਚਿਆ । ਦੇਖਦੇ ਹੀ ਦੇਖਦੇ ਸੋਸ਼ਲ ਮੀਡੀਆ ਰਾਹੀਂ ਇਸ ਘਟਨਾ ਅਤੇ ਬੰਦੇ ਦੀ ਚਰਚਾ ਦੁਨੀਆਂ ਭਰ ਵਿੱਚ ਹੋ ਗਈ ।

ਦੁਨੀਆਂ ਭਰ ਦੇ ਸਿੱਖਾਂ ਲਈ ਇਹ ਘਟਨਾ ਯਕੀਨਨ ਬਹੁਤ ਦੁੱਖ ਦੇਣ ਵਾਲੀ ਸੀ, ਤੇ ਉਹਨਾਂ ਵੱਲੋਂ ਦੁੱਖ ਦਾ ਇਜ਼ਹਾਰ ਹੋਣਾ ਵੀ ਲਾਜ਼ਮੀ ਸੀ ।

ਭਾਰਤੀ ਹਕੂਮੱਤ ਤੇ ਹਾਕਮਾਂ ਦੇ ਪਿੱਠੂਆਂ ਨੇ ਇਸ ਘਟਨਾ ਨੂੰ ਪਾਕਿਸਤਾਨ ਦੁਸ਼ਮਣੀ ਲਈ ਵਰਤਿਆ, ਤੇ ਵਰਤ ਰਹੇ ਹਨ, ਜੋ ਉਹਨਾਂ ਦਾ 'ਕੰਮ' ਹੈ ।

ਇੱਕ ਗੱਲ ਜੋ ਦੁਨੀਆਂ ਭਰ ਦੇ ਸਿੱਖਾਂ ਲਈ ਸਮਝਣ ਵਾਲੀ ਹੈ, ਉਹ ਇਹ ਹੈ ਕਿ ਪਾਕਿਸਤਾਨ ਵਿੱਚ ਇੱਕ ਛੋਟਾ ਜਿਹਾ ਤਬਕਾ ਮੌਜੂਦ ਹੈ, ਜੋ ਆਪਣੀ ਮਜ਼ਹਬੀ ਤੰਗ ਨਜ਼ਰੀ ਕਾਰਨ ਸਿੱਖਾਂ ਪ੍ਰਤੀ ਹਕੂਮੱਤ ਅਤੇ ਆਮ ਮੁਸਲਮਾਨਾਂ ਦੇ ਪਿਆਰ ਅਤੇ ਹਮਾਇਤ ਨੂੰ ਨਾ-ਪਸੰਦ ਕਰਦਾ ਹੈ ।

ਇੱਕ ਗੱਲ ਜੋ ਸਿੱਖਾਂ ਤੇ ਮੁਸਲਮਾਨਾਂ, ਦੋਹਾਂ ਲਈ ਗੰਭੀਰਤਾ ਨਾਲ ਸੋਚਣ ਵਾਲੀ ਹੈ, ਕਿ ਕੱਲ ਜਦੋਂ ਨਨਕਾਣਾ ਸਾਹਿਬ ਗੁਰਦਵਾਰੇ ਦੇ ਬਾਹਰ ਇੱਕ ਸਿਰ ਫਿਰਿਆ ਬੰਦਾ, ਇਸਲਾਮ ਦੇ ਨਾਮ ਤੇ ਸਿੱਖਾਂ ਦੇ ਖਿਲਾਫ ਬਕਵਾਸ ਕਰ ਰਿਹਾ ਸੀ, ਉਸ ਵੇਲੇ ਦਿਲੀ ਵਿੱਚ 'ਜਾਮੀਆ ਮਿਲੀਆ ਯੂਨੀਵਰਸਿਟੀ' ਦੇ ਮੁਸਲਮਾਨ ਵਿਦਿਆਰਥੀਆਂ ਨਾਲ ਮਿੱਲ ਕੇ ਦਲ ਖਾਲਸਾ ਤੇ ਹੋਰ ਸਿੱਖ ਜੱਥੇਬੰਦੀਆਂ ਦੇ ਸਿੰਘ, ਭਾਰਤੀ ਹਾਕਮਾਂ ਦੇ ਮੁਸਲਿਮ ਵਿਰੋਧੀ ਕਾਨੂੰਨ ਦੇ ਖਿਲਾਫ ਮੁਜ਼ਾਹਰਾ ਕਰ ਰਹੇ ਹਨ ।

ਇਸ ਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਕੱਲ ਜੋ ਨਨਕਾਣਾ ਸਾਹਿਬ ਵਿੱਚ ਹੋਇਆ, ਉਹ ਭਾਰਤੀ ਮੁਸਲਮਾਨਾਂ ਦੇ ਵੀ ਖਿਲਾਫ ਸੀ ।

ਸਿੱਖਾਂ ਤੇ ਮੁਸਲਮਾਨਾਂ, ਦੋਹਾਂ ਨੂੰ ਇਹ ਸਮਝਣਾ ਚਾਹੀਦਾ ਹੈ, ਸਿੱਖ-ਮੁਸਲਿਮ ਦੋਸਤੀ ਸਮੇਂ ਦੀ ਲੋੜ ਹੈ, ਜਿਸ ਨੂੰ ਨਜ਼ਰ ਅੰਦਾਜ਼ ਕਰਨਾ ਦੋਹਾਂ ਨੂੰ ਮਹਿੰਗਾ ਪੈ ਸਕਦਾ ਹੈ ।

ਗਜਿੰਦਰ ਸਿੰਘ, ਦਲ ਖਾਲਸਾ

ਧੀਆਂ, ਪੈਸਾ ਅਤੇ ਆਈਲੈੱਟਸ ਦੇ ਬੈਂਡ

ਪੰਜਾਬ ਵਿਚ ਬਹੁਤੇ ਧੀਆਂ ਦੇ ਮਾਪੇ ਗਰੀਬੀ ਕਾਰਨ ਉਨਾਂ ਨੂੰ ਬਾਹਰਲੇ ਮੁਲਕ ਨਹੀਂ ਭੇਜ ਸਕਦੇ। ਇਸ ਲਈ ਉਹ ਉਨਾਂ ਨੂੰ ਆਈਲੈੱਟਸ ਕਰਵਾ ਕੇ ਅਜਿਹਾ ਲੜਕਾ ਭਾਲਦੇ ਹਨ ਜੋ ਬਾਹਰ ਜਾਣ ਦਾ ਸਾਰਾ ਖਰਚਾ ਚੁੱਕ ਸਕਦਾ ਹੋਵੇ। ਅੱਜ-ਕੱਲ ਦਾਜ-ਦਹੇਜ ਦੇ ਅਰਥ ਵੀ ਬਦਲ ਗਏ ਹਨ। ਦਾਜ ਦੀ ਥਾਂ ਆਈਲੈੱਟਸ ਦੇ ਬੈਂਡਾਂ ਅਤੇ ਵਰੀ ਦੀ ਥਾਂ ਬਾਹਰ ਜਾਣ ਦੇ ਖਰਚੇ ਨੇ ਲੈ ਲਈ ਹੈ। ਪੈਸੇ ਵਾਲੇ ਵਧੇਰੇ ਨੌਜਵਾਨ ਪੜ-ਲਿਖ ਕੇ ਰਾਜੀ ਨਹੀਂ, ਫਿਰ ਉਹ ਅਜਿਹੀਆਂ ਕੁੜੀਆਂ ਦੀ ਭਾਲ ਵਿਚ ਹੀ ਰਹਿੰਦੇ ਹਨ। ਧੀਆਂ ਦੇ ਮਾਪੇ ਵੀ ਵਧੇਰੇ ਕਰਕੇ ਬਾਹਰ ਜਾਣ ਦੇ ਇੱਛੁਕ ਨੌਜਵਾਨਾਂ ਮਗਰ ਆਪਣੀਆਂ ਧੀਆਂ ਨੂੰ ਤੋਰਨ 'ਚ ਹੀ ਵਿਸ਼ਵਾਸ਼ ਜਤਾਉਂਦੇ ਹਨ, ਕਿਉਂਕਿ ਬੇਰੁਜਗਾਰੀ ਅਤੇ ਨਸ਼ਿਆਂ ਨੇ ਬਹੁਤੇ ਨੌਜਵਾਨਾਂ ਨੂੰ ਮਾਨਸਿਕ, ਸਰੀਰਕ ਅਤੇ ਆਰਥਿਕ ਪੱਖੋਂ ਕਮਜੋਰ ਕਰ ਦਿੱਤਾ ਹੈ। ਇਸ ਦੇ ਡਰੋਂ ਹੀ ਬਹੁਤੀਆਂ ਧੀਆਂ ਦੇ ਮਾਪੇ ਵਿਦੇਸੀ ਜਾਂ ਫਰਿ ਵਿਦੇਸ਼ ਜਾਣ ਦਾ ਇੱਛੁਕ ਵਰ ਹੀ ਆਪਣੀ ਧੀ ਲਈ ਪਹਿਲ ਦੇ ਆਧਾਰ 'ਤੇ ਚੁਣਦੇ ਹਨ। ਕਿਸ ਤਰਾਂ ਪੈਸੇ ਅਤੇ ਆਈਲੈੱਟਸ ਦੇ ਬੈਂਡਾਂ ਨੇ ਅੱਜ-ਕੱਲ ਜਾਤਪਾਤ ਅਤੇ ਕੁੰਡਲੀਆਂ ਮਿਲਾਉਣ ਦੇ ਝੰਜਟ ਨੂੰ ਵੀ ਲਗਭਗ ਮੁਕਾ ਹੀ ਦਿੱਤਾ ਹੈ। ਭਵਿੱਖ ਵਿਚ ਇਸ ਦਾ ਬਹੁਤ ਹੀ ਡੂੰਘਾ ਪ੍ਰਭਾਵ ਸਾਡੀਆਂ ਆਉਣ ਵਾਲੀਆਂ ਪੀੜੀਆਂ ਉੱਤੇ ਪੈਣ ਵਾਲਾ ਹੈ। ਸਭ ਨੂੰ ਗੰਭੀਰ ਹੋ ਕੇ ਸੋਚਣ ਅਤੇ ਵਿਚਾਰਨ ਦੀ ਲੋੜ ਹੈ ।

**ਮਨਦੀਪ ਸਿੰਘ ਸ਼ੇਰੋਂ**

## ਸੱਤਾਧਾਰੀ ਜਮਾਤ , ਦਮਨ ਤੇ ਬੁੱਧੀਜੀਵੀ

ਮੌਜੂਦਾ ਭਾਰਤ ਸਰਕਾਰ ਵਾਸਤੇ ਬੁੱਧੀਜੀਵੀ ਹਰ ਵਾਰ, ਕਿਸੇ ਵੀ ਅਨਿਆਂ ਦਾ ਵਿਰੋਧ ਕਰਦਾ ਹੈ ਤਾਂ ਉਹ 'ਅਰਬਨ ਨਕਸਲ' ਹੋ ਜਾਂਦਾ ਹੈ। ਸਿਰਫ ਇਹ ਹੀ ਨਹੀਂ, ਉਨਾਂ ਨਾਲ ਨਕਸਲੀਆਂ ਵਾਂਗ ਹੀ ਨਜਿੱਠਿਆ ਜਾਂਦਾ ਹੈ।

ਸਭ ਤੋਂ ਪਹਿਲਾਂ ਸਮਾਜਿਕ/ਵਿਚਾਰਧਾਰਕ ਪਹਿਲੂ ਉੱਤੇ ਨਿਗਾਹ ਮਾਰਦੇ ਹਾਂ। ਸਾਡੀ ਹਾਕਮ ਧਿਰ ਦਾ ਜੋ ਸਮਾਜਿਕ ਤੇ ਵਿਚਾਰਧਾਰਕ ਖਾਸਾ ਹੈ, ਉਹ ਹੈ ਤਰਕ ਉੱਤੇ ਨਾ ਖੜਨਾ। ਸਾਰੀ ਵਿਚਾਰਧਾਰਾ ਮਿੱਥ 'ਤੇ ਖੜੀ ਹੈ, ਵਿਗਿਆਨਕ ਤੇ ਤਾਰਕਿਕ ਨਹੀਂ ਹੈ। ਅਸੀਂ ਵਾਰ-ਵਾਰ ਦੇਖਦੇ/ਸੁਣਦੇ ਆ ਰਹੇ ਹਾਂ ਕਿਵੇਂ ਤਰਕਹੀਣ ਮਿੱਥ ਨੂੰ ਵਿਗਿਆਨਕ ਨਜ਼ਰੀਏ ਰਾਹੀਂ ਸਮਝਣ/ਸਮਝਾਉਣ/ਮੰਨਵਾਉਣ ਦੀ ਕੋਸ਼ਿਸ਼ ਹੁੰਦੀ ਰਹਿੰਦੀ ਹੈ। ਸਮਾਜ ਦੀ ਮਨੋ-ਚੇਤਨਾ ਨੂੰ ਘੜਿਆ ਜਾ ਰਿਹਾ ਹੁੰਦਾ ਹੈ। ਆਮ ਲੋਕਾਂ ਨੂੰ ਸਮਝ ਨਹੀਂ ਲੱਗਦੀ, ਪਰ ਉਨਾਂ ਦੀ ਸਮਝ ਬਣਾਈ ਜਾ ਰਹੀ ਹੁੰਦੀ ਹੈ। ਇਹ ਇਨਾਂ ਦਾ ਜਮਾਤੀ ਤੇ ਸਦੀਆਂ ਤੋਂ ਬਣਿਆ ਆ ਰਿਹਾ ਖਾਸਾ ਹੈ।

ਸੱਤਾਧਾਰੀ ਜਮਾਤ ਨੇ ਆਪਣੇ ਸਮਾਜਿਕ ਖਾਸੇ ਤਹਿਤ ਹਜ਼ਾਰਾਂ ਸਾਲਾਂ ਤੋਂ ਇਹ ਅਮਲ ਅਪਣਾਇਆ ਹੋਇਆ ਹੈ ਜਿਸ ਕਾਰਨ ਇਨਾਂ ਦੀ ਸੰਵੇਦਨਾ ਮਰ ਚੁੱਕੀ ਹੈ ਤੇ ਲੰਬੇ ਸਮੇਂ ਤੋਂ ਇਨਾਂ ਨੇ ਸ਼ਿਲਪੀ ਸ਼੍ਰੇਣੀਆਂ ਨੂੰ ਸਮਾਜਿਕ ਤੌਰ 'ਤੇ ਕਥਿਤ ਨੀਵੇਂ ਦਰਜੇ ਦੀਆਂ ਸ਼੍ਰੇਣੀਆਂ ਐਲਾਨਿਆ ਹੋਇਆ ਹੈ। ਏਨਾ ਹੀ ਨਹੀਂ, ਸਮਾਜਿਕ ਤੌਰ 'ਤੇ ਵਿਚਰਦਿਆਂ ਇਹ ਜਮਾਤਾਂ, ਜੋ ਬੁਣਕਰ ਨੇ, ਜੁੱਤੀਆਂ ਬਣਾਉਣ ਵਾਲੇ ਨੇ, ਲੱਕੜੀ ਦਾ ਕੰਮ ਕਰਨ ਵਾਲੇ ਨੇ, ਕਿਸਾਨ ਨੇ, ਖੇਤ ਮਜ਼ਦੂਰ ਨੇ, ਸਫਾਈ ਵਾਲੇ ਨੇ, ਇਹ ਸਾਰੇ ਇਨਾਂ ਦੇ ਸਾਹਮਣੇ ਘੋੜੀ 'ਤੇ ਬਰਾਤ ਨਹੀਂ ਲਿਜਾ ਸਕਦੇ। ਇਨਾਂ ਦੇ ਘਰਾਂ ਮੂਹਰੇ ਆਪਣਾ ਵਾਹਨ ਨਹੀਂ ਖੜਾ ਸਕਦੇ। ਵਧੀਆ ਕੱਪੜੇ ਨਹੀਂ ਪਾ ਸਕਦੇ। ਉਨਾਂ ਨੂੰ ਇਨਾਂ ਦੇ ਸਾਹਮਣੇ ਜਿਉਣ ਦਾ ਵੀ ਅਧਿਕਾਰ ਨਹੀਂ ਹੈ। ਉਨਾਂ ਪ੍ਰਤੀ ਸੰਵੇਦਨਾ ਕਿਸ ਬਲਾ ਦਾ ਨਾਂਅ ਹੈ, ਢਾਂਚਾ ਹੀ ਵਖਰੇਵੇਂ 'ਤੇ ਖੜਾ ਹੈ। ਇਸ ਵਾਸਤੇ ਅਨਿਆਂ ਖਲਿਾਫ਼ ਖੜਨ ਵਾਲਿਆਂ ਨੂੰ ਜੇਕਰ ਵਿਚਾਰਧਾਰਾ ਦੇ ਪੱਖ ਤੋਂ ਨਹੀਂ ਮਾਰ ਸਕਦੇ ਤਾਂ ਫਿਰ ਖੌਫਜ਼ਦਾ ਕਰਕੇ ਮਾਰਦੇ ਨੇ। ਬੁੱਧੀਜੀਵੀ ਖੌਫਜ਼ਦਾ ਕੀਤੇ ਜਾ ਰਹੇ ਹਨ। ਪ੍ਰਧਾਨ ਮੰਤਰੀ ਵਾਰ-ਵਾਰ ਉਨਾਂ ਨੂੰ 'ਅਰਬਨ ਨਕਸਲ' ਕਹਿ ਰਿਹਾ ਹੈ। ਇਲੈਕਟ੍ਰਾਨਿਕ ਮੀਡੀਆ ਉਨਾਂ ਨੂੰ ਨਕਸਲ ਬਣਾਉਣ/ਸਿੱਧ ਕਰਨ 'ਤੇ ਲੱਗਿਆ ਹੋਇਆ ਹੈ।

ਅਸੀਂ ਬਸਤੀਵਾਦੀ ਵਿਚਾਰਧਾਰਾ ਦੇ ਜੂਲੇ ਹੇਠ ਦੱਬੇ ਪਏ ਸੀ ਕਿ ਰੋਮਿਲਾ ਥਾਪਰ, ਰਾਮਚੰਦਰ ਗੁਹਾ ਵਰਗੇ ਸਾਡੇ ਇਤਿਹਾਸਕਾਰਾਂ ਨੇ ਹੀ ਉਸ ਗਲਬੇ ਨੂੰ ਆਪਣੀਆਂ ਖੋਜਾਂ ਰਾਹੀਂ ਤੋੜਿਆ। ਅੱਜ ਅਸੀਂ ਉਨਾਂ ਨੂੰ ਹਿਰਾਸਤ 'ਚ ਲੈ ਕੇ, ਲਕਬ ਦੇ ਕੇ, ਉਨਾਂ ਦੀਆਂ ਡਿਗਰੀਆਂ ਬਾਰੇ ਗੱਲਾਂ ਕਰਕੇ, ਉਨਾਂ ਨੂੰ ਜ਼ਲੀਲ ਕਰਨ ਤੱਕ ਤੁਲ ਗਏ। ਕਿਉਂ ? ਜਵਾਬ ਦਿਓ ? ਕਿਉਂ ਤੁਸੀਂ ਆਪਣੇ ਹੰਕਾਰ ਨੂੰ ਸੱਤਾ 'ਚ ਪਰਿਵਰਤਿਤ ਕਰ ਲਿਆ ? ਬੁੱਧੀਜੀਵੀ/ਲੇਖਕ/ਕਲਾਕਾਰ ਕਦੇ ਨਹੀਂ ਘਬਰਾਉਂਦੇ। ਕਿਉਂਕਿ ਸੱਚਾਈ ਦਾ ਕਦੇ ਵੀ ਬੀਜਨਾਸ਼ ਨਹੀਂ ਹੁੰਦਾ। ਸੱਚਾਈ ਨੇ ਉੱਚੇ ਆਸਮਾਨ ਦੀ ਬੁਲੰਦੀ ਉੱਤੇ ਹੀ ਲਹਿਰਨਾ ਹੁੰਦਾ ਹੈ। ਹਕੂਮਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਨੇ, ਪਰ ਬੁੱਧੀਜੀਵੀਆਂ ਦੇ ਬੋਲ ਅਮਰ ਹੁੰਦੇ ਨੇ ਅਮਿੱਟ ਹੁੰਦੇ ਨੇ।

**ਦੇਸ ਰਾਜ ਕਾਲੀ**

## ਆਪਣਿਆਂ ਦੀ ਉਡੀਕ ਵਿੱਚ ਯਤੀਮ ਹੋ ਰਿਹਾ ਪੰਜਾਬ

ਅੱਜ-ਕੱਲ ਨੌਜਵਾਨਾਂ ਵਿੱਚ ਦਿਨੋਂ-ਦਿਨ ਵਿਦੇਸ਼ ਜਾਣ ਦਾ ਇੰਨਾ ਰੁਝਾਨ ਵਧ ਰਿਹਾ ਹੈ ਕਿ ਉਹ ਆਪਣੇ ਪਰਿਵਾਰ ਨੂੰ ਬੇਸਹਾਰਾ ਛੱਡ ਕੇ ਹਜ਼ਾਰਾਂ ਮੀਲ ਦੂਰ ਕਿਸੇ ਅਣਜਾਣ ਦੇਸ਼ ਵਿੱਚ ਆਪਣੇ ਸੁਨਹਿਰੀ ਭਵਿੱਖ ਦਾ ਸੁਪਨਾ ਆਪਣੀ ਅੱਖਾਂ ਵਿੱਚ ਸੰਜੋਏ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ। ਇਹ ਰੂਝਾਨ ਇੰਨੀ ਤੇਜ਼ੀ ਨਾਲ ਵਧ ਰਿਹਾ ਹੈ ਕਿ ਜੇਕਰ ਇਸ ਨੂੰ ਸਮੇਂ ਰਹਿੰਦੇ ਠੱਲ ਨਾ ਪਾਈ ਗਈ ਤਾਂ ਉਹ ਦਿਨ ਦੂਰ ਨਹੀਂ ਜਦੋਂ ਆਪਣਾ ਪੰਜਾਬ ਵੀ ਇੱਕ ਬੰਜਰ ਧਰਤੀ ਵਾਂਗ ਆਪਣਿਆਂ ਦੀ ਉਡੀਕ ਕਰਦਾ-ਕਰਦਾ ਯਤੀਮ ਹੋ ਜਾਵੇਗਾ।

ਇਸੇ ਵਧ ਰਹੇ ਰੁਝਾਨ ਵਿੱਚ ਸਮੇਂ ਦੀਆਂ ਸਰਕਾਰਾਂ ਦਾ ਅਹਿਮ ਰੋਲ ਹੈ, ਜਿਨਾਂ ਵੱਲੋਂ ਨੌਜਵਾਨਾਂ ਨੂੰ ਕਿਸੇ ਤਰਾਂ ਦਾ ਰੋਜ਼ਗਾਰ ਮੁਹੱਈਆ ਨਹੀਂ ਕਰਵਾਇਆ ਜਾਂਦਾ ਅਤੇ ਝੂਠੇ ਵਾਅਦਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਦਿੱਤਾ। ਇਸੇ ਕਰਕੇ ਅੱਜ ਸਾਡੇ ਜ਼ਿਆਦਾਤਰ ਨੌਜਵਾਨ, ਜਿਨਾਂ ਨੂੰ ਕਿਸੇ ਤਰਾਂ ਦਾ ਰੋਜ਼ਗਾਰ ਨਹੀਂ ਮਿਲਿਆ, ਉਹ ਨਸ਼ਿਆਂ ਦੀ ਦਲਦਲ ਵਿੱਚ ਧਸਦੇ ਜਾ ਰਹੇ ਹਨ। ਨੌਜਵਾਨਾਂ ਦੇ ਵਿਦੇਸ਼ ਵੱਲ ਕੂਚ ਕਰਵਾਉਣ ਵਿੱਚ ਸਾਡੇ ਕੁਝ ਪੰਜਾਬੀ ਗਾਇਕਾਂ ਨੇ ਵੀ ਕਿਸੇ ਤਰਾਂ ਦੀ ਕਸਰ ਬਾਕੀ ਨਹੀਂ ਛੱਡੀ, ਕਿਉਂਕਿ ਇਨਾਂ ਗਾਇਕਾਂ ਵੱਲੋਂ ਆਪਣੇ ਗਾਣਿਆਂ ਵਿੱਚ ਆਪਣੇ ਵਿਰਸੇ ਦੀ ਗੱਲ ਤਾਂ ਕੀ ਕਰਨੀ ਸੀ, ਸਗੋਂ ਆਪਣੇ ਗਾਣਿਆਂ ਵਿੱਚ ਵਿਦੇਸ਼ੀ ਧਰਤੀ ਉੱਤੇ ਅਸਲੇ, ਵੱਡੀਆਂ-ਵੱਡੀਆਂ ਕੋਠੀਆਂ, ਮਹਿੰਗੀਆਂ-ਮਹਿੰਗੀਆਂ ਕਾਰਾਂ ਆਦਿ ਜਿਹਾ ਕੁਝ ਦਿਖਾ ਕੇ ਸ਼ਾਇਦ ਇਹ ਸੁਨੇਹਾ ਦੇ ਰਹੇ ਹਨ ਕਿ ਵਿਦੇਸ਼ਾਂ ਵਿੱਚ ਉਨਾਂ (ਨੌਜਵਾਨਾਂ) ਦੀ ਜ਼ਿੰਦਗੀ ਬਹੁਤ ਵਧੀਆ ਹੈ। ਅਜਿਹਾ ਕੁਝ ਵੇਖ ਵੀ ਸਾਡੇ ਨੌਜਵਾਨਾਂ ਬਾਹਰ ਐਸ਼ੋ-ਆਰਾਮ ਦੀ ਜ਼ਿੰਦਗੀ ਦੇ ਸੁਪਨੇ ਵੇਖਦੇ ਹਨ।

ਮੈਂ ਸਮਝਦਾ ਹਾਂ ਕਿ ਸਾਡੇ ਨੌਜਵਾਨ ਇੰਨੇ ਮਿਹਨਤੀ ਹਨ ਕਿ ਜਿੰਨੀ ਮਿਹਨਤ ਨਾਲ ਉਹ ਵਿਦੇਸ਼ਾਂ ਵਿੱਚ ਕੰਮ ਕਰਦੇ ਹਨ, ਜੇਕਰ ਉਹ ਉਸੇ ਇਮਾਨਦਾਰੀ ਅਤੇ ਮਿਹਨਤ ਨਾਲ ਇੱਥੇ ਵੀ ਕੰਮ ਕਰਨ ਤਾਂ ਉਹ ਕੀ ਨਹੀਂ ਕਰ ਸਕਦੇ ? ਫਿਰ ਪਤਾ ਨਹੀਂ ਕਿ ਉਹ ਆਪਣੀ ਸ਼ਰਮ ਦੇ ਮਾਰੇ ਇੱਥੇ ਮਿਹਨਤ ਕਰਨ ਵਿੱਚ ਗੁਰੇਜ਼ ਕਰਦੇ ਹਨ ਅਤੇ ਵਿਦੇਸ਼ਾਂ ਵਿੱਚ ਜਾ ਕੇ ਵਿਦੇਸ਼ੀਆਂ ਦੇ ਫਾਰਮ ਹਾਊਸਾਂ, ਖੇਤਾਂ, ਪੈਟਰੋਲ ਪੰਪਾਂ ਆਦਿ ਵਿੱਚ ਉਹ ਸਾਰਾ ਕੰਮ ਕਰਦੇ ਹਨ, ਜਿਸਦਾ ਕਿ ਉਨਾਂ ਦੀ ਜ਼ਮੀਰ ਵੀ ਉਨਾਂ ਨੂੰ ਇਜ਼ਾਜਤ ਨਹੀਂ ਦਿੰਦੀ। ਅੱਜ ਦੇ ਸਮੇਂ ਵਿੱਚ ਵਿਦੇਸ਼ਾਂ ਵਿੱਚ ਸੈਟਲ ਹੋਣਾ 'ਖਾਲਾ ਜੀ ਦਾ ਵਾੜਾ'ਨਹੀਂ ਕਿਉਂਕਿ ਜਿਹੜੇ ਪੰਜਾਬੀ ਕਈ ਦਹਾਕੇ ਪਹਿਲਾਂ ਵਿਦੇਸ਼ਾਂ ਨੂੰ ਗਏ ਸਨ, ਉਹ ਵੀ ਹੁਣ ਕਿਤੇ ਜਾ ਕੇ ਸੈੱਟ ਹੋਏ ਹਨ ਜਾ ਹੋ ਰਹੇ ਹਨ ਅਤੇ ਅੱਜ ਦਾ ਦੌਰ ਤਾਂ ਇੰਨਾ ਮੁਕਾਬਲੇਬਾਜ਼ੀ ਦਾ ਹੈ ਕਿ ਦੋ ਨੰਬਰ (ਗ਼ੈਰ-ਕਾਨੂੰਨੀ ਢੰਗ) ਵਿੱਚ ਵਿਦੇਸ਼ਾਂ ਵਿੱਚ ਜਾ ਕੇ ਸੈਟਲ ਹੋਣਾ ਬਹੁਤ ਮੁਸ਼ਕਿਲ ਹੈ।

ਅਜਿਹੇ ਹੀ ਸਾਡੇ ਇੱਕ ਬਹੁਤ ਹੀ ਨਜ਼ਦੀਕੀ ਜਾਣਕਾਰ ਨਾਲ ਵਾਪਰਿਆ ਇੱਕ ਕਿੱਸਾ ਮੈਂ ਸਾਂਝਾ ਕਰਨ ਲੱਗਾ ਹਾਂ। ਕੁਝ ਕੁ ਮਹੀਨੇ ਪਹਿਲਾਂ ਇੱਕ ਏਜੰਟ ਨੇ ਕੁਝ ਨੌਜਵਾਨਾਂ ਨੂੰ ਵਿਦੇਸ਼ ਭੇਜਿਆ, ਜਿਸ ਵਿੱਚ ਸਾਡਾ ਜਾਣਕਾਰ ਵੀ ਸ਼ਾਮਲ ਸੀ। ਨੌਜਵਾਨਾਂ ਪੂਰੇ ਜੋਸ਼ ਨਾਲ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਨੂੰ ਅਲਵਿਦਾ ਕਹਿੰਦੇ ਹੋਏ ਵਿਦੇਸ਼ ਨੂੰ ਗਏ। ਵਿਦੇਸ਼ ਪਹੁੰਚਦਿਆਂ ਹੀ ਉਹਨਾਂ ਨੌਜਵਾਨਾਂ ਨੂੰ ਏਅਰਪੋਰਟ ਉੱਤੇ ਲੈਣ ਲਈ ਇੱਕ ਨੁਮਾਇੰਦਾ ਆਉਂਦਾ ਹੈ। ਸਾਰੇ ਹੀ ਨੌਜਵਾਨ ਏਅਰਪੋਰਟ ਉੱਤੇ ਸੈਲਫੀ ਲੈਂਦੇ ਹਨ ਅਤੇ ਆਪਣੇ-ਆਪਣੇ ਪਰਿਵਾਰਾਂ ਨੂੰ ਭੇਜਦੇ ਹਨ। ਇਸ ਸਮੇਂ ਦੌਰਾਨ ਉਹ ਆਪਣੇ ਨਾਲ ਵਾਪਰਣ ਵਾਲੇ ਘਟਨਾਕ੍ਰਮ ਤੋਂ ਅਣਜਾਣ ਹਨ। ਉਹ ਵਿਅਕਤੀ ਸਭ ਤੋਂ ਪਹਿਲਾਂ ਉਨਾਂ ਤੋਂ ਉਨਾਂ ਦੇ ਪਾਸਪੋਰਟਸ ਦੀ ਮੰਗ ਕਰਦਾ ਹੈ ਅਤੇ ਆਖਦਾ ਹੈ ਕਿ ਉਸਨੇ ਕੁਝ ਦਸਤਾਵੇਜ਼ਾਂ ਨੂੰ ਪੂਰਾ ਕਰਨਾ ਹੈ, ਜਿਸ ਲਈ ਉਨਾਂ ਦੇ ਪਾਸਪੋਰਟਸ ਦੀ ਉਸ ਨੂੰ ਲੋੜ ਹੈ। ਨੌਜਵਾਨਾਂ ਵਲੋਂ ਉਸ ਨੂੰ ਆਪਣੇ-ਆਪਣੇ ਪਾਸਪੋਰਟਸ ਸੌਂਪ ਦਿੱਤੇ ਜਾਂਦੇ ਹਨ। ਫਿਰ ਉਹ ਵਿਅਕਤੀ ਉਨਾਂ ਨੂੰ ਇੱਕ ਗੱਡੀ ਰਾਹੀਂ ਸਥਾਨਕ ਸ਼ਹਿਰ ਤੋਂ ਲਗਭਗ 60-70 ਕਿਲੋਮੀਟਰ ਦੂਰ ਜੰਗਲੀ ਜਿਹੇ ਏਰੀਏ ਵਿੱਚ ਬਣੇ ਫਾਰਮ ਹਾਊਸ ਵਿੱਚ ਲੈ ਕੇ ਜਾਂਦਾ ਹੈ, ਜਿੱਥੇ ਨੌਜਵਾਨਾਂ ਨੂੰ ਇੱਕ ਦਿਨ ਆਰਾਮ ਕਰਨ ਲਈ ਕਿਹਾ ਜਾਂਦਾ ਹੈ ਅਤੇ ਅਗਲੇ ਦਿਨ ਉਨਾਂ ਨੂੰ ਵੱਖੋ-ਵੱਖ ਕਰਕੇ ਉਹਨਾਂ ਦੇ ਕੰਮ ਕਰਨ ਬਾਰੇ ਦੱਸਿਆ ਜਾਂਦਾ ਹੈ। ਕੰਮ ਵੀ ਮਜ਼ਦੂਰੀ ਵਾਲਾ। ਜਦੋਂ ਕਿ ਵਿਦੇਸ਼ ਭੇਜਣ ਵਾਲੇ ਏਜੰਟ ਵੱਲੋਂ ਉਨਾਂ ਨੂੰ ਮਲਟੀਨੈਸ਼ਨਲ ਕੰਪਨੀ ਵਿੱਚ ਕੰਮ ਲਗਵਾਉਣ ਦਾ ਸੁਪਨਾ ਵਿਖਾ ਕੇ ਐਡਵਾਂਸ ਪੈਸੈ ਲੈ ਲਏ ਗਏ ਸਨ। ਨੌਜਵਾਨਾਂ ਨੂੰ ਉੱਥੇ ਫਾਰਮ ਹਾਊਸ ਵਿੱਚ 25-25 ਕਿਲੋ ਦੇ ਭਾਰੇ ਥੈਲੇ ਚੁੱਕਣ ਦਾ ਕੰਮ ਦਿੱਤਾ ਗਿਆ। ਖਾਣ-ਪੀਣ ਨੂੰ ਵੀ ਕੁਝ ਨਾ ਦਿੱਤਾ ਅਤੇ ਨਾ ਹੀ ਰਾਤ ਨੂੰ ਠਹਿਰਣ ਦਾ ਕੋਈ ਪੁਖ਼ਤਾ ਪ੍ਰਬੰਧ ਕੀਤਾ। ਨੌਜਵਾਨਾਂ ਨੂੰ ਇੰਜ ਕੈਦ ਕਰਕੇ ਰੱਖਿਆ ਗਿਆ, ਜਿਵੇਂ ਉਹ ਬੰਧੂਆ ਮਜ਼ਦੂਰ ਹੋਣ। ਕਿਸੇ ਨੂੰ ਵੀ ਏਰੀਏ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਸੀ। ਜਦੋਂ ਨੌਜਵਾਨਾਂ ਨੇ ਆਪਣੇ ਸੁਪਨਿਆਂ ਨੂੰ ਟੁੱਟਦਿਆਂ ਦੇਖਿਆ ਤਾਂ ਉੱਥੇ ਕੰਮ ਨਾ ਕਰਨ ਦਾ ਫੈਸਲਾ ਕਰਦੇ ਹੋਏ ਫਾਰਮ ਹਾਊਸ ਦੇ ਮਾਲਕਾਂ ਨੂੰ ਉਨਾਂ ਦੇ ਪਾਸਪੋਰਟਸ ਵਾਪਸ ਕਰਨ ਦੀ ਮੰਗ ਕੀਤੀ ਪਰ ਮਾਲਕਾਂ ਵੱਲੋਂ ਕਿਹਾ ਗਿਆ ਕਿ ਜੇਕਰ ਪਾਸਪੋਰਟ ਵਾਪਸ ਚਾਹੀਦਾ ਹੈ ਤਾਂ 1-1 ਲੱਖ ਰੁਪਏ ਉਨਾਂ ਕੋਲ ਜਮਾਂ ਕਰਵਾਓ ਤਾਂ ਉਹ ਤੁਹਾਨੂੰ ਵਾਪਸ ਤੁਹਾਡੇ ਦੇਸ਼ ਭੇਜਣਗੇ। ਸੋਚਣ ਵਾਲੀ ਗੱਲ ਹੈ ਕਿ ਜਿਹੜੇ ਨੌਜਵਾਨ ਰੋਜ਼ਗਾਰ ਦੀ ਤਲਾਸ਼ ਵਿੱਚ ਵਿਦੇਸ਼ ਗਏ ਸਨ, ਉਹ ਆਪਣੀ ਬੇਰੋਜ਼ਗਾਰੀ ਦੌਰਾਨ ਇੰਨੀ ਵੱਡੀ ਰਕਮ ਦਾ ਇੰਤਜ਼ਾਮ ਕਿੱਥੋਂ ਕਰਦੇ ? ਅਜਿਹੇ ਹਾਲਤ ਵਿੱਚ ਨੌਜਵਾਨਾਂ ਵੱਲੋਂ ਹਾਰ ਨਾ ਮੰਨਦੇ ਹੋਏ ਆਪਣੇ ਦੇਸ਼ ਪਰਤਣ ਦਾ ਫੈਸਲਾ ਕੀਤਾ ਅਤੇ ਕਈ ਕੋਸ਼ਿਸ਼ਾਂ ਤੋਂ ਬਾਅਦ ਉਹ ਵਿਚਾਰੇ ਕਿਸੇ ਤਰਾਂ ਜੁਗਾੜ ਕਰਕੇ ਵਾਪਸ ਆਪਣੇ ਦੇਸ਼ ਸੁੱਖੀਂ-ਸਾਂਦੀਂ ਪਹੁੰਚ ਗਏ ਅਤੇ ਹੁਣ ਭਵਿੱਖ ਵਿੱਚ ਵਿਦੇਸ਼ ਨਾ ਜਾਣ ਦੀ ਸਹੁੰ ਖਾਂਦੇ ਹਨ। ਇਹ ਤਾਂ ਖੁਸ਼ਕਿਸਮਤ ਹਨ, ਜੋ ਵਾਪਸ ਪਰਤ ਆਏ ਪਰ ਇਨਾਂ ਨੇ ਦੱਸਿਆ ਕਿ ਉਨਾਂ ਤੋਂ ਇਲਾਵਾ ਪਤਾ ਨਹੀਂ ਕਿੰਨੇ ਹੀ ਨੌਜਵਾਨ ਜੋ ਇਸ ਤਰਾਂ ਫਰਜ਼ੀ ਏਜੰਟਾਂ ਰਾਹੀਂ ਵਿਦੇਸ਼ਾਂ ਨੂੰ ਗਏ ਹਨ, ਜੋ ਅੱਜ ਉੱਥੋਂ ਦੇ ਏਅਰਪੋਰਟਾਂ/ਜੰਗਲਾਂ ਆਦਿ ਵਿੱਚ ਰੁਲ ਰਹੇ ਹਨ।

ਸਾਡੀਆਂ ਸਰਕਾਰਾਂ ਨੂੰ ਸਾਡੇ ਨੌਜਵਾਨਾਂ ਵਾਸਤੇ ਰੋਜ਼ਗਾਰ ਦੇ ਪ੍ਰਬੰਧ ਕਰਨੇ ਚਾਹੀਦੇ ਹਨ ਤਾਂ ਜੋ ਇਹ ਵਿਦੇਸ਼ਾਂ ਵਿੱਚ ਨਾ ਰੁਲਣ ਅਤੇ ਆਪਣੀ ਮਿਹਨਤ ਸਦਕਾ ਆਪਣੇ ਦੇਸ਼ ਦੀ ਤਰੱਕੀ ਵਿੱਚ ਭਾਗੀਦਾਰ ਬਣ ਸਕਣ।

**ਲਕਸ਼ਮਣ ਸਿੰਘ**

## ਫਤਿਹਗੜ ਸਾਹਿਬ ਨੂੰ ਖਾਲਸਾ ਰਾਜ ਦਾ ਕੇਂਦਰ ਮੰਨ ਕੇ ਚੱਲੀਏ

ਦਸਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦਾ ਸ਼ਹੀਦੀ-ਕਾਂਡ ਵਿਸ਼ਵ ਦੇ ਇਤਿਹਾਸ ਦਾ ਸਭ ਤੋਂ ਵੱਧ ਮਹੱਤਵਪੂਰਨ ਅਤੇ ਬੇਮਿਸਾਲ ਕਾਂਡ ਹੈ । ਇਹ ਹਕੂਮਤੀ ਜ਼ੁਲਮਾਂ ਦੀ ਇੰਤਹਾ ਤਾਂ ਹੈ ਹੀ ਬਲਕਿ ਇਹ ਸ਼ਹਾਦਤਾਂ , ਪੰਜਾਬ ਦੀ ਧਰਤੀ ਤੇ ਸ਼ੁਰੂ ਕੀਤੇ ਗਏ ਖਾਲਸਾ ਇਨਕਲਾਬ ਦਾ ਸਿਖਰ ਵੀ ਸਨ । ਇਸ ਮਹਾਨ ਸ਼ਹਾਦਤੀ ਕਾਂਡ ਤੋਂ ਮਹਿਜ ਪੰਜ-ਛੇ ਸਾਲਾਂ ਬਾਅਦ ਹੀ ਖਾਲਸੇ ਨੇ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਇਸੇ ਅਸਥਾਨ ਤੇ ਖਾਲਸਾ ਰਾਜ ਦੀ ਬੁਨਿਆਦ ਰੱਖ਼ ਦਿੱਤੀ ਸੀ । ਭਾਵ ਕਿ ਇਹ ਸ਼ਹਾਦਤਾਂ ਖਾਲਸਾ ਰਾਜ ਦੀ ਬੁਨਿਆਦ ਬਣ ਗਈਆਂ ਸਨ ।

ਇਸ ਲਈ ਜਦੋਂ ਵੀ ਇਸ ਸ਼ਹੀਦੀ ਸਪਤਾਹ ਨੂੰ ਮਨਾਇਆ ਜਾਵੇ ਤਾਂ ਚਾਰੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦਾ ਵਰਨਣ ਕਰਨ ਤੋਂ ਇਲਾਵਾ ਬੰਦਾ ਸਿੰਘ ਬਹਾਦਰ ਦਾ ਵੀ ਵੇਰਵਾ ਅਤੇ ਖਾਲਸਾ ਰਾਜ ਦੀ ਸਥਾਪਨਾ ਦਾ ਵੇਰਵਾ ਵੀ ਜ਼ਰੂਰ ਦਿੱਤਾ ਜਾਇਆ ਕਰੇ । ਪਰ ਇਸ ਵਾਰ ਵੀ ਅਤੇ ਪਹਿਲਾਂ ਵੀ ਬੰਦਾ ਸਿੰਘ ਬਹਾਦੁਰ ਦਾ ਵੇਰਵਾ ਕਿਸੇ ਤਤਰਾਂ ਵੀ ਦਿੱਤਾ ਨਹੀਂ ਗਿਆ । ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਬੰਦਾ ਸਿੰਘ ਬਹਾਦੁਰ ਦਾ ਆਪਸੀ ਸਬੰਧ ਨਹੁੰ - ਮਾਸ ਦੀ ਤਤਰਾਂ ਹੈ । ਇਸ ਨੂੰ ਨਿਖੇੜਿਆ ਨਹੀਂ ਜਾ ਸਕਦਾ । ਖਾਲਸੇ ਦੀ ਫਤਿਹ ਤੋਂ ਪਹਿਲਾਂ, ਸਰਹਿੰਦ ਇਸਲਾਮ ਦਾ ਵਿਸ਼ਵ ਕੇਂਦਰ ਬਣਿਆ ਹੋਇਆ ਸੀ । ਇਹ ਇਸਲਾਮੀ ਸ਼ਹਿਰ ਸੀ ਅਤੇ ਮੁਗਲ ਹਕੂਮਤ ਦਾ ਇੱਕ ਮਜ਼ਬੂਤ ਖੇਤਰੀ ਕੇਂਦਰ ਸੀ । ਬੰਦਾ ਸਿੰਘ ਬਹਾਦੁਰ ਨੇ ਇਸ ਦੀ ਪੂਰੀ ਬਰਬਾਦੀ ਕਰ ਦਿੱਤੀ ਸੀ । ਇਹ ਬਰਬਾਦੀ ਵੀ ਬੇਮਿਸਾਲ ਸੀ । ਇਸ ਸ਼ਹਿਰ ਨੂੰ ਥੇਹ ਬਣਾ ਕੇ ਇੱਥੇ ਖੋਤਿਆਂ ਨਾਲ ਹਲ ਵਾਹੇ ਗਏ ਸਨ । ਬੰਦਾ ਸਿੰਘ ਬਹਾਦੁਰ ਦਾ ਹੁਕਮ ਸੀ ਕਿ ਹਰ ਸਿੱਖ ਜਾਂਦਾ ਆਉਂਦਾ ਇੱਥੋਂ ਦੋ ਇੱਟਾਂ ਜ਼ਰੂਰ ਚੁੱਕੇ , ਉਨਾ ਨੂੰ ਪਹਿਲਾਂ ਖੜਕਾਵੇ ਅਤੇ ਫਿਰ ਦੂਰ ਦੇ ਕਿਸੇ ਨਦੀ ਨਾਲੇ ਵਿੱਚ ਜਾ ਸੁੱਟੇ । ਇਹ ਵਰਤਾਰਾ ਦਹਾਕਿਆ-ਬੱਧੀਂ ਸਦੀਆਂ-ਬੱਧੀਂ ਹੁੰਦਾ ਰਿਹਾ ਸੀ । ਬੰਦਾ ਸਿੰਘ ਬਹਾਦੁਰ ਨੇ ਇੱਥੇ ਖਾਲਸਾ ਰਾਜ ਦਾ ਪਹਿਲਾ ਦਰਬਾਰ ਲਗਾਉਣ ਤੋਂ ਪਹਿਲਾਂ ਉਹ ਥਾਂ ਲੱਭੀ, ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਿਆ ਗਿਆ ਸੀ । ਉਸ ਥਾਂ ਤੇ ਇੱਕ ਪੱਕਾ ਥੜਾ ਬਣਾ ਦਿੱਤਾ ਗਿਆ ਸੀ । ਭਾਵ ਕਿ ਖਾਲਸਾ ਰਾਜ ਦੀ ਬੁਨਿਆਦ ਰੱਖ ਦਿੱਤੀ ਗਈ ਸੀ । ਇਹੀ ਬੁਨਿਆਦ ਖਾਲਸਾ ਰਾਜ ਦੀ ਬੁਨਿਆਦ ਬਣ ਗਈ ਸੀ । ਇਹ ਮਈ 1710 ਦੇ ਸਾਲ ਦੀ ਗੱਲ ਹੈ । ਭਾਵ ਕਿ ਇਸ ਬੁਨਿਆਦ ਨੇ ਸਰਹਿੰਦ ਦਾ ਸਰੂਪ ਹੀ ਬਦਲ ਦਿੱਤਾ ਸੀ । ਸਰਹਿੰਦ, ਫਤਿਹਗੜ ਸਾਹਿਬ ਬਣ ਗਿਆ ਸੀ , ਸਰਹਿੰਦ ਇਸਲਾਮੀ ਕੇਂਦਰ ਸੀ ਪਰ ਫਤਿਹਗੜ ਸਾਹਿਬ ਖਾਲਸਾ ਰਾਜ ਦਾ ਕੇਂਦਰ (ਰਾਜਧਾਨੀ) ਬਣ ਗਿਆ ਸੀ । ਆਓ , ਖਾਲਸਾ ਜੀ , ਫਤਿਹਗੜ ਸਾਹਿਬ ਨੂੰ ਅੱਜ ਵੀ ਖਾਲਸਾ ਰਾਜ ਦਾ ਕੇਂਦਰ ਮੰਨ ਕੇ ਚੱਲੀਏ । ਫਤਿਹਗੜ ਸਾਹਿਬ ਸਾਡੇ ਲਈ ਰਾਹ-ਦਸੇਰਾ ਹੈ ।

**ਸੁਖਦਿਆਲ ਸਿੰਘ ਡਾਕਟਰ**

# ‘8ਵੇਂ ਛਣਕਾਟਾ ਵੰਗਾਂ’ ਦਾ ਪ੍ਰੋਗਰਾਮ ਨੇ ਸਿਰਜਿਆ ਨਵਾਂ ਸੰਗੀਤਕ ਇਤਿਹਾਸ



























**ਫਰੀਮਾਂਟ/ਏ.ਟੀ. ਨਿਊਜ਼ :** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਨਵੇਂ ਵਰੇ ਦੀ ਆਮਦ ’ਤੇ ਸ. ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ ਅਤੇ ਐੱਸ. ਅਸ਼ੋਕ ਭੌਰਾ ਹੁਰਾਂ ਦੀ ਸਰਪ੍ਰਸਤੀ ਹੇਠ ਰੰਗਾਰੰਗ ਸੰਗੀਤਕ ਪ੍ਰੋਗਰਾਮ ‘ਛਣਕਾਟਾ ਵੰਗਾਂ ਦਾ’ ਲੰਘੇ ਐਤਵਾਰ ਨੂੰ ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ ਵੱਡੀ ਗਿਣਤੀ ’ਚ ਹਾਜ਼ਰ ਪੰਜਾਬੀ ਪਰਿਵਾਰਾਂ ਦੇ ਭਰਵੇਂ ਮਨੋਰੰਜਨ ਨਾਲ ਪਿਛਲੇ ਸਾਲਾਂ ਨਾਲੋਂ ਵਧੇਰੇ ਹਰਮਨਪਿਆਰਾ ਅਤੇ ਪ੍ਰਵਾਨ ਹੋ ਕੇ ਚੜਿਆ। ਖਾਸ ਗੱਲ ਇਹ ਵੀ ਸੀ ਕਿ ਇਹ ਪ੍ਰੋਗਰਾਮ ਹਰ ਸਾਲ ਕਿਸੇ ਨਾਮੀ ਸੰਗੀਤਕ ਹਸਤੀ ਨੂੰ ਸਮਰਪਿਤ ਕੀਤਾ ਜਾਂਦਾ ਹੈ ਅਤੇ ਇਸ ਵਾਰ ਮਰਹੂਮ ਪਦਮਸ਼੍ਰੀ ਆਸਾ ਸਿੰਘ ਮਸਤਾਨਾ ਨੂੰ ਸਮਰਪਿਤ ਸੀ ਅਤੇ ਜਦੋਂ ਉਨਾਂ ਦੀ ਜੀਵਨੀ ’ਤੇ ਡਾਕੂਮੈਂਟਰੀ ਪੇਸ਼ ਕੀਤੀ ਗਈ ਤਾਂ ਹਾਜ਼ਰ ਹਰ ਪੰਜਾਬੀ ਭਾਵੁਕ ਹੋ ਗਿਆ। ਮਸਤਾਨਾਂ ਜੀ ਦੀ ਪੁੱਤਰੀ ਗੁਰਨਿਮਰਤ ਮਸਤਾਨਾ ਦੀ ਅੱਖ ਵਿਚ ਯਾਦ ਦੇ ਅੱਥਰੂ ਵੀ ਵਗੇ। ਉਂਝ ਸਵੇਰੇ 12 ਵਜੇ ਅਜੇ ਭੰਗੜਾ ਅਕੈਡਮੀ ਦੇ ਜਸਪਾਲ ਸਿੰਘ ਅਤੇ ਗੁਰਜਿੰਦਰ ਸਿੰਘ ਦੀ ਅਗਵਾਈ ਹੇਠ ਅਤੇ ਡਿੰਪਲ ਬੈਂਸ ਦੀ ਨਿਰਦੇਸ਼ਨਾ ਹੇਠ ‘ਪੰਜਾਬੀ ਧੜਕਣ ਅਕੈਡਮੀ’ ਵਲੋਂ ਪੇਸ਼ ਬੱਚਿਆਂ ਦੇ ਭੰਗੜੇ ਅਤੇ ਗਿੱਧੇ ਨਾਲ ਨਾ ਸਿਰਫ ਇਸ ਪ੍ਰੋਗਰਾਮ ਨੂੰ ਪਹਿਲਾ ਸੰਗੀਤਕ ਰੰਗ ਚੜਿਆ ਸਗੋਂ ਅਗਲੀ ਪੀੜੀ ਨੂੰ ਆਪਣੇ ਵਿਰਸੇ, ਮਾ ਬੋਲੀ ਅਤੇ ਸੱਭਿਅਚਾਰ ਨਾਲ ਜੋੜਨ ਦਾ ਸਫਲ ਉਪਰਾਲਾ ਵੀ ਮੰਨਿਆ ਗਿਆ। ਸੱਤੀ ਪਾਬਲਾ ਦੇ ਧਾਰਮਿਕ ਗੀਤ ‘ਪਰਿਵਾਰ ਵਿਛੋੜਾ’ ਨਾਲ ਅਤੇ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਦੀ ਧਾਰਮਿਕ ਗੀਤ ਨਾਲ ਕੋਰੀਓਗ੍ਰਾਫੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਉਤਸਵ ਅਤੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਇਕ ਤਰਾਂ ਸਜਦਾ ਕੀਤਾ ਗਿਆ। ਮੁਟਿਆਰਾਂ ਦੇ ਗਿੱਧੇ ਨੂੰ ਵੀ ਬਹੁਤ ਪਸੰਦ ਕੀਤਾ ਗਿਆ ਜਦੋਂਕਿ ਬਲਜਿੰਦਰ ਪੱਟੀ ਦੀ ‘ਭਾਈਆਂ ਭਾਈਆਂ ਵਿਚ ਹੋਇਆ ਬਟਵਾਰਾ, ਕੱਲੀ ਕੱਲੀ ਚੀਜ਼ ਵੰਡ ਲਈ’ ਰਿਸ਼ਤਿਆਂ ਦੀ ਸਮਾਜਿਕ ਟੁੱਟ ਭੱਜ ’ਤੇ ਪੇਸ਼ ਇਸ ਕਮਾਲ ਦੀ ਪੇਸ਼ਕਾਰੀ ਨੇ ਸਮਾਗਮ ਨੂੰ ਜਜ਼ਬਾਤੀ ਬਣਾ ਦਿੱਤਾ। ਗੁਰਦੇਵ ਢਿੱਲੋਂ ਉਰਫ ਭਜਨਾ ਅਮਲੀ ਨੇ ਕਰੀਬ ਅੱਧਾ ਘੰਟਾ ਆਪਣੇ ਹਾਸਰਸ ਰੰਗਾਂ ਨਾਲ ਸਾਰੇ ਦਾ ਸਾਰਾ ਮਹੌਲ ਹੀ ਹਾਸਿਆਂ ਵਿਚ ਰੰਗ ਦਿੱਤਾ। ਉਨਾਂ ਨਾਲ ਸੰਤੀ ਦਾ ਰੋਲ ਬੀਬੀ ਜਸਵਿੰਦਰ ਧਨੋਆ ਨੇ ਨਿਭਾਇਆ। ਅੰਮ੍ਰਿਤਾ ਵਿਰਕ ਨੇ ‘ਛੱਲਾ’ ਗੀਤ ਤੋਂ ਸ਼ੁਰੂ ਹੋ ਕੇ ‘ਮੈਨੂੰ ਮਾੜੀ ਕਹਿਣ ਲੱਗ ਪਿਆਂ’ ਆਦਿ ਕਰੀਬ ਇਕ ਦਰਜਨ ਗੀਤਾਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਪੰਜਾਬੀ ਦੇ ਨਾਮਵਰ ਸ਼ਾਇਰ ਅਤੇ ਗਾਇਕ ਦੇਬੀ ਮਖਸੂਸਪੁਰੀ ਦੇ ਤਾਂ ਕਿਆ ਕਹਿਣੇ। ਕਰੀਬ ਇਕ ਡੇਢ ਘੰਟਾ ਦੇਬੀ ਨੇ ਆਪਣੇ ਨਵੇਂ ਪੁਰਾਣੇ ਸਾਰੇ ਗੀਤਾਂ ਦੀਆਂ ਝਲਕਾਂ ਨਾਲ ਆਪਣੇ ਸਰੋਤਿਆਂ ਦੇ ਮਨਾਂ ’ਤੇ ਵਸੀ ਮੁਹੱਬਤ ਦੀ ਵਸੀ ਓਸ ਲਕੀਰ ਨੂੰ ਹੋਰ ਗੂੜਾ ਕਰ ਦਿੱਤਾ ਜਿਸ ਤਰਾਂ ਦੀ ਉਡੀਕ ਨਾਲ ਦਰਸ਼ਕ ਦੇਬੀ ਨੂੰ ਉਡੀਕ ਰਹੇ ਸਨ। ਲੱਗਦਾ ਸੀ ਕਿ ਦੇਬੀ ਨੇ ਉਸ ਤੋਂ ਵੱਧ ਮੁੱਲ ਤਾਰਿਆ ਹੈ। ਵੱਡੀਆਂ ਸਕਰੀਨਾਂ ਨਾਲ ਇਸ ਸਮਾਰੋਹ ਦੀ ਪੇਸ਼ਕਾਰੀ ਇਕ ਖਾਸ ਆਕਰਸ਼ਣ ਸੀ ਤੇ ਸਭ ਤੋਂ ਅਖੀਰ ’ਚ ਭਜਨਾ ਅਮਲੀ, ਦੇਬੀ ਮਖਸੂਸਪੁਰੀ, ਅੰਮ੍ਰਿਤਾ ਵਿਰਕ, ਸੱਤੀ ਪਾਬਲਾ ਨੇ ਰਲ ਕੇ ਪੇਸ਼ ਬੋਲੀਆਂ ਨਾਲ ਸੱਚੀਂ ਹੀ ਪੰਜਾਬ ਦੇ ਮੇਲਿਆਂ ਵਰਗਾ ਮਹੌਲ ਸਿਰਜਿਆ। ਮੇਲੇ ਦੇ ਮੁੱਖ ਪ੍ਰਬੰਧਕ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਉਨਾਂ ਨੂੰ ਮਾਣ ਹੈ ਕਿ ਮਾਹਿਲਪੁਰ ਦੇ ਸ਼ੌਂਕੀ ਮੇਲੇ ਤੋਂ ਬਾਅਦ ਅਮਰੀਕਾ ਦੀ ਧਰਤੀ ’ਤੇ ਹੋਣ ਵਾਲੇ ਇਸ ‘ਛਣਕਾਟਾ ਵੰਗਾਂ ਦਾ’ ਪ੍ਰੋਗਰਾਮ ਨੇ ਪੰਜਾਬੀਆਂ ਦੇ ਮਨਾਂ ’ਤੇ ਇਕ ਨਿਵੇਕਲੀ ਛਾਪ ਛੱਡੀ ਹੈ ਤੇ ਇਹ ਅਮਰੀਕਾ ’ਚ ਪੰਜਾਬੀ ਸੱਭਿਆਚਾਰ ਦਾ ਇਕ ਟਰੇਡ ਮਾਰਕ ਬਣ ਗਿਆ ਹੈ। ਉਨਾਂ ਸਾਰੇ ਸਹਿਯੋਗੀਆਂ ’ਤੇ ਸਪਾਂਸਰਾਂ ਦਾ ਧੰਨਵਾਦ ਵੀ ਕੀਤਾ। ਪ੍ਰੋਗਰਾਮ ਵਿਚ ਉਚੇਚੇ ਤੌਰ ’ਤੇ ਇਕਬਾਲ ਸਿੰਘ ਗਾਖਲ ’ਤੇ ਗਾਖਲ ਪਰਿਵਾਰ ਨਰਿੰਦਰ ਸਿੰਘ ਸਹੋਤਾ, ਜੁਗਰਾਜ ਸਿੰਘ ਸਹੋਤਾ, ਰੇਡੀਓ ਮਿਰਚੀ ਦੇ ਐੱਸ.ਪੀ. ਸਿੰਘ ਅਤੇ ਹੋਰ ਕੈਲੀਫੋਰਨੀਆਂ ਤੇ ਖਾਸ ਤੌਰ ’ਤੇ ਬੇਏਰੀਏ ਦੀਆਂ ਉੱਘੀਆਂ ਸਖਸ਼ੀਅਤਾਂ ਹਾਜ਼ਰ ਰਹੀਆਂ। ਪ੍ਰੋਗਰਾਮ ਦਾ ਸੰਚਾਲਨ ਸ਼ਕਤੀ ਮਾਣਕ ਨੇ ਕੀਤਾ।

ਜਿੱਥੇ ਇਸ ਪ੍ਰੋਗਰਾਮ ਵਿਚ ਦਾਖਲਾ ਮੁਫਤ ਸੀ ਉੱਥੇ ਠੰਡ ਵਿਚ ਆਏ ਦਰਸ਼ਕਾਂ ਦੀ ਰਾਜਾ ਸਵੀਟਸ ਵਲੋਂ ਚਾਹ ਪਾਣੀ ਨਾਲ ਸੇਵਾ ਵੀ ਕੀਤੀ ਜਾਂਦੀ ਰਹੀ।

# ਖਿਦਰਾਣੇ ਦੀ ਢਾਬ ਦੀ ਜੰਗ



-ਗੱਜਣਵਾਲਾ
ਸੁਖਮਿੰਦਰ ਸਿੰਘ

ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਮਾਛੀਵਾੜੇ ਤੋਂ ਪਿੰਡਾਂ ਵਿਚ ਦੀ ਵਿਸ਼ਰਾਮ ਕਰਦੇ ਹੋਏ ਦੀਨਾ ਕਾਂਗੜ ਪਹੁੰਚੇ। ਪੁਸਤਕ 'ਗੁਰੂ ਕੀਆਂ ਸਾਖੀਆਂ' ਦੇ ਰਚੇਤਾ ਸਰੂਪ ਸਿੰਘ ਕੌਸ਼ਿਸ਼ ਅਨੁਸਾਰ ਭਾਈ ਦੇਸਾ ਸਿੰਘ ਨੇ ਗੁਰੂ ਜੀ ਅੱਗੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਚੌਧਰੀ ਸ਼ਮੀਰ ਚੰਦ ਸੇ ਪਤਾ ਚਲਾ ਹੈ, ਸੂਬਾ ਸਰਹਿੰਦ ਆਪ ਜੀ ਕੋ ਪਕੜਨੇ ਕੇ ਲੀਏ ਦੀਨਾ ਨਗਰੀ ਪਰ ਚੜਾਈ ਕਰ ਕੇ ਆ ਰਹਾ ਹੈ। ਆਗੇ ਆਪ ਕੀ ਰਜਾਇ।" ਗੁਰੂ ਸਾਹਿਬ ਨੇ ਭਾਈ ਮਾਨ ਸਿੰਘ ਆਦਿ ਆਪਣੇ ਸੰਗੀ ਸਿੱਖਾਂ ਨਾਲ ਮਸ਼ਵਰਾ ਕੀਤਾ ਅਤੇ 26 ਪੋਹ ਨੂੰ ਦੀਨਾ ਨਗਰ ਤੋਂ ਅੱਗੇ ਚੱਲਣ ਦੀ ਤਿਆਰੀ ਕਰ ਲਈ। ਉਥੋਂ ਉਹ ਭਾਈ ਭਗਤਾ, ਵਾਂਦਰ, ਬਰਗਾੜੀ, ਬਹਿਬਲ ਤੇ ਸਰਾਵੀਂ ਆਦਿ ਪੜਾਅ ਕਰਦੇ ਹੋਏ ਕੋਟਕਪੂਰੇ ਆ ਪਹੁੰਚੇ। ਪਿੱਛੋਂ ਚੌਧਰੀ ਦਾ ਭੇਜਿਆ ਭਾਈ ਦੇਸਾ ਸਿੰਘ ਫਿਰ ਆਣ ਪਹੁੰਚਿਆ ਤੇ ਅਰਜ਼ ਕੀਤੀ, "ਗਰੀਬ ਨਿਵਾਜ਼! ਸੂਬਾ ਸਰਹਿੰਦ ਪਾਂਚ ਹਜ਼ਾਰ ਫੌਜ ਲੇਕਰ ਦਿਨ-ਰਾਤ ਏਕ ਕਰ ਆਪ ਕੇ ਪੀਛੇ ਆ ਰਹਾ ਹੈ।" ਗੁਰੂ ਸਾਹਿਬ ਨੇ ਪਰੋਹਤ ਦਇਆ ਸਿੰਘ ਵੱਲ ਵੇਖਿਆ ਤੇ ਬਚਨ ਕੀਤਾ, "ਤਿਆਰੀ ਕਰੀਏ, ਆਜ ਕੀ ਰਾਤ ਢਿਲਮ ਗਾਓਂ (ਢਿਲਵਾਂ) ਮੇਂ ਪਹੁੰਚ ਸੋਢੀ ਕੌਲ ਜੀ ਪਾਸ ਠਹਿਰੇਂਗੇ।"

ਭਾਈ ਸਰੂਪ ਸਿੰਘ ਕੌਸ਼ਿਸ਼ ਲਿਖਦਾ ਹੈ ਕਿ ਗੁਰੂ ਸਾਹਿਬ ਨਾਲ ਉਸ ਵੇਲੇ ਦਸ ਕੁ ਸਿੱਖ ਸਨ। ਇਹ ਸੋਢੀ ਕੌਲ ਪ੍ਰਿਥੀਚੰਦ ਦੀ ਸੰਤਾਨ 'ਚੋਂ ਗੁਰੂ ਸਾਹਿਬ ਦੇ ਤਾਇਆ ਲੱਗਦੇ ਸਨ। ਉਸ ਨੇ ਗੁਰੂ ਜੀ ਨੂੰ ਕਿਹਾ, "ਮਾਹਰਾਜ ਏਹ ਕੀ ਖੇਡ ਵਰਤਾਈ ਹੈ। ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦੇ, ਭਾਈ ਉਦੇ ਸਿੰਘ ਆਦਿ ਹਜ਼ਾਰਾਂ ਸਿੱਖ ਕਹਾਂ ਛੋਡ ਆਏ ਹੋ, ਕਯਾ ਭਾਣਾ ਵਰਤਾਇਆ ਹੈ।" ਸਤਿਗੁਰਾਂ ਦਾ ਬਚਨ, "ਅਸਾਂ ਅਕਾਲ ਕੀ ਰਜਾਇ ਕੋ ਮਾਨਾ ਹੈ। ਭਾਣਾ ਅਮਿਟ ਹੈ, ਕਾਈ ਮੇਟ ਨਹੀਂ ਸਕਤਾ। ਆਗੇ ਵੀ ਮਾਨੇਂਗੇ। ਹਮ ਨੇ ਅਪਨੇ ਮੁਰੀਦੋਂ ਕੀ ਅਰਜ਼ ਮਾਨ ਕਰ ਉੱਚ ਸ਼ਰੀਫ ਕੇ ਪੀਰ ਕਾ ਬਾਨਾ ਧਾਰਨ ਕੀਆ ਥਾ, ਵਰਨਾ ਐਸਾ ਕਰਨੇ ਕੀ ਕਾਈ ਜ਼ਰੂਰਤ ਨਾ ਥੀ।" ਉਥੇ ਸੋਢੀ ਕੌਲ ਨੇ ਆਪਣੇ ਕੋਲੋਂ ਸਫੈਦ ਕੱਪੜੇ ਦਿੱਤੇ ਤੇ ਗੁਰੂ ਸਾਹਿਬ ਨੇ ਪੀਰਾਂ ਵਾਲਾ ਨੀਲਾ ਬਾਣਾ ਉਤਾਰ ਕੇ ਸੋਢੀ ਕੌਲ ਵੱਲੋਂ ਦਿੱਤਾ ਬਾਣਾ ਧਾਰਨ ਕਰ ਲਿਆ। ਗੁਰੂ ਸਾਹਿਬ ਫਿਰ ਸੂਰਜ ਚੜਨ ਤੋਂ ਪਹਿਲਾਂ ਜੈਤੋ ਵਾਲੇ ਪਾਸੇ ਉੱਚੀ ਟਿੱਬੀ ਵੱਲ ਚੱਲ ਪਏ।

ਉਧਰ ਮਾਝੇ ਦੇ ਇਲਾਕੇ ਦੇ 41 ਸਿੰਘ ਪੁੱਛਦੇ ਪੁਛਾਉਂਦੇ ਗੁਰੂ ਸਾਹਿਬ ਨੂੰ ਆਣ ਮਿਲੇ, ਜਿਨਾਂ ਵਿਚ ਸਿਦਕਵਾਨ ਮਾਤਾ (ਭਾਗੋ) ਭਾਗ ਕੌਰ ਵੀ ਸੀ। ਉਨਾਂ ਗੁਰੂ ਸਾਹਿਬ ਅੱਗੇ ਫਰਿਆਦ ਰੱਖੀ, "ਮਹਾਰਾਜ! ਮਾਝੇ ਦੀਆਂ ਪੰਚਾਇਤਾਂ ਨੇ ਮਿਲ ਕੇ ਮਤਾ ਪਾਇਆ ਹੈ। ਅਸੀਂ ਉਸ ਸੰਦੇਸ਼ ਨੂੰ ਲੈ ਕੇ ਆਪ ਜੀ ਪਾਸ ਅਰਜ਼ ਹਿਤ ਆਏ ਹਾਂ। ਉਨਾਂ ਦਾ ਮੱਤ ਹੈ ਕਿ ਗੁਰੂ ਸਾਹਿਬ ਨੂੰ ਜਾ ਕੇ ਕਹੋ, ਅਸੀਂ ਮਾਝੇ ਵਾਲੇ ਆਪਣੇ ਵੱਡੇ ਰਸੂਖ ਵਾਲੇ ਬੰਦੇ ਪਾ ਕੇ ਦਿੱਲੀ ਸਰਕਾਰ ਨਾਲ ਆਪ ਦਾ ਸਮਝੌਤਾ ਕਰਵਾ ਦਿੰਦੇ ਹਾਂ, ਤਾਂ ਜੋ ਆਪ ਜ਼ਿੰਦਗੀ ਕਾ ਬਾਕੀ ਹਿੱਸਾ ਚੰਗੀ ਤਰਾਂ ਆਰਾਮ ਨਾਲ ਬਤੀਤ ਕਰ ਸਕੋ ਅਤੇ ਅਸੀਂ ਆਪ ਜੀ ਦੇ ਸੇਵਕ ਬਣੇ ਰਹੀਏ।"

'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਨੇ ਕਿਹਾ, "ਤੁਸੀਂ ਕੌਣ ਹੋ ਸਮਝੌਤਾ ਕਰਵਾਨੇ ਵਾਲੇ? ਪੰਚਮ ਗੁਰੂ ਜੀ ਸਮੇਂ ਤੁਹਾਡੇ ਵੱਡ ਵਡੇਰੇ ਕਹਾਂ ਚਲੇ ਗਏ ਥੇ? ਛੇਵੇਂ ਗੁਰੂ ਜੀ ਵੇਲੇ ਮਝੈਲ ਸਿੱਖ ਕਹਾਂ ਥੇ, ਜਦ ਉਨ ਕੋ ਬਾਦਸ਼ਾਹ ਜਹਾਂਗੀਰ ਨੇ ਗੜ ਗਵਾਲੀਅਰ ਮੇਂ ਕਈ ਬਰਸ ਬਾਂਧ (ਕੈਦ ਕਰ) ਰੱਖਾ ਥਾ? ਜਬ ਨਾਵੇਂ ਗੁਰੂ ਜੀ ਕੋ ਦਿੱਲੀ ਲੇ ਜਾਇ ਕੇ ਸ਼ਹੀਦ ਕੀਆ ਥਾ ਤਬ ਕਿਸੀ ਸਿੱਖ ਨੇ ਨਾਮ ਤੀਕ ਨਹੀਂ ਲੀਆ। ਆਨੰਦਪੁਰ ਕਈ ਮਾਸ (ਮਹੀਨੇ) ਘੇਰਾ ਪਡਾ (ਪਿਆ) ਰਹਾ ਤੁਸੀਂ ਨਹੀਂ ਆਏ।"



ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਭਾਗ ਸਿੰਘ ਝਬਾਲੀਏ ਨੇ ਆਖਿਆ, "ਗਰੀਬ ਨਿਵਾਜ਼! ਜੇ ਤੁਸੀਂ ਇਸੇ ਤਰਾਂ ਹੀ ਰਹਿਨਾ ਹੈ ਤਾਂ ਹਮਾਰੇ ਸੇ ਆਪ ਕੀ ਸਿੱਖੀ ਨਹੀਂ ਨਿਭ ਸਕਤੀ ਹਮ ਵਾਪਸ ਜਾਤੇ ਹੈਂ।" ਓਦੋਂ ਗੁਰੂ ਸਾਹਿਬ ਫਰਮਾਏ, "ਆਪ ਲਿਖ ਕੇ ਦੇ ਜਾਈਏ ਕਿ ਆਜ ਸੇ ਮਾਝਾ ਦੇਸ਼ ਗੁਰੂ ਕਾ ਸਿੱਖ ਨਹੀਂ ਰਹਾ।" ਗੁਰੂ ਸਾਹਿਬ ਨੇ ਆਪਣੇ ਲਿਖਾਰੀ ਮਾਨ ਸਿੰਘ ਨੂੰ ਕਿਹਾ, "ਖੁਰਜੀ ਮੇਂ ਸੇ ਕਾਗਜ਼ ਕਲਮ ਦਵਾਤ ਨਿਕਾਲੇਂ।" ਮਾਨ ਸਿੰਘ ਨੇ ਇਸੇ ਤਰਾਂ ਕੀਤਾ ਅਤੇ ਭਾਗ ਸਿੰਘ ਝਬਾਲੀਆ ਸਮੇਤ ਹੋਰ ਸਿੰਘਾਂ ਨੇ ਉਸ ਉੱਤੇ ਦਸਤਖਤ ਕਰ ਦਿੱਤੇ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਉਨਾਂ ਬੇਦਾਵਾ ਲਿਖ ਦਿੱਤਾ ਤੇ ਗੁਰੂ ਸਾਹਿਬ ਨੇ ਲਿਖਵਾ ਕੇ ਜੇਬ ਵਿਚ ਪਾ ਲਿਆ। ਉਸੇ ਵੇਲੇ ਪਿਛੋਂ ਇਕ ਸੂਹੀਆ ਸਿੱਖ ਆਇਆ ਤੇ ਕਿਹਾ, "ਮਾਹਰਾਜ! ਤੁਰਕ ਫੌਜ ਬਹੁਤ ਨਜ਼ਦੀਕ ਆ ਢੁਕੀ ਹੈ।" ਸੁਣ ਕੇ ਗੁਰੂ ਸਾਹਿਬ ਨੇ ਉਨਾਂ ਸਾਰੇ ਮਝੈਲ ਸਿੱਖਾਂ ਨੂੰ ਉਥੇ ਛੱਡ ਦਿੱਤਾ ਤੇ ਆਪ ਆਪਣੇ ਸਿੰਘਾਂ ਸਮੇਤ ਅਰਾਕੀਆਂ 'ਤੇ ਸਵਾਰ ਹੋ ਕੇ ਅੱਗੇ ਚਲੇ ਗਏ। ਉਨਾਂ ਖਿਦਰਾਣੇ ਦੀ ਢਾਬ ਦੇ ਪਾਣੀ ਨੂੰ ਧਿਆਨ 'ਚ ਰੱਖਦਿਆਂ ਆਪਣਾ ਟਿਕਾਣਾ ਉੱਚੀ ਟਿੱਬੀ ਕੋਲ ਪੱਛਮ ਵਾਲੇ ਪਾਸੇ ਕਰ ਲਿਆ।

ਗੁਰੂ ਜੀ ਮਝੈਲਾਂ ਨੂੰ ਛੱਡ ਕੇ ਜਦ ਚਲੇ ਗਏ ਤਾਂ ਬਾਅਦ ਵਿਚ ਮਾਤਾ ਭਾਗ ਕੌਰ (ਜੋ ਭਾਗ ਸਿੰਘ ਝਬਾਲੀਆ ਦੀ ਭੈਣ ਸੀ ਤੇ ਨਿਧਾਨ ਸਿੰਘ ਵੜੈਚ ਦੀ ਪਤਨੀ ਸੀ) ਨੇ ਸੱਭ ਮਝੈਲਾਂ ਨੂੰ ਕਿਹਾ, "ਪਹਿਲਾਂ ਦੁਨੀਚੰਦ ਨਾਲ ਕੁਝ ਮਝੈਲ ਰੱਸਾ ਬੰਨ ਕੇ ਆਨੰਦਪੁਰ ਕਿਲੇ ਦੀ ਕੰਧ ਟੱਪ ਕੇ ਭੱਜ ਆਏ ਸਨ, ਜਿਸ ਗੱਲ ਦਾ ਸਾਡੇ ਮਝੈਲਾਂ ਦੇ ਮੱਥੇ 'ਤੇ ਲੱਗਿਆ ਹੋਇਆ ਕਲੰਕ ਹਾਲੇ ਤਕ ਨਹੀਂ ਲੱਥਾ। ਹੁਣ ਤਾਂ ਅਸੀਂ ਗੁਰੂ ਸਾਹਿਬ ਦੇ ਸਨਮੁੱਖ ਹੱਥੀਂ (ਬੇਦਾਵਾ) ਲਿਖ ਕੇ ਦੇ ਦਿੱਤਾ ਹੈ। ਕਿਹੜਾ ਮੂੰਹ ਲੈ ਕੇ ਹੁਣ ਵਾਪਸ ਮਾਝੇ ਵਿਚ ਜਾਵਾਂਗੇ। ਲੋਕ ਲਾਹਨਤਾਂ ਪਾਉਣਗੇ, ਫਿਰ ਕਿਹੜਾ ਮੁੱਖ ਲੈ ਕੇ ਘਰੋਂ ਬਾਹਰ ਆਉਂਗੇ? ਹੰਭਲਾ ਮਾਰੋ। ਗੁਰੂ ਬਖਸ਼ਨ ਯੋਗ ਹੈ। ਸਾਨੂੰ ਬਖਸ਼ ਦੇਣਗੇ। ਚਲੋ ਤਿਆਰੀ ਕਰੀਏ।" ਮਾਤਾ ਭਾਗ ਕੌਰ ਨੇ ਉਸੇ ਵੇਲੇ ਖਲੋ ਕੇ ਪੱਲੂ ਫੇਰਿਆ ਹੀ ਸੀ ਕਿ ਬੇਦਾਵਾ ਦੇਣ ਵਾਲੇ ਭਾਗ ਸਿੰਘ ਵਗੈਰਾ ਤੇ ਹੋਰ ਸੱਭ ਮਝੈਲਾਂ ਨੇ ਕਮਰਕੱਸੇ ਕਰ ਲਏ ਤੇ ਗੁਰੂ ਸਾਹਿਬ ਦੇ ਪਿੱਛੇ ਜਾਣ ਦੀ ਤਿਆਰੀ ਖਿੱਚ ਲਈ। ਰਮਾਂ-ਰਮੀ ਚੱਲਦੇ ਹੋਏ ਉਹ ਖਿਦਰਾਣੇ ਦੀ ਢਾਬ ਕੋਲ ਆ ਪਹੁੰਚੇ। ਸਾਰੇ ਢਾਬ ਦੇ ਪੂਰਬ ਵਾਲੇ ਪਾਸੇ ਡਟ ਗਏ, ਜਿਸ ਪਾਸਿਓਂ ਤੁਰਕ ਫੌਜ ਵਧਦੀ ਆ ਰਹੀ ਸੀ। ਗੁਰੂ ਸਾਹਿਬ ਪੱਛਮ ਵੱਲ ਇਕ ਉੱਚੀ ਟਿੱਬੀ 'ਤੇ ਠਹਿਰੇ ਹੋਏ ਸਨ। ਭਾਈ ਰਾਇ ਸਿੰਘ (ਜੋ ਮਹਾਂ ਸਿੰਘ ਦਾ ਪਿਤਾ ਸੀ) ਨੇ ਲਕੀਰ ਖਿੱਚੀ ਤੇ ਨਾਲਦਿਆਂ ਨੂੰ ਵੰਗਾਰਿਆ, "ਜੋ ਗੁਰੂ ਤੋਂ ਕੁਰਬਾਨ ਹੋਣ ਨੂੰ ਤਿਆਰ ਹਨ ਲਕੀਰ ਟੱਪ ਆਉਣ।" ਸਾਰੇ ਹੀ ਲਕੀਰ ਟੱਪ ਆਏ ਤੇ ਉਨਾਂ ਢਾਬ ਦੀ ਹੇਠਲੀ ਢਲਾਣ ਮੱਲ ਲਈ। ਉਨਾਂ ਆਪਣੇ ਵਸਤਰ ਆਦਿ ਪਹਿਣ ਕੇ ਛਾਉਣੀ ਵਾਲਾ ਮੰਜ਼ਰ ਬਣਾ ਦਿੱਤਾ। ਵੱਡੀ ਗਿਣਤੀ ਦਰਸਾਉਣ ਲਈ ਝਾੜੀਆਂ 'ਤੇ ਚਾਦਰਾਂ ਪਾ ਦਿੱਤੀਆਂ। ਢਕੇ ਹੋਏ ਦਰੱਖ਼ਤ, ਤੰਬੂ ਲੱਗਣ ਲੱਗੇ। ਉਨਾਂ ਦ੍ਰਿੜ ਕਰ ਲਿਆ ਕਿ ਤੁਰਕਾਂ ਨੂੰ ਗੁਰੂ ਤਕ ਜਾਣ ਨਹੀਂ ਦਿੱਤਾ ਜਾਵੇਗਾ।

ਫਿਰ ਜਦ ਤੁਰਕ ਸੈਨਿਕ, ਖਿਦਰਾਣੇ ਦੀ ਢਾਬ ਨੇੜੇ ਆ ਗਏ ਤਾਂ ਗੋਲੀਆਂ ਵਰਣ ਲੱਗੀਆਂ। ਰੌਲਾ ਮਚ ਗਿਆ। ਤੁਰਕ ਹੱਲਾ ਕਰ ਕੇ ਸਿੰਘਾਂ 'ਤੇ ਟੁੱਟ ਪਏ। ਵੱਡਾ ਘਮਸਾਨ ਦਾ ਯੁੱਧ ਛਿੜ ਪਿਆ। ਤੁਰਕ ਹੋਰ ਅੱਗੇ ਵਧੇ ਤੇ ਉੱਚੀ ਆਵਾਜ਼ ਵਿਚ ਕੂਕੇ, "ਮਾਰ ਲਵੋ ਥੋੜੇ ਹੀ ਹਨ।" ਕ੍ਰੋਧ 'ਚ ਆ ਕੇ ਸਿੰਘ ਬਾਹਰ ਨਿਕਲ ਆਏ। ਉਨਾਂ ਸ਼ਸਤਰ ਸੂਤ ਲਏ, ਖੰਡੇ ਕੱਢ ਲਏ। ਹੱਥੋ-ਹੱਥ ਤਲਵਾਰਾਂ ਦੀ ਜੰਗ ਮਚ ਪਈ। ਸਿੰਘ ਜੂਝਦੇ ਹੋਏ ਸ਼ਹੀਦ ਹੁੰਦੇ ਗਏ। ਤੁਰਕਾਂ ਦੇ ਵੀ ਸੱਥਰ ਵਿਛਦੇ ਗਏ। ਬੰਦੂਕਾਂ ਦੀ ਕੜਕੜਾਹਟ ਸੁਣੀ ਤਾਂ ਗੁਰੂ ਸਾਹਿਬ ਨੇ ਪਤਾ ਕਰਨ ਲਈ ਇਕ ਅਸਵਾਰ ਭੇਜਿਆ। ਉਸ ਨੇ ਜਾ ਕੇ ਦੱਸਿਆ ਕਿ ਤੁਰਕਾਂ ਨੂੰ ਮਾਝੇ ਵਾਲੇ ਸਿੰਘਾਂ ਨੇ ਰੋਕ ਰੱਖਿਆ ਹੈ; ਮਝੈਲਾਂ ਦਾ ਤੁਰਕਾਂ ਨਾਲ ਬੜਾ ਜ਼ੋਰਦਾਰ ਮੁਕਾਬਲਾ ਚੱਲ ਰਿਹਾ ਹੈ। ਤਦ ਗੁਰੂ ਸਾਹਿਬ ਨੇ ਤੀਰ ਵਰਾਉਣੇ ਸ਼ੁਰੂ ਕਰ ਦਿੱਤੇ। ਮਾਝੇ ਦੇ ਸਿੰਘਾਂ ਨੇ ਤੁਰਕਾਂ ਨੂੰ ਅੱਗੇ ਗੁਰੂ ਵੱਲ ਵਧਣ ਨਾ ਦਿੱਤਾ। ਉਹ ਢਾਬ ਨੇੜੇ ਨਾ ਜਾ ਸਕੇ। ਸੂਬੇਦਾਰ ਵਜ਼ੀਦ ਖਾਂ ਨੇ ਆਪਣੇ ਸੈਨਿਕਾਂ ਦਾ ਬੁਰਾ ਹਾਲ ਹੋਇਆ ਵੇਖ ਕੇ ਕਪੂਰੇ ਜੱਟ ਨੂੰ ਕਿਹਾ, "ਪਾਣੀ ਦੀ ਦੱਸ ਪਾ। ਫ਼ੌਜ ਤਿਹਾਈ ਮਰ ਰਹੀ ਹੈ।" ਉਸ ਆਖਿਆ, "ਤੀਹ ਕੋਹ ਤਕ ਅੱਗੇ ਕਿਧਰੇ ਪਾਣੀ ਨਹੀਂ ਹੈ। ਪਿੱਛੇ ਹਟ ਜਾਓ, ਪਾਣੀ ਮਿਲ ਜਾਏਗਾ।" ਵਜ਼ੀਦ ਖਾਂ ਆਖਿਆ ਜੋ ਮੋਮਿਨ (ਮੁਸਲਮਾਨ) ਸ਼ਹੀਦ ਹੋ ਗਏ ਹਨ, ਇਨਾਂ ਨੂੰ ਦਫਨਾ ਚੱਲੀਏ।" ਕਪੂਰੇ ਕਿਹਾ, "ਛੇਤੀ ਕਰੋ ਨਿਕਲ ਚੱਲੋ, ਨਹੀਂ ਤਾਂ ਇਹ ਧਰਤੀ ਕਰਬਲਾ ਰੂਪ ਹੋ ਉਦਾਸ ਮੰਜ਼ਰ ਧਾਰ ਜਾਏਗੀ।" ਕਰਬਲੇ ਦੀ ਯਾਦ ਸੁਣ ਵਜ਼ੀਦ ਖਾਂ ਹਿੱਲ ਗਿਆ ਤੇ ਸੈਨਾ ਸਮੇਤ ਪਿੱਛੇ ਮੁੜ ਗਿਆ।

ਸੂਰਜ ਅਸਤ ਹੋ ਚੁੱਕਿਆ ਸੀ। ਗੁਰੂ ਸਾਹਿਬ ਉੱਤਰ ਕੇ ਮਾਨ ਸਿੰਘ ਆਦਿ ਸਿੱਖਾਂ ਦੇ ਨਾਲ ਢਾਬ 'ਤੇ ਆ ਗਏ। ਬਚਨ ਹੋਇਆ, "ਭਾਈ ਮਾਨ ਸਿੰਘ! ਸ਼ਹੀਦ ਹੂਏ ਸਿੰਘ ਕੀ ਲਾਸ਼ ਉਠਾਇ ਲਾਓ।" ਸਭ ਤੋਂ ਅੱਗੇ ਜੋ ਸ਼ਹੀਦ ਹੋਇਆ ਪਿਆ ਸੀ, ਗੁਰੂ ਸਾਹਿਬ ਨੇ ਆਪਣੇ ਰੁਮਾਲ ਨਾਲ ਬੜੇ ਪਿਆਰ ਨਾਲ ਉਸ ਦਾ ਮੁੱਖ ਸਾਫ ਕੀਤਾ। ਏਸੇ ਤਰਾਂ ਬਾਕੀ ਦੇ ਸਾਰੇ ਸ਼ਹੀਦ ਸਿੱਖਾਂ ਨੂੰ ਚੁੱਕ ਕੇ ਲਿਆਂਦਾ ਗਿਆ। ਉਸ ਵੇਲੇ ਗੁਰੂ ਸਾਹਿਬ ਨੇ ਮੁਖਾਰਬਿੰਦ ਤੋਂ ਜਿਨਾਂ ਬਚਨਾਂ ਨਾਲ ਸ਼ਹੀਦਾਂ ਨੂੰ ਨਿਵਾਜਿਆ, "ਇਹ ਮੇਰਾ ਸਿੱਖ ਸਵਾ ਲੱਖੀ ਹੈ। ਇਹ ਮੇਰਾ ਦਸ ਹਜ਼ਾਰੀ। ਇਹ ਮੇਰਾ ਪੰਜ ਹਜ਼ਾਰੀ। ਇਹ ਮੇਰਾ ਬੀਸ ਹਜ਼ਾਰੀ ਹੈ।" ਮਾਝੇ ਵਾਲਿਆਂ ਲਈ ਉਹ ਸ਼ਬਦ 'ਇਤਿਹਾਸੀ ਹਰਫ਼' ਹੋ ਗਏ।

ਗੁਰੂ ਸਾਹਿਬ ਨੇ ਵਾਰ ਵਾਰ ਸ਼ਹੀਦਾਂ ਦੇ ਹੱਥਾਂ ਨੂੰ ਆਪਣੇ ਮੱਥੇ ਨਾਲ ਛੂਹਾਇਆ, ਉਨਾਂ ਨੂੰ ਗੋਦ ਵਿਚ ਲਿਆ। ਉਨਾਂ ਦਾ ਮੱਥਾ ਚੁੰਮਿਆ। ਤਵਾਰੀਖ ਦੇ ਪੱਤਰੇ ਦੱਸਦੇ ਹਨ ਕਿ ਉਸ ਵੇਲੇ ਧਰਤੀ ਨੇ ਪਹਿਲੀ ਵਾਰ ਹਜ਼ੂਰ ਦੀਆਂ ਅੱਖਾਂ ਵਿਚ ਏਨੇ ਅੱਥਰੂ ਵੇਖੇ। ਸਭ ਸ਼ਹੀਦ ਹਜ਼ੂਰ ਦੇ ਰਹਿਮ ਦੀ ਛੋਹ ਵਿਚ ਮੁੰਤਜ਼ਿਰ ਸਨ। ਚਾਲੀਆਂ 'ਚੋਂ ਇਕ ਮਹਾਂ ਸਿੰਘ ਦੇ ਸਾਹ ਵਗਦੇ ਸਨ। ਮਨ-ਮਸਤਕ ਤੋਂ ਉਸ ਨੂੰ ਪੂਰ-ਯਕੀਨ ਸੀ ਕਿ ਹਜ਼ੂਰ ਜ਼ਰੂਰ ਆਉਣਗੇ। ਉਸ ਅੱਖਾਂ ਖੋਲੀਆਂ। ਗੁਰੂ ਜੀ ਨੇ ਉਸ ਨੂੰ ਗੋਦ ਵਿਚ ਲੈ ਲਿਆ। ਗੁਰੂ ਦੀ ਅਸੀਮ ਰਹਿਮਤ ਹੋਈ "ਮਹਾਂ ਸਿੰਘ! ਕੁਝ ਮੰਗ ਲਵੋ, ਅੱਜ ਜੋ ਵੀ ਮੰਗੋਗੇ, ਮਿਲੇਗਾ।" ਸ਼ੁਕਰ ਵਜੋਂ ਮਹਾਂ ਸਿੰਘ ਦੇ ਮੁੱਖੋਂ ਮਾਸੂਮ ਅਲਫਾਜ਼ ਨਿਕਲੇ, "ਹਜ਼ੂਰ ਬੇਦਾਵਾ ਪਾੜ ਦਿਓ।" ਸਤਿਗੁਰਾਂ ਫਿਰ ਕਿਹਾ, "ਕੁਝ ਹੋਰ ਮੰਗ ਲਵੋ।" ਫਿਰ ਓਹੀ ਜਵਾਬ ਆਇਆ, "ਹਜ਼ੂਰ-ਬੇਦਾਵਾ ਪਾੜ ਦਿਓ।" ਗੁਰੂ ਸਾਹਿਬ ਨੇ ਬੇਦਾਵਾ ਸਾਂਭ ਕੇ ਰੱਖਿਆ ਸੀ। ਉਹ ਤਾਂ ਖੁਦ ਇੰਤਜ਼ਾਰ ਵਿਚ ਸਨ। ਉਨਾਂ ਜੇਬ 'ਚੋਂ ਬੇਦਾਵਾ ਕੱਢਿਆ ਤੇ ਟੁਕੜੇ ਟੁਕੜੇ ਕਰ ਕੇ ਹਵਾ 'ਚ ਉੜਾ ਦਿੱਤਾ। ਮਹਾਂ ਸਿੰਘ ਨੇ ਸ਼ੁਕਰ ਲਈ ਹੱਥ ਉਪਰ ਉਠਾਏ ਤੇ ਸਦਾ ਲਈ ਗੁਰੂ ਦੀ ਗੋਦ ਵਿਚ ਸੌਂ ਗਿਆ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਸ਼ਹੀਦਾਂ ਨੂੰ ਚਾਲੀ ਮੁਕਤਿਆਂ ਦੀ ਸੰਗਿਆ ਦਿੰਦਿਆਂ, ਉਸੇ ਵੇਲੇ ਖਿਦਰਾਣੇ ਵਾਲੇ ਸਥਾਨ ਨੂੰ 'ਮੁਕਤਸਰ' ਨਾਂ ਬਖਸ਼ਦਿਆਂ ਕਿਹਾ, "ਅਬਿ ਤੇ ਨਾਮ ਮੁਕਤਿਸਰ ਹੋਇ। ਖਿਦਰਾਣਾ ਇਸ ਕਹੈ ਨਾ ਕੋਇ।"

ਸੰਪਰਕ: 99151-06449

# ਧਰਮ ਨਿਰਪੱਖਤਾ ਨੂੰ ਖੋਰਾ ਲਾਉਣ ਦੀ ਤਿਆਰੀ

-ਗੋਬਿੰਦਰ ਸਿੰਘ ਬਰੜਵਾਲ



ਰਾਸ਼ਟਰ ਦਾ ਆਧਾਰ ਧਰਮ ਹੈ, ਇਹ ਤੱਥ ਸਭ ਤੋਂ ਪਹਿਲਾਂ ਸਾਵਰਕਰ ਅਤੇ ਉਸਤੋਂ ਬਾਅਦ ਜਿੰਨਾ ਨੇ ਰੱਖਿਆ ਸੀ। ਭਾਰਤ ਇੱਕ ਧਰਮ ਨਿਰਪੱਖ ਲੋਕਤੰਤਰ ਹੈ ਜਿਸਦੀ ਗਵਾਹੀ ਭਾਰਤੀ ਸੰਵਿਧਾਨ ਭਰਦਾ ਹੈ। ਇਹ ਸਾਡੇ ਮੁਲਕ ਦਾ ਦੁਖਾਂਤ ਹੈ ਕਿ ਨੱਥੂਰਾਮ ਗੌਡਸੇ ਨੇ ਮਹਾਤਮਾ ਗਾਂਧੀ ਦੇ ਪੈਰੀ ਹੱਥ ਲਾਏ ਅਤੇ ਗੋਲੀ ਮਾਰ ਦਿੱਤੀ, ਇਹੋ ਭਾਜਪਾ ਸਰਕਾਰ ਦੁਹਰਾ ਰਹੀ ਹੈ ਕਿ ਸੰਵਿਧਾਨ ਨੂੰ ਮੱਥਾ ਟੇਕ ਉਸ ਦੀਆਂ ਹੀ ਧੱਜੀਆਂ ਉਡਾਈਆ ਜਾ ਰਹੀਆਂ ਹਨ।

ਭਾਰਤੀ ਸੰਵਿਧਾਨ ਦੇ ਭਾਗ 2 ਦੇ ਅਨੁਛੇਦ ਪੰਜ ਤੋਂ ਗਿਆਰਾਂ ਨਾਗਰਿਕਤਾ ਸੰਬੰਧੀ ਹਨ। ਨਾਗਰਿਕਤਾ ਕਾਨੂੰਨ,1955 ਸੰਵਿਧਾਨ ਲਾਗੂ ਹੋਣ ਤੋਂ ਬਾਅਦ ਭਾਰਤੀ ਨਾਗਰਿਕਤਾ ਹਾਸਿਲ ਕਰਨਾ, ਨਾਗਰਿਕਤਾ ਮਿਲਣਾ ਤੈਅ ਕਰਨਾ ਅਤੇ ਖ਼ਾਰਿਜ ਕਰਨ ਦੇ ਸੰਬੰਧ ਵਿੱਚ ਇੱਕ ਕਾਨੂੰਨ ਹੈ। ਨਾਗਰਿਕਤਾ ਸੰਬੰਧੀ ਸਮੇਂ ਸਮੇਂ ਤੇ ਕਾਨੂੰਨ ਬਣਾਉਣ ਅਤੇ ਬਦਲਣ ਦਾ ਅਧਿਕਾਰ ਸੰਵਿਧਾਨ ਦੁਆਰਾ ਭਾਰਤੀ ਸੰਸਦ ਨੂੰ ਦਿੱਤਾ ਗਿਆ ਹੈ। ਇਸ ਕਾਨੂੰਨ ਨੂੰ ਸਾਲ 2019 ਤੋਂ ਪਹਿਲਾਂ 1986, 1992, 2003, 2005 ਅਤੇ 2015 ਵਿੱਚ ਪੰਜ ਵਾਰ ਸੋਧਿਆ ਜਾ ਚੁੱਕਾ ਹੈ।

ਭਾਰਤੀ ਨਾਗਰਿਕਤਾ ਐਕਟ, 1955 ਦੇ ਅਨੁਸਾਰ ਜਨਮ, ਵਿਰਾਸਤ, ਪੂੰਜੀਕਰਨ ਅਤੇ ਪੂਰਨ ਰੂਪ ਵਿੱਚ ਨਿਵਾਸ ਦੁਆਰਾ ਨਾਗਰਿਕਤਾ ਪ੍ਰਾਪਤ ਹੁੰਦੀ ਹੈ ਜਿਵੇਂ ਕਿ ਜੋ ਜਨਮ ਤੋਂ ਹੀ ਭਾਰਤ ਵਿੱਚ ਰਹਿ ਰਿਹਾ ਹੋਵੇ ਆਦਿ।

ਨਾਗਰਿਕਤਾ (ਸੋਧ) ਐਕਟ, 2019 ਨੂੰ ਭਾਰਤ ਦੀ ਸੰਸਦ ਨੇ 11 ਦਸੰਬਰ 20 19 ਨੂੰ ਪਾਸ ਕੀਤਾ। ਨਵੀਂ ਸੋਧ ਤੋਂ ਬਾਅਦ ਇਸ ਕਾਨੂੰਨ ਵਿੱਚ ਬੰਗਲਾਦੇਸ਼, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਿੰਦੂ, ਬੋਧੀ, ਜੈਨ, ਪਾਰਸੀ, ਇਸਾਈ ਅਤੇ ਸਿੱਖ ਛੇ ਘੱਟਗਿਣਤੀ ਭਾਈਚਾਰੇ ਨਾਲ ਸੰਬੰਧਤ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਦੀ ਤਜਵੀਜ਼ ਕੀਤੀ ਗਈ ਹੈ ਅਤੇ ਮੁਸਲਮਾਨਾਂ ਨੂੰ ਅਜਿਹੀ ਯੋਗਤਾ ਨਹੀਂ ਦਿੱਤੀ ਗਈ ।ਧਰਮ ਨਿਰਪੱਖਤਾ ਦੀ ਗੱਲ ਕਰਨ ਵਾਲੇ ਲੋਕਤੰਤਰ ਵਿੱਚ ਧਰਮ ਨੂੰ ਭਾਰਤੀ ਕਾਨੂੰਨ ਦੇ ਤਹਿਤ ਨਾਗਰਿਕਤਾ ਦੇ ਮਾਪਦੰਡ ਵਜੋਂ ਵਰਤਿਆ ਜਾਣਾ, ਭਾਰਤੀ ਲੋਕਤੰਤਰ ਦੀ ਆਤਮਾ ਤੇ ਹਮਲਾ ਹੈ।



ਜਦ ਇਹ ਬਿਲ ਸੰਸਦ ਵਿੱਚ ਪੇਸ਼ ਹੋਇਆ ਤਾਂ ਬੰਗਲਾਦੇਸ਼ ਦੇ ਦੋ ਮੰਤਰੀਆਂ ਨੇ ਭਾਰਤ ਦਾ ਦੌਰਾ ਰੱਦ ਕਰ ਦਿੱਤਾ ਸੀ। ਇਸ ਸੋਧ ਦੀ ਵਿਆਪਕ ਤੌਰ 'ਤੇ ਮੁਸਲਮਾਨਾਂ ਨੂੰ ਛੱਡ ਕੇ ਧਰਮ ਦੇ ਅਧਾਰ' ਤੇ ਪੱਖਪਾਤ ਕਰਨ ਦੀ ਅਲੋਚਨਾ ਕੀਤੀ ਗਈ ਹੈ। ਸੁੰਯਕਤ ਰਾਸ਼ਟਰ ਸੰਘ ਨੇ ਵੀ ਇਸ ਕਾਨੂੰਨ ਨੂੰ ਮਨੁੱਖੀ ਅਧਿਕਾਰਾਂ ਦੇ ਵਿਰੋਧੀ ਦੱਸਿਆ ਹੈ ਅਤੇ ਸੰਯੁਕਤ ਰਾਸਟਰ ਦੇ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸਨਰ ਦੇ ਦਫਤਰ ਨੇ ਇਸ ਨੂੰ "ਬੁਨਿਆਦੀ ਤੌਰ 'ਤੇ ਪੱਖਪਾਤੀ" ਕਰਾਰ ਦਿੰਦਿਆਂ ਕਿਹਾ ਕਿ ਹਾਲਾਂਕਿ ਭਾਰਤ ਦੇ "ਸਤਾਏ ਗਏ ਸਮੂਹਾਂ ਨੂੰ ਬਚਾਉਣ ਦਾ ਟੀਚਾ ਸਵਾਗਤਯੋਗ ਹੈ", ਪਰ ਇਸ ਨੂੰ ਇੱਕ ਗੈਰ-ਪੱਖਪਾਤੀ "ਮਜਬੂਤ ਰਾਸਟਰੀ ਸਰਣ ਪ੍ਰਣਾਲੀ" ਰਾਹੀਂ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਬਿਪਤਾ ਦੇ ਸਮੇਂ ਸ਼ਰਨ ਚਾਹੁਣ ਵਾਲੇ ਵਿਅਕਤੀਆਂ ਨੂੰ ਧਰਮ ਦੇ ਆਧਾਰ ਤੇ ਸ਼ਰਨ ਨਾ ਦੇਣਾ, ਨੈਤਿਕਤਾ ਦੇ ਆਧਾਰ ਦੇ ਅਪਰਾਧ ਅਤੇ ਲੋਕਤੰਤਰ ਦੀ ਆਤਮਾ ਨੂੰ ਠੇਸ ਪਹੁੰਚਾਉਣ ਵਾਲਾ ਹੈ ਅਤੇ ਇਸਦੇ ਵਿੱਚੋਂ ਨਾਜ਼ੀਵਾਦੀ ਜਰਮਨੀ ਦੀ ਬੋਅ ਆਉਂਦੀ ਹੈ। ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਕਿ ਐੱਨ.ਪੀ.ਆਰ., ਐੱਨ.ਆਰ.ਸੀ. ਦਾ ਮੂਲ ਆਧਾਰ ਹੈ। ਇਹ ਪੂਰੀ ਪ੍ਰਕਿਰਿਆ ਹੂ-ਬ-ਹੂ ਹਿਟਲਰ ਦੀ ਨਕਲ ਹੈ ਜਦ ਉਸਨੇ 1939-45 ਦੇ ਵਿੱਚ ਯਹੂਦੀਆਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਜਿਊਸ ਬੈਜ ਜਾਰੀ ਕੀਤੇ ਸੀ।

ਸਾਡੇ ਗੁਆਂਢੀ ਦੇਸ਼ ਮਿਆਂਮਾਰ (ਬਰਮਾ) ਵਿੱਚੋਂ 10 ਲੱਖ ਦੇ ਕਰੀਬ ਰੋਹਿੰਗਾ ਮੁਸਲਮਾਨਾਂ ਨੂੰ ਮਾਰ-ਕੁੱਟ ਕੇ ਕੱਢਿਆ ਗਿਆ ਅਤੇ ਪਾਕਿਸਤਾਨ ਵਿੱਚ ਅਹਿਮਦੀਆ ਮੁਸਲਮਾਨਾਂ ਤੇ ਤਸ਼ੱਦਦ ਢਾਹਿਆ ਗਿਆ ਪਰ ਕੇਂਦਰ ਸਰਕਾਰ ਨੂੰ ਮਾਨਵਤਾ ਦੇ ਆਧਾਰ ਤੇ ਇਹਨਾਂ ਤੇ ਕੋਈ ਤਰਸ ਨਹੀਂ ਆਇਆ ਤੇ ਸ਼ਰਨ ਨਹੀਂ ਦਿੱਤੀ, ਸਿਰਫ਼ ਬੰਗਲਾਦੇਸ਼ ਨੇ ਇਹਨਾਂ ਨੂੰ ਸ਼ਰਨ ਦਿੱਤੀ ਜਿਸਦੀ ਅੰਤਰਰਾਸ਼ਟਰੀ ਪੱਧਰ ਤੇ ਤਾਰੀਫ਼ ਕੀਤੀ ਗਈ।

ਦੇਸ਼ ਵਿੱਚ ਇਸ ਕਾਨੂੰਨ ਦੇ ਖਿਲਾਫ ਧਰਨੇ-ਮੁਜਾਹਰੇ ਕੀਤੇ ਜਾ ਰਹੇ ਹਨ। ਇਹ ਕੋਈ ਅੱਤਕੱਥਨੀ ਨਹੀਂ ਕਿ ਜੂਨ 1975 ਤੋਂ ਜਨਵਰੀ 1977 ਦੇ ਵਿੱਚ 19 ਮਹੀਨੇ ਦੇ ਸਮੇਂ ਦੌਰਾਨ ਇੰਦਰਾ ਗਾਂਧੀ ਦੀ ਸਰਕਾਰ ਦੁਆਰਾ ਲਗਾਈ ਗਈ ਐਮਰਜੈਂਸੀ ਤੋਂ ਬਿਨਾਂ ਦੇਖੀਏ ਤਾਂ ਕਦੇ ਵੀ ਭਾਰਤੀ ਸੰਵਿਧਾਨ ਦੇ ਅਨੁਛੇਦ 19 (1) (ੳ) ਵਿੱਚ ਪ੍ਰਾਪਤ ਬੋਲਣ ਦੀ ਆਜਾਦੀ ਦੇ ਅਧਿਕਾਰ ਨੂੰ ਇਹਨੇ ਮਾੜੇ ਤਰੀਕੇ ਨਾਲ ਦਮਨ ਨਹੀਂ ਕੀਤਾ ਗਿਆ ਜਿਸ ਤਰਾਂ ਵਰਤਮਾਨ ਦੌਰ ਵਿੱਚ ਹੋ ਰਿਹਾ ਹੈ, ਇਹ ਲੋਕਤੰਤਰ ਲਈ ਖਤਰਨਾਕ ਹੈ ਅਤੇ ਕੇਂਦਰ ਸਰਕਾਰ ਦੁਆਰਾ ਮਿਲੇ ਜਨਮਤ ਦਾ ਨਿਰਾਦਰ ਹੈ।

ਸਮੇਂ ਦੀ ਲੋੜ ਹੈ ਕਿ ਸੰਬੰਧਤ ਕਾਨੂੰਨ ਦੀ ਪੁਨਰ ਨਜ਼ਰਸਾਨੀ ਕੀਤੀ ਜਾਵੇ ਅਤੇ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਦੇ ਅਹਿਦ ਨਾਲ ਕਿਸੇ ਤਰਾਂ ਦਾ ਸਮਝੌਤਾ ਨਾ ਕੀਤਾ ਜਾਵੇ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com



# 22

## GET FLAT 22 CENTS DISCOUNT AT

TA TravelCenters of America

PETRO Stopping Centers®




## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com